ਵਰਿਆਮ

੩੧ਵਾਂ ਸਾਲ
ਜੁਲਾਈ, ੨੦੦੬



ਜਗਤਾਰ


ਇਕ ਚਿਹਰਾ ਹੈ
ਇਕ ਸਾਗਰ ਹੈ
ਇਕ ਸਹਿਰਾ ਹੈ
ਸਾਹਵੇਂ ਬੈਠੇ ਤਾਂ ਅੱਖੀਆਂ 'ਚੋਂ
ਗੁੰਮ ਜਾਂਦਾ ਹੈ
ਛਲ ਕਰਦਾ ਹੈ
ਓਹਲੇ ਹੋਵੇ ਤਾਂ ਸਹਿਵਨ ਹੀ
ਗੁੰਮ ਸੁੰਮ ਅੱਖੀਆਂ ਦਿਆਂ ਸ਼ੀਸ਼ਿਆਂ ਵਿੱਚ
ਤਰਦਾ ਹੈ...
ਤਲਖ਼ ਜਿਹੀ ਕੋਈ ਗਲ ਕਰਕੇ
ਅਪਣੇ ਅੰਦਰ ਡੁੱਬ ਮਰਦਾ ਹੈ...
ਮੁਸਕਾਵੇ ਤਾਂ ਮੱਥੇ ਦੀ ਤੀੜੀ 'ਚੋਂ
ਚੰਨ ਉਭਰ ਆਉਂਦਾ ਹੈ
ਹਾਸੇ ਅੰਦਰ ਪਛਤਾਉਂਦਾ ਹੈ।

ਕੈਸਾ ਚਿਹਰਾ ਹੈ ਜਿਸ ਉੱਤੇ
ਸੂਰਜ ਨੂੰ ਬੁੱਕਲ ਵਿੱਚ ਲੈ ਕੇ, ਹੌਲੀ ਹੌਲੀ ਤੁਰੇ ਹਨੇਰਾ
ਸੁਪਨਾ ਤੇਜ਼ੀ ਨਾਲ ਗੁਜ਼ਰਦੈ
ਸੁਪਨੇ ਦਾ ਪਰਛਾਵਾਂ ਪਾਣੀ ਬਣ ਜਾਂਦਾ ਹੈ
ਪਾਣੀ ਉੱਤੇ ਤਰਦੀ ਹੈ
ਕਵਿਤਾ ਦੀ ਕਸ਼ਤੀ
ਜਿਸ ਵਿੱਚ ਆਣ ਮਲਕੜੇ ਬਹਿ ਜਾਂਦੇ ਨੇ
ਅੱਖਰ
ਅੱਖਰ,ਅੱਖਰ ਹੋਇਆ ਚਿਹਰਾ
ਚਿੰਤਨ ਦੇ ਖੰਭਾਂ ਤੇ ਚੜ੍ਹ ਕੇ
ਆਪਣੇ ਮੂਲ 'ਚ ਆਪ ਸਮਾਅ ਕੇ
ਦੂਰੇ ਕਿਤੇ ਪਿਛਵਾੜੇ ਵੱਲੇ
ਮਸਤ ਸੂਫ਼ੀਆਂ ਵਿੱਚ ਜਾ ਖੜਦੈ
ਅਪਣੀ ਤਾਂਬੇ ਰੰਗੀ ਰੂਹ ਨੂੰ
ਇਲਮ 'ਚ ਗੁੱਝੀ ਹੁੱਜਤ ਕਰਦੈ।

ਕਦੇ ਕਦਾਈਂ
ਡੂੰਘੇ ਖੂਹ ਵਿੱਚ ਡਿੱਗ ਕੇ ਮੋਈ
'ਦੁੱਧ ਪੱਥਰੀ' ਲਈ ਹੌਕਾ ਭਰਦੈ

'ਰੁੱਖ ਛਾਂਗਿਆ' 'ਸ਼ੀਸ਼ੇ ਦੇ ਜੰਗਲ' ਵਿੱਚ ਭਟਕੇ
ਜੀਕਣ ਇਕ ਪਲ ਅੰਦਰ
ਇਕ ਪੂਰਾ ਯੁਗ ਗ਼ਰਕੇ।


- ਸੁਖਵੰਤ ਚਿਤਰਕਾਰ



ਸ. ਹਰੀ ਸਿੰਘ ਵਡਾਣੀਆਂ

੧੯੧੪-੨੦੦੬ ਈ.

ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਲ ਸਖਾ ਤੇ ਨਾਮਧਾਰੀ
ਪੰਥ ਦੇ ਪ੍ਰਸਿਧ ਸੇਵਕ ਜੋ ੨੫ ਮਈ ੨੦੦੬ ਨੂੰ ਸੰਸਾਰ ਯਾਤਰਾ
ਸੰਪੂਰਨ ਕਰ ਗਏ ਹਨ। (ਲੇਖ ਪੰਨਾ ੧੩ 'ਤੇ)



ਸ. ਹਰੀ ਸਿੰਘ ਵਡਾਣੀਆਂ ਨਮਿਤ ਸ਼ਰਧਾਂਜਲੀ ਸਮਾਰੋਹ ਸਮੇਂ ੩ ਜੂਨ ੨੦੦੬ ਨੂੰ ਥੇਹੜ ਵਡਾਣਾ ਕਰੀਵਾਲਾ ਸਰਸਾ ਵਿਖੇ (ਖੱਬੇ) ਸ. ਸੁਵਰਨ ਸਿੰਘ ਵਿਰਕ ਸ਼ਰਧਾਂਜਲੀ ਅਰਪਨ ਕਰਦੇ ਹੋਏ। ਸਮਾਗਮ ਵਿਚ ਸ਼ਾਮਲ ਸ. ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਨਾਮਧਾਰੀ ਦਰਬਾਰ; ਸ. ਆਤਮਾ ਸਿੰਘ ਗਿੱਲ ਐਮ. ਪੀ. ਸਰਸਾ; ਸ. ਜਸਵਿੰਦਰ ਸਿੰਘ ਹਿਸਟੋਰੀਅਨ; ਸ. ਮਲਕੀਤ ਸਿੰਘ ਖੋਸਾ; ਚੋ. ਰਣਜੀਤ ਸਿੰਘ ਚੌਟਾਲਾ ਸਾਬਕਾ ਐਮ. ਪੀ. ਉਪ ਪ੍ਰਧਾਨ ਹਰਿਆਣਾ ਯੋਜਨਾ ਬੋਰਡ, ਸ. ਅਵਤਾਰ ਸਿੰਘ ਘੁੰਮਣ ਸ. ਬਲਬੀਰ ਸਿੰਘ ਭੁੱਲਰ ਸਪੁੱਤਰ ਸ. ਹਰੀ ਸਿੰਘ ਵਡਾਨਾ, ਅਤੇ ਹੋਰ ਭਾਰੀ ਗਿਣਤੀ ਵਿਚ ਹਾਜ਼ਰ ਸੰਗਤਾਂ ਦਿਖਾਈ ਦੇ ਰਹੀਆਂ ਹਨ।

ਵਰਿਆਮ

ਜੁਲਾਈ-੨੦੦੬

ਜਿਲਦ-੩੧

ਅੰਕ- ੯

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARIAM
ਲਾਡੋਵਾਲੀ ਰੋਡ (ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town, Jalandhar-144001
ਫੋਨ-:੦੧੮੧- ੨੨੨੨੫੪੩	Ph. :0181-2222543 (O)
ਘਰ : ੦੧੮੧-੨੪੫੬੨੮੯	0181-2456289 (R)

ਵਰਿਆਮ ਦੇ ਦਰ

ਇਹ ਅੰਕ	੧੫-੦੦
ਸਲਾਨਾ ਚੰਦਾ	੧੫੦-੦੦
ਪੰਜ ਸਾਲ ਲਈ	੬੦੦-੦੦
ਜੀਵਨ ਮੈਂਬਰ	੧੫੦੦-੦੦
ਵਿਦੇਸ਼ ਲਈ	੨੫ ਪੌਂਡ ਜਾਂ ੩੫ ਡਾਲਰ ਅਮਰੀਕੀ
ਹਵਾਈ ਡਾਕ ਰਾਹੀਂ	ਸਾਲਾਨਾ

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਸੰਪਾਦਕੀ

ਯੁਵਕ ਨਾਮਧਾਰੀਆਂ ਦਾ ਸੰਮੇਲਨ

ਜਦੋਂ ਤੱਕ ਇਹ ਪਰਚਾ ਪਾਠਕਾਂ ਦੇ ਹੱਥਾਂ ਵਿਚ ਹੋਵੇਗਾ ਉਦੋਂ ਤਕ ਸ੍ਰੀ ਭੈਣੀ ਸਾਹਿਬ ਵਿਚ ਨੌਜਵਾਨਾਂ ਦਾ ਵਿਦਿਅਕ ਸੰਮੇਲਨ ਦਾ ਇਕ ਪੜਾਅ ਜਾਂ ਦੋਵੇਂ ਹੀ ਪੂਰੇ ਹੋ ਚੁੱਕੇ ਹੋਣਗੇ। ਵਰਿਆਮ ਨੂੰ ਵਕਤ ਸਿਰ ਭੇਜਣ ਦੀ ਜ਼ਿੰਮੇਵਾਰੀ ਕਰ ਕੇ ਅਸੀਂ ਜੱਥੇ ਦੇ ਵਰਤਮਾਨ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਝੱਲ ਦੇ ਸਨਮਾਨ ਪੂਰਵਕ ਸੱਦੇ ਦਾ ਲਾਭ ਨਹੀਂ ਪ੍ਰਾਪਤ ਕਰ ਸਕੇ। ਇਕਤਾਲੀ ਸਾਲ ਹੋ ਚੁੱਕੇ ਹਨ ਜਦੋਂ ਅਸੀਂ ਪਹਿਲੇ ਸੰਮੇਲਣ ਸਮੇਂ ਸ੍ਰੀ ਭੈਣੀ ਸਾਹਿਬ ਇਕੱਠੇ ਹੋਏ ਸਾਂ। ਸਤਿਗੁਰੂ ਜਗਜੀਤ ਸਿੰਘ ਹੋਰਾਂ ਅਪਣੀ ਗੱਦੀ ਨਸ਼ੀਨੀ ਤੋਂ ਛੇ ਸਾਲ ਬਾਦ ਹੀ ਪੜ੍ਹੇ ਲਿਖੇ ਜਾਂ ਪੜ੍ਹ ਚੁੱਕੇ ਨੌਜਵਾਨਾਂ ਨੂੰ ਸੰਗਠਤ ਕਰ ਦਿਤਾ ਸੀ। ਇਹਨਾਂ ਨੌਜਵਾਨਾਂ ਅਤੇ ਬੱਚਿਆਂ ਵਿਚ ਬੈਠ ਕੇ ਢੇਰ ਸਾਰਾ ਸਮਾਂ ਇਹਨਾਂ ਵਾਸਤੇ ਹੀ ਰਾਖਵਾਂ ਰੱਖਿਆ। "ਵਾਹ ਜਵਾਨੀ ਵਾਹ ਜਵਾਨੀ ਤੇਰੇ ਨਸ਼ੇ ਸੁਹਾਵੇ" ਵਾਲੇ ਦਿਨ ਸਨ। ਨੌਜਵਾਨ ਹਮਾਤੜਾਂ ਦੀਆਂ ਗੁਸਤਾਖੀਆਂ, ਖਰਮਸਤੀਆਂ ਅਤੇ ਜ਼ਿਆਦਤੀਆਂ ਵੀ ਗੁਰੂ ਜੀ ਨੇ ਵਿਚ ਬਹਿ ਕੇ ਬਰਦਾਸ਼ਤ ਕੀਤੀਆਂ ਪਰ ਇਸ ਵਰਗ ਨੂੰ ਪੱਕੇ ਤੌਰ ਤੇ ਅਪਣੇ ਨਾਲ ਜੋੜ ਲਿਆ। ਸਮੇਂ ਨਾਲ ਨਵੀਂ ਲੀਡਰਸ਼ਿਪ ਇਸੇ ਪਨੀਰੀ ਵਿਚੋਂ ਤਿਆਰ ਕੀਤੀ। ਅੱਜ ਨਾਮਧਾਰੀਆਂ ਦੇ ਬਹੁਤੇ ਨੇਤਾ, ਸੂਬੇ, ਸਿਆਸੀ ਸਮਾਜੀ ਤੇ ਧਾਰਮਕ ਲੀਡਰ, ਲੇਖਕ, ਪੱਤਰਕਾਰ, ਬੁਲਾਰੇ, ਖਿਲਾੜੀ ਸੰਗੀਤਕਾਰ ਅਤੇ ਹੋਰ ਵੱਖ-ਵੱਖ ਖੇਤਰਾਂ ਚੋ ਦੇਸ਼ ਵਿਦੇਸ਼ ਦੀਆਂ ਸ਼ਖਸੀਅਤਾਂ ਕਿਸੇ ਨਾ ਕਿਸੇ ਤਰ੍ਹਾਂ, ਇਹਨਾਂ ਵਿਦਿਅਕ ਸੰਮੇਲਨਾਂ ਵਿਚ ਪਰਵਾਨ ਚੜ੍ਹੇ ਹਨ।

ਨੌਜਵਾਨ ਕਿਸੇ ਦੇਸ਼ ਜਾਂ ਭਾਈਚਾਰੇ ਦੀ ਅਸਲ ਸ਼ਕਤੀ ਹੁੰਦੇ ਹਨ। ਪ੍ਰੋ. ਪੂਰਨ ਸਿੰਘ ਨੇ ਇਹਨਾਂ ਨੂੰ "ਅਖੜਖਾਂਦ, ਅਲਬੇਲੇ, ਧੁਰ ਥੀਂ ਸਤਿਗੁਰਾਂ ਦੇ ਆਜ਼ਾਦ ਕੀਤੇ ਇਹ ਬੰਦੇ" ਇਸੇ ਵਾਸਤੇ ਕਿਹਾ ਹੈ। ਨੌਜਵਾਨਾਂ ਦੀ ਸ਼ਕਤੀ ਚੰਗੇ ਅਤੇ ਮਾੜੇ ਪਾਸੇ ਵੀ ਵਿਆਪਕ ਰੂਪ ਵਿਚ ਹੁੰਦੀ ਹੈ। ਸਾਡੇ ਬਹੁਤੇ ਸ਼ਹੀਦ, ਫੌਜਾਂ ਦੇ ਸਿਪਾਹੀ, ਵਡੀਆਂ ਵੱਡੀਆਂ ਫੌਜਾਂ ਦੇ ਜਰਨੈਲ ਇਸ ਨੌਜਵਾਨ ਸ਼੍ਰੇਣੀ ਵਿਚੋਂ ਹੀ ਹੋਏ ਹਨ।

ਇਸ ਨੌਜਵਾਨ ਵਰਗ ਨੂੰ ਜੇ ਸੇਧ ਨਾ ਹੋਏ, ਕੋਈ ਮਰਿਆਦਾ ਨਾ ਹੋਵੇ ਤਾਂ ਇਹ ਉਸ ਕੰਢਿਆਂ ਉਤੋਂ ਹੀ ਵਗਣ ਵਾਲੇ ਦਰਿਆ ਵਾਂਗ ਹੋ ਜਾਂਦਾ ਹੈ ਜੋ ਸਭ ਕੁਝ ਰੋੜ੍ਹ ਕੇ ਲੈ ਜਾਂਦਾ ਹੈ। ਪੰਜਾਬ ਨੇ ਇਸ ਜਵਾਨੀ ਦੇ ਅਥਰੇ ਪਣ ਦਾ ਸੰਤਾਪ ਬੁਰੀ ਤਰ੍ਹਾਂ, ਭੋਗਿਆ ਹੈ। ਜਦੋਂ ਜਵਾਨੀ ਕੋਲ ਕੋਈ ਸਾਰਥਕ ਕੰਮ ਨਹੀਂ ਹੁੰਦਾ ਤਾਂ ਜੋ ਹੁੰਦਾ ਹੈ ਅੱਜ ਦੇ ਭਾਰਤ ਦੀ ਤਸਵੀਰ ਵਿਚੋਂ ਵੇਖਿਆ ਜਾ ਸਕਦਾ ਹੈ। ਇਕ ਪਾਸੇ ਅੱਜ ਕਲ ਮੀਡੀਆ ਇਕ ਪ੍ਰਧਾਨ ਕੇਸ ਰਾਹੁਲ ਮਹਾਜਨ ਦਾ ਹੈ। ਚੰਗੇ ਪ੍ਰਸਿਧ ਖਾਨਦਾਨ ਦਾ ਨੌਜਵਾਨ ਨਸ਼ਿਆਂ ਦੇ ਸੇਵਨ ਦੇ ਚੱਕਰ ਵਿਚ ਫਸਿਆ ਪਿਆ ਹੈ। ਇਕ ਬੰਦੇ ਦੀ ਮੌਤ ਵੀ ਹੋ ਚੁੱਕੀ ਹੈ ਅਤੇ ਬਹੁਤ ਦੂਰ ਤਕ ਇਸ ਕਾਂਡ ਦਾ ਵਿਹੁ ਚੱਕਰ ਫੈਲਿਆ ਸੁਣੀਦਾ ਹੈ।

ਇਕ ਹੋਰ ਤਾਜ਼ਾ ਘਟਨਾ ਕ੍ਰਮ ਵਿਚ ਟੀ.ਵੀ. ਚੈਨਲਾਂ ਅਤੇ ਅਖ਼ਬਾਰਾਂ ਇਕ ਗੌਣ ਨਚਨ ਵਾਲੇ ਪੰਜਾਬੀ ਨੌਜਵਾਨ ਅਤੇ ਨਚਣ ਵਾਲੀ ਨੌਜਵਾਨ ਬੀਬੀ ਦੀਆਂ ਤਸਵੀਰਾਂ, ਖਬਰਾਂ ਤੇ ਵਿਚਾਰ ਚਰਚਾ ਨਾਲ ਭਰੀਆਂ ਹਨ। ਅਸੀਂ ਸਾਰੇ ਕੇਸ ਦੀ ਚੀਰ ਫਾੜ ਤੇ ਇਥੇ ਨਹੀਂ ਕਰਨੀ ਤਾ ਕਿ ਅਸੀ ਵੀ ਉਸੇ ਭੀੜ ਵਿਚ ਸ਼ਾਮਲ ਨਾ ਹੋ ਜਾਈਏ ਪਰ ਇਕ ਗੱਲ ਤਾਂ ਪ੍ਰਤੱਖ ਹੈ ਕਿ ਇਹ ਸਾਰਾ ਕੁਝ ਉਸ ਵਰਤਾਰੇ ਦਾ ਇਕ ਪ੍ਰਤੀਨਿਧ ਰੂਪ ਹੈ ਜੋ ਦੇਸ਼ ਵਿਚ ਫੈਲਿਆ ਹੋਇਆ ਹੈ। ਸ਼ਰਾਬ, ਸ਼ਬਾਬ, ਕਾਮ ਉਕਸਾਊ ਹਰਕਤਾਂ, ਪ੍ਰੋਗਰਾਮਾਂ ਦਾ ਬੋਲ ਬਾਲਾ ਹੈ। ਨਸ਼ਿਆਂ ਦੇ ਸੇਵਨ ਵਿਚ ਦੇਸ਼ ਦੀ ਜਵਾਨੀ ਰੁੜੀ ਜਾ ਰਹੀ ਹੈ। ਹਰ ਵਿਆਹ, ਹਰ ਪਾਰਟੀ ਵਿਚ ਸ਼ਰਾਬ ਦੀ ਪ੍ਰਧਾਨਗੀ ਹੈ। ਗੌਣ ਵਜਾਉਣ ਵਾਲਿਆਂ ਦੀ ਇਕ ਤਗੜੀ ਫੌਜ ਤਿਆਰ ਹੋ ਗਈ ਹੈ। ਹਜ਼ਾਰਾਂ ਲੱਖਾਂ ਨਹੀਂ, ਕਰੋੜਾਂ ਵਿਚ ਮਾਇਆ ਕਮਾਉਣ ਦਾ ਅੰਤਰਾਸ਼ਟਰੀ ਪੱਧਰ ਤੇ ਇਕ ਨਵਾਂ ਸੰਸਾਰ ਪੈਦਾ ਹੋ ਗਿਆ ਹੈ ਜਿਸ ਦੀ ਜ਼ਬਰਦਸਤ ਖਿੱਚ

ਨੌਜਵਾਨ ਵਰਗ ਵਿਚ ਹੈ। ਇਸੇ ਭਟਕਣ ਵਿਚ ਵਿਦੇਸ਼ ਜਾਣ ਦੀ ਲਾਲਸਾ ਅਤੇ ਘਰ ਘਾਟ ਦਾ ਤਿਆਗ ਕਰ ਕੇ ਵਿਦੇਸ਼ਾਂ ਵਿਚ ਜ਼ਿਲਤ ਦੀ ਜ਼ਿੰਦਗੀ, ਕਰੋੜਾਂ ਕਾ ਨੁਕਸਾਨ ਅਤੇ ਕਿਤੇ ਕਿਤੇ ਮੌਤ ਨਾਲ ਗਲਵਕੜੀ ਵੀ ਹੈ। ਇਹ ਇਕ ਬਹੁਤ ਵਿਸ਼ਾਲ ਅਤੇ ਵਖਰਾ ਵਿਸ਼ਾ ਵੀ ਹੈ ਪਰ ਜੜ੍ਹ ਵਿਚ ਨੌਜਵਾਨਾਂ ਦੀ ਭਟਕਣ ਅਤੇ ਮਾਇਆ ਦੀ ਘਿਨਾਉਣੀ ਅਤੇ ਗੰਦੀ ਖੇਡ ਹੈ। ਗੁਰੂ ਅਰਜਨ ਦੇਵ ਜੀ ਨੇ ਮਾਇਆ ਦੀ ਇਸ ਪ੍ਰਕਿਰਿਆ ਨੂੰ ਇਕ ਸ਼ਬਦ ਵਿਚ ਬਿਆਨ ਵੀ ਕੀਤਾ ਹੈ।

"ਮਾਖੀ ਰਾਮ ਕੀ ਤੂ ਮਾਖੀ॥ ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ"॥

ਗਲ ਨੂੰ ਸੰਖੇਪ ਕਰਦਿਆਂ ਅਸੀਂ ਇਹ ਆਖ ਸਕਦੇ ਹਾਂ ਕਿ ਅੱਜ ਦੇਸ਼ ਦਾ ਹਰ ਨੇਤਾ ਨੌਜਵਾਨ ਵਰਗ ਦੀ ਇਸ ਹਾਲਤ ਅਤੇ ਤ੍ਰਾਸਦੀ ਦਾ ਜ਼ਿਕਰ ਕਰਦਾ ਹੈ ਪਰ ਕਿਸੇ ਕੋਲ ਇਸ ਸਮਸਿਆ ਦਾ ਤੋੜ ਨਹੀਂ। ਜਿਨ੍ਹਾਂ ਲੋਕਾਂ ਨੇ ਇਸ ਨੂੰ ਰੋਕਣਾ ਹੈ, ਜੋ ਦੇਸ਼ ਦੇ ਸਿੱਕੇ ਬੰਦ ਨੇਤਾ ਹਨ ਜੇ ਉਹ ਖੁਦ ਆਪ ਹੀ ਨਸ਼ੇ ਅਤੇ ਸੈਕਸ ਦੇ ਸਕੈਂਡਲਾਂ ਵਿਚ ਗਲ-ਗਲ ਖੁਭੇ ਹੋਣ ਤਾਂ ਬਚੇ ਬਚਾਵੇ ਰਾਮ ਵਾਲੀ ਹਾਲਤ ਹੀ ਬਣ ਜਾਂਦੀ ਹੈ।

ਇਸ ਪਰਸੰਗ ਵਿਚ ਹੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕਾਰਨਾਮਾਂ ਇਕ ਕਰਾਮਾਤ ਦੀ ਥਾਂ ਲੈਂਦਾ ਹੈ। ਕੁਝ ਬੱਚੇ ਤਾਂ ਉਹਨਾਂ ਨੇ ਸੰਗੀਤ ਵਿਚ ਪਾਏ ਅਤੇ ਭਾਰਤ ਦੇ ਸਭ ਸ਼੍ਰੇਸ਼ਟ ਸ਼ਾਸਤਰੀ ਸੰਗੀਤਕਾਰਾਂ ਦੀ ਕਲਾ ਸ਼ੈਲੀ ਅਤੇ ਗੁਣ ਆਪਣੇ ਨੌਜਵਾਨਾਂ ਵਿਚ ਸੰਚਾਰਤ ਕਰਕੇ ਸੁਰੱਖਿਅਤ ਕਰ ਲਏ ਹਨ। ਕੁਝ ਜਵਾਨੀ ਉਹਨਾਂ ਖੇਡਾਂ ਵਿਚ ਪਾਰੰਗਤ ਕੀਤੀ ਹੈ। ਅਥਲੈਟਿਕਸ ਤੋਂ ਲੈ ਕੇ ਬੈਡਮਿੰਟਨ ਅਤੇ ਹਾਕੀ ਵਰਗੀਆਂ ਖੇਡਾਂ ਵਿਚ ਭਾਰਤ ਪੱਧਰ ਦੀ ਕਲਾ ਕੌਸ਼ਲਤਾ ਇਹਨਾਂ ਨੌਜਵਾਨਾਂ ਵਿਚ ਲਗਾਤਾਰ ਯਤਨਾਂ ਨਾਲ ਪੈਦਾ ਕੀਤੀ ਹੈ। ਸਤਿਗੁਰੂ ਜੀ ਆਪ ਹੁਣ ਵੀ ਸਿਹਤ ਦੀ ਪਰਵਾਹ ਨਾ ਕਰਦਿਆਂ ਹਰ ਰੋਜ਼ ਖੇਡ ਮੈਦਾਨ ਦਾ ਚੱਕਰ ਜ਼ਰੂਰ ਲਾਉਂਦੇ ਹਨ ਅਤੇ ਹਜ਼ੂਰੀ ਸੇਵਕਾਂ ਦਾ ਜੱਥਾ ਵੀ ਵਾਲੀ ਬਾਲ ਖੇਡਦਾ ਹੈ।

ਭੈਣੀ ਸਾਹਿਬ ਜਿੱਥੇ ਕਦੇ ਰੇਤ ਦੇ ਟਿੱਬੇ ਹੁੰਦੇ ਸਨ ਅਤੇ ਮੂੰਗਫਲੀ ਪੈਦਾ ਹੁੰਦੀ ਸੀ ਹੁਣ ਗੁਲਜ਼ਾਰ ਬਣਿਆ ਪਿਆ ਹੈ। ਇਕ ਮਾਡਰਨ ਸ਼ਹਿਰ ਦਾ ਭੁਲੇਖਾ ਵੀ ਪਾਉਂਦਾ ਹੈ। ਉਥੇ ਹਾਕੀ ਵਾਸਤੇ ਐਸਟਰੋ ਟਰਫ ਵਛਾਈ ਗਈ ਹੈ ਜੋ ਕਿਸੇ ਪਿੰਡ ਵਿਚ ਪਹਿਲੀ ਪ੍ਰਾਈਵੇਟ ਟਰਫ ਹੈ। ਇਸੇ ਪਰਸੰਗ ਵਿਚ ਪਰਸਿਧ ਨਾਮਧਾਰੀ ਨੌਜਵਾਨ ਹਰਪਾਲ ਸਿੰਘ, ਦੀਦਾਰ ਸਿੰਘ, ਸਰਦਾਰ ਸਿੰਘ ਅਤੇ ਹੋਰ ਨੌਜਵਾਨ ਨਾਮਧਾਰੀਆਂ ਵੱਲੋਂ ਭਾਰਤੀ ਹਾਕੀ ਟੀਮ ਵਿਚ ਗੁਰਮੁਖੀ ਦਸਤਾਰਾਂ ਨਾਲ ਭਾਰਤੀ ਹਾਕੀ ਵਿਚ ਉਚੀਆਂ ਟੀਸੀਆਂ ਨੂੰ ਛੋਹਣਾ ਦੇਖਿਆ ਜਾ ਸਕਦਾ ਹੈ। ਸਬਬ ਵਸ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਅੰਮ੍ਰਿਤਸਰ ਵਿਚ ਖਾਲਸਾ ਸਪੋਰਟਸ ਮੀਟ ਵਿਚ ਹਰਪਾਲ ਸਿੰਘ ਨਾਮਧਾਰੀ ਨੂੰ ਸਨਮਾਨਿਤ ਕੀਤਾ ਗਿਆ ਹੈ। ਇਹ ਸੁਆਗਤ ਯੋਗ ਗੱਲ ਹੈ।

ਭਾਰਤੀ ਸੰਚਾਰ ਮੀਡੀਆ ਨੂੰ ਮੀਕਿਆਂ, ਰਾਖੀਆਂ ਅਤੇ ਫਿਲਮੀ ਸਮਾਗਮਾਂ ਦੀ ਰਿਪੋਰਟਿੰਗ ਤੋਂ ਵੇਹਲ ਨਹੀ ਉਨ੍ਹਾਂ ਕਿਥੇ ਕਿਤੇ ਸਾਰਥਿਕ ਗੱਲ ਦੀ ਰਿਪੋਟਿੰਗ ਕਰਨੀ ਹੈ! ਜਿਥੇ ਸਭ ਕੁਝ ਵਪਾਰਕ ਹੋਇਆ ਪਿਆ ਹੈ, ਪੈਸੇ ਖਰਚੋ ਅਤੇ ਅਪਣੇ ਸਮਾਗਮਾਂ ਦੀਆਂ ਦੀਵਾਨਾਂ ਦੀਆਂ ਰਿਪੋਰਟਾਂ ਟੈਲੀਕਾਸਟ ਕਰਾ ਲਵੋ, ਉਥੇ ਭੈਣੀ ਸਾਹਿਬ ਦੀਆਂ ਸਰਗਰਮੀਆਂ ਲਈ ਥਾਂ ਕਿਥੇ ? ਵੈਸੇ ਵੀ ਨਾਮਧਾਰੀ ਸਮਾਜ ਪਰਚਾਰ ਪੱਖੋਂ ਇਕ ਸੰਗਾਊ ਸਮਾਜ ਹੈ।

ਵਿਦਿਅਕ ਜੱਥੇ ਦੀਆਂ ਸਰਗਰਮੀਆਂ ਬਾਰੇ ਬਹੁਤ ਕੁਝ ਕਿਹਾ ਜਾ ਸਕਦਾ ਹੈ। ਬਹੁਤ ਕੁਝ ਹੋਰ ਹੋਣ ਦੀ ਗੁੰਜਾਇਸ਼ ਵੀ ਹੈ ਪਰ ਅਸੀਂ ਇਸ ਦੇ ਵਰਤਮਾਨ ਪ੍ਰਧਾਨ ਸਾਹਿਬ ਸੂਬਾ ਝੱਲ ਹੋਰਾਂ ਤ੍ਰੇ ਉਹਨਾਂ ਦੇ ਸਹਿਯੋਗੀਆਂ ਅਤੇ ਇਸਤ੍ਰੀ ਜਥੇ ਦੀ ਪ੍ਰਧਾਨ ਬੀਬੀ ਸੁਖਜੀਤ ਕੌਰ ਅਤੇਂ ਉਹਨਾਂ ਦੀਆਂ ਬਾਹਿੰਮਤ ਸਾਥਨਾਂ ਦੀ ਪਰਸੰਸਾ ਕਰਦੇ ਹਾਂ ਅਤੇ ਵਧਾਈ ਦਿੰਦੇ ਹਾਂ ਕਿ ਉਹਨਾਂ ਨੇ ਸਰਗਰਮੀ ਨਾਲ ਨਾਮਧਾਰੀ ਯੁਵਕਾਂ ਅਤੇ ਯੁਵਤੀਆਂ ਨੂੰ ਅਪਣੇ ਕੇਂਦਰ ਨਾਲ ਜੋੜਣ ਲਈ ਅਨਥੱਕ ਘਾਲਨਾ ਘਾਲੀ ਹੈ।

—ਜਗਦੀਸ਼ ਸਿੰਘ ਵਰਿਆਮ

ਪ੍ਰੇਮ ਹੀ ਸਰਬੋਤਮ ਹੈ

—ਮਹਿਮਾ ਸਿੰਘ ਤੂਰ

ਸਾਚੁ ਕਹੋ ਸੁਨ ਲੇਹੁ ਸਭੈ
ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪ੍ਰਭੂ ਰੂਪੀ ਸ਼ਕਤੀ ਪ੍ਰਾਪਤ ਕਰਨ ਲਈ ਸਾਰਿਆਂ ਨੂੰ ਇਸ ਪ੍ਰੇਮ ਰੂਪੀ ਫ਼ਲਸਫ਼ੇ ਦੀ ਸ਼ਕਤੀ ਜ਼ਾਹਰ ਕੀਤੀ ਹੈ। ਪ੍ਰੇਮ ਰੂਪੀ ਮੂਲ-ਮੰਤਰ ਸਾਨੂੰ ਬਖਸ਼ਿਆ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਇਸ ਪ੍ਰੇਮ ਦਾ ਸੋਮਾ ਕੀ ਹੈ? ਪ੍ਰਭੂ ਨਾਲ ਪ੍ਰੇਮ ਵੀ ਮਾਨਵਤਾ ਨਾਲ ਪ੍ਰੇਮ ਵਧਾ ਕੇ ਹੀ ਵਧਾਇਆ ਜਾ ਸਕਦਾ ਹੈ। ਫਿਰ ਇਸ ਮਾਨਵੀ ਪ੍ਰੇਮ ਨੂੰ ਕਿਸ ਵਿਧੀ ਨਾਲ ਵਿਗਸਤ ਕੀਤਾ ਜਾਵੇ? ਮੇਰਾ ਮਨ ਇਸ ਗੱਲ ਦੀ ਸਹਿਤੀ ਦਿੰਦਾ ਹੈ ਕਿ ਮਨੁੱਖੀ ਮਨ ਦੀ ਸੁਚੇਤ-ਅਚੇਤ ਕੋਈ ਹੋਂਦ ਹੈ ਤਾਂ ਫਿਰ ਮਨੁੱਖੀ ਮਨਾਂ ਵਿਚ ਪ੍ਰੇਮ ਦੀ ਹੋਂਦ ਵੀ ਇਕ ਸੱਚਾਈ ਹੈ।

ਮਨੁੱਖ ਇਕ ਅਜਿਹਾ ਜੀਵ ਹੈ ਜੋ ਅਤਿ ਸੂਖਮ ਮਨ ਦੇ ਨਾਲ ਨਾਲ ਬੜੀ ਤੇਜ਼ ਬੁੱਧੀ ਦਾ ਵੀ ਮਾਲਕ ਹੈ। ਇਸ ਕਰ ਕੇ ਮਨੁੱਖ ਦੀ ਸਮਰੱਥਾ ਅਸਧਾਰਨ ਹੈ। ਇਸੇ ਕਰਕੇ ਉਹ ਤਰਕਸ਼ੀਲ ਵੀ ਹੈ, ਦੂਰ-ਅੰਦੇਸ਼ ਵੀ ਹੈ। ਜੋ ਵਧੇਰੇ ਸਮਰੱਥ ਹੁੰਦੇ ਹਨ ਉਹੋ ਹੀ ਆਪਣੇ ਪ੍ਰਤੀ ਅਤੇ ਦੂਜਿਆਂ ਪ੍ਰਤੀ ਵੀ ਆਪਣੀ ਜ਼ਿੰਮੇਵਾਰੀ ਠੀਕ ਤਰ੍ਹਾਂ ਨਿਭਾਉਣ ਦੇ ਯੋਗ ਹੁੰਦੇ ਹਨ। ਮਨੁੱਖ ਦੀ ਜ਼ਿੰਮੇਵਾਰੀ ਇਸ ਤੋਂ ਅੱਗੇ ਜਾ ਕੇ ਦੂਸਰੇ ਚੇਤਨ ਜੀਵਾਂ ਪ੍ਰਤੀ ਵੀ ਹੈ।

ਉਹ ਲੋਕ ਜਿਹੜੇ ਆਪਣੀ ਤੇਜ਼-ਬੁੱਧੀ ਅਤੇ ਸਮਰੱਥਾ ਨੂੰ ਸਿਰਫ਼ ਖੁਦ ਲਈ ਲਾਭ ਉਠਾਉਣ ਵਾਸਤੇ ਦੂਜਿਆਂ ਦੇ ਹੱਕਾਂ ਦੀ ਅਯੋਗ ਵਰਤੋਂ ਕਰਦੇ ਹਨ, ਲੋਕਾਈ ਲਈ ਵਿਨਾਸ਼ਕਾਰੀ ਹਾਲਾਤ ਸਿਰਜਦੇ ਹਨ। ਆਖ਼ਰਕਾਰ ਉਨ੍ਹਾਂ ਨੂੰ ਕੋਈ ਡੂੰਘਾ ਪਛਤਾਵਾ, ਕੋਈ ਬੇ-ਆਰਾਮੀ ਜ਼ਰੂਰ ਘੇਰ ਲੈਂਦੀ ਹੈ। ਔਰੰਗਜ਼ੇਬ, ਹਿਟਲਰ ਅਤੇ ਐਟਮੀ-ਬੰਬਾਂ ਵਾਲੇ ਜਹਾਜ਼ਾਂ ਦੇ ਚਾਲਕ ਇਸ ਗੱਲ ਦੀ ਪ੍ਰਤੱਖ ਉਦਾਹਰਣ ਹਨ।

ਜਦੋਂ ਤੱਕ ਮਨੁੱਖ ਦੀ ਜ਼ਮੀਰ ਜਾਗਦੀ ਰਹਿੰਦੀ ਹੈ ਤਾਂ ਉਸ ਦੇ ਲਹੂ ਵਿਚ ਸੱਚ ਲਈ ਕੋਈ ਕਦਰ ਜ਼ਰੂਰ ਮੌਜੂਦ ਹੁੰਦੀ ਹੈ। ਸੱਚੇ ਪ੍ਰੇਮ ਭਰੇ ਅਮਲ ਦੀ ਤਾਂ ਛੋਟੇ ਮੋਟੇ ਜੰਤੂ ਵੀ ਪ੍ਰਤੱਖ ਉਦਾਹਰਣ ਹਨ। ਇਸੇ ਲਈ ਦਇਆ ਅਤੇ ਇਮਾਨਦਾਰੀ ਦੀ ਹੋਂਦ ਹੈ ਕਿ ਹਰ ਚੰਗਾ ਮਨੁੱਖ ਆਪਣੇ ਨਾਲ-ਨਾਲ ਕਿਸੇ ਹੋਰ ਨਾਲ ਵੀ ਛਲ-ਕਪਟ ਨੂੰ ਚੰਗਾ ਨਹੀਂ ਸਮਝਦਾ। ਕਿਉਂਕਿ ਮਨ ਦੀ ਸ਼ਾਂਤੀ ਬਣਾਈ ਰੱਖਣ ਦਾ ਸਭ ਦਾ ਅਧਿਕਾਰ ਹੈ। ਹਰ ਕੋਈ ਖੁਸ਼ ਰਹਿਣਾ ਚਾਹੁੰਦਾ ਹੈ ਕਿਸੇ ਨਾਲ ਕੀਤੇ ਧੋਖੇ ਦਾ ਹਰ ਕਿਸੇ ਨੂੰ ਅਵੇਰ-ਸਵੇਰ ਪਤਾ ਲਗ ਹੀ ਜਾਂਦਾ ਹੈ। ਦੂਜਿਆਂ ਪ੍ਰਤੀ ਹਮਦਰਦੀ, ਫਿਕਰਮੰਦੀ ਅਤੇ ਉਨ੍ਹਾਂ ਦਾ ਦੁੱਖ, ਸੰਭਵ ਹੱਦ ਤੱਕ ਦੂਰ ਕਰਨ ਦੀ ਕੋਸ਼ਿਸ਼ ਕਰਨੀ ਹੀ ਅਸਲੀ ਪ੍ਰੇਮ-ਭਾਵਨਾ ਅਤੇ ਸੱਚੀ ਦਇਆ ਹੈ। ਯੋਗ ਅਤੇ ਸੱਚੀ ਦਇਆ ਮਨੁੱਖਾਂ ਅਤੇ ਹੋਰ ਜੀਵਾਂ ਪ੍ਰਤੀ ਮਾਨਵ ਹੋਣ ਕਾਰਨ ਸਾਡੀ ਬਣਦੀ ਸਹੀ ਜ਼ਿੰਮੇਵਾਰੀ ਦਾ ਅਹਿਸਾਸ ਕਰ ਕੇ ਅਮਲ ਕਰਨ ਵਿਚ ਹੈ। ਦੂਸਰਿਆਂ ਦਾ ਵੀ ਦੁੱਖਾਂ ਤੋਂ ਮੁਕਤ ਹੋਣ 'ਤੇ ਪ੍ਰਸੰਨ ਹੋਣ ਦਾ ਉਸੇ ਤਰ੍ਹਾਂ ਅਧਿਕਾਰ ਹੈ ਜਿਵੇਂ ਸਾਡਾ ਹੈ। ਜਿਵੇਂ ਅਸੀਂ ਦੂਸਰਿਆਂ ਦਾ ਸਹਿਯੋਗ ਚਾਹੁੰਦੇ ਹਾਂ, ਉਹ ਵੀ ਚਾਹੁੰਦੇ ਹਨ।

ਜਨਮ ਵੇਲੇ ਅਸੀਂ ਭਾਵੇਂ ਹਰ ਵਾਦ ਅਤੇ ਹਰ ਧਰਮ ਤੋਂ ਮੁਕਤ ਹੁੰਦੇ ਹਾਂ, ਇਹ ਕੁਝ ਅੱਗੇ ਚੱਲ ਕੇ ਹਾਲਾਤ ਮੁਤਾਬਕ ਮਨ ਵਿਚ ਪ੍ਰਵੇਸ਼ ਕਰਦਾ ਹੈ। ਪਰ ਜਨਮ ਵੇਲੇ ਵੀ ਬੱਚਾ ਪ੍ਰੇਮ ਭਾਵਨਾ ਤੋਂ ਮੁਕਤ ਨਹੀਂ ਹੁੰਦਾ। ਦਰਅਸਲ ਪ੍ਰੇਮ-ਭਾਵਨਾ ਤੋਂ ਬਿਨਾ ਬੱਚਾ ਜਿਉਂਦਾ ਹੀ ਨਹੀਂ ਰਹਿ ਸਕਦਾ। ਜਿਸ ਪਰਿਵਾਰ ਵਿਚ ਵੀ ਅਸਲੀ ਮਨੁੱਖੀ ਪ੍ਰੇਮ ਅਤੇ ਦਇਆ ਦਾ ਵਾਸਾ ਹੈ, ਉਥੇ ਹੀ ਬੱਚੇ ਪ੍ਰਸੰਨ ਰਹਿ ਕੇ ਸਫ਼ਲ ਮਨੁੱਖ ਵਜੋਂ ਪਰਵਾਨ ਚੜ੍ਹ ਸਕਦੇ ਹਨ।

—ਤੂਰ ਨਿਵਾਸ, ਹਲਵਾਰਾ
141107 (ਲੁਧਿਆਣਾ)

ਸਦਭਾਵਨਾ ਦਾ ਸਫਰ

—ਗੁਰੂਬਚਨ ਸਿੰਘ ਨਾਮਧਾਰੀ

ਮਨੁੱਖੀ ਵਿਕਾਸਸ਼ੀਲਤਾ ਨਿਰੰਤਰ ਪ੍ਰਵਾਹਿਤ ਹੋ ਰਹੀ ਹੈ ਸਦਭਾਵਨਾ ਦੇ ਦੋ ਕੰਢਿਆਂ ਦੇ ਵਿਚਕਾਰ, ਵਗਦੀ ਹੋਈ ਨਦੀ ਵਾਂਗ। ਦੋ ਕਿਨਾਰੇ ਸਲਾਮਤ ਰਹਿਣ, ਹਜ਼ਾਰਾਂ ਮੀਲ ਦਾ ਸਫਰ ਅਬਾਧ ਚਲਦਾ ਰਹਿੰਦੈ। ਰੱਬ ਨਾ ਕਰੇ, ਇਕ ਕਿਨਾਰਾ ਢਹਿ ਜਾਏ ਤਾਂ ਤਬਾਹੀ ਦਾ ਸਬੱਬ ਬਣ ਜਾਂਦੈ, ਇਲਾਕੇ ਦੀ ਵਸੋਂ ਲਈ ਭਿਆਨਕ ਤ੍ਰਾਸਦੀ ਬਣਾ ਜਾਂਦੈ।

ਸਦਭਾਵਨਾ ਦਾ ਸਫਰ, ਮਨੁੱਖੀ ਵਿਕਾਸ ਦੇ ਮੁੱਢ ਤੋਂ ਆਰਭ ਹੋਇਆ ਲੱਖਾਂ ਸਾਲ ਮਨੁੱਖ ਨਿਹੱਥਾ, ਸ਼ੇਰਾਂ ਬਘਿਆੜਾਂ ਜਿਹੇ ਜੰਗਲੀ ਜਾਨਵਰਾਂ ਨਾਲ ਲੜਦਾ ਰਿਹਾ। ਖੂੰਖਾਰ ਜਾਨਵਰਾਂ ਦੇ ਤੇਜ ਨਹੁੰਆਂ ਅਤੇ ਨੁਕੀਲੇ ਦੰਦਾਂ ਦਾ ਪ੍ਰਤੀਕਾਰ ਢੂੰਢਦਾ ਰਿਹਾ। ਕੱਲਾ-ਕੱਲਾ ਹਰ ਮਨੁੱਖ ਜਾਨਵਰਾਂ ਤੋਂ ਸੁਰਖਿਆ ਦੇ ਸਾਧਨ ਭਾਲਦਾ ਰਿਹਾ। ਵਿਕਸਾਵਾਦ ਦੇ ਮਾਹਿਰ ਕਹਿੰਦੇ ਹਨ, ਆਪਣੀ ਸੁਰੱਖਿਆ ਲਈ ਜਿਹੜਾ ਪਹਿਲਾ ਪ੍ਰਯੋਗ ਮਨੁੱਖੀ ਦਿਮਾਗ ਨੇ ਕੀਤਾ ਉਹ " ਜਮਾਤ" ਸੀ। ਜਮਾਤ ਜਾਂ ਸਮੂਹਕ ਸ਼ਕਤੀ ਨਾਲ ਕਿਸੇ ਹਿੰਸਕ ਜਾਨਵਰ ਦਾ ਮੁਕਾਬਲਾ, ਬੜਾ ਸਉਖਾ ਸੀ। ਇਕੱਠ ਵਿਚ ਰਹਿਣ ਵਾਲਾ ਮਨੁੱਖ ਹੁਣ ਆਪਣੇ ਆਪ ਨੂੰ ਪਹਿਲਾਂ ਤੋਂ ਜਿਆਦਾ ਸੁਰਖਿਅਤ ਸਮਝਣ ਲਗਾ ਅਤੇ ਇਹ ਜਮਾਤ ਕਰਾਮਾਤ ਬਣ ਕੇ ਕਬੀਲਿਆਂ, ਟੋਲਿਆਂ, ਸਮਾਜ ਅਤੇ ਰਾਸ਼ਟਰ ਵਿਚ ਤਬਦੀਲ ਹੋਈ। "ਸਦਭਾਵਨਾ" ਦਾ ਇਹ ਪਹਿਲਾ ਪ੍ਰਯੋਗ ਸੀ। ਅੱਗੇ ਚਲ ਕੇ ਇਸੇ ਮਨੁੱਖੀ ਜਮਾਤ ਦੇ ਸਹਿਕਾਰ ਨਾਲ ਤਲਵਾਰਾਂ, ਨੇਜੇ ਬਰਛੀਆਂ ਆਦਿ ਤੋਂ ਲੈ ਕੇ ਬੰਦੂਕਾਂ ਤੋਪਾਂ ਅਤੇ ਅਜੋਕੇ ਯੁਗ ਦੇ ਮਾਰੂ ਹਥਿਆਰਾਂ ਸਹਿਤ ਸੁਰੱਖਿਆ-ਸਾਧਨਾਂ ਦਾ ਅਵਿਸ਼ਕਾਰ ਕੀਤਾ। ਮਨੁੱਖੀ ਸਦਭਾਵਨਾ ਬਣੀ ਰਹੀ , ਤਾਂ ਵਿਕਾਸ ਦੀ ਧਾਰਾ ਪ੍ਰਭਾਵਿਤ ਹੁੰਦੀ ਰਹੀ। ਪਰ ਇਹ ਭੀ ਇਤਹਾਸਕ ਸੱਚ ਹੈ ਕਿ ਜਦੋਂ ਵੀ ਸਦਭਾਵਨਾ ਦਾ ਕੋਈ ਕਿਨਾਰਾ ਟੁੱਟਿਆ ਤਾਂ ਮਨੁੱਖੀ ਸਮਾਜ ਤੇ ਕਿਆਮਤ ਬਰਸੀ। ਆਪਸ ਦਾ ਵਿਸ਼ਵਾਸ ਟੁੱਟਿਆ ਤਾਂ ਰਿਸ਼ਤਿਆਂ ਦੀ ਮਾਨਤਾ ਬਦਲੀ... ਜੀਵਨ ਦੇ ਮਕਸਦ ਬਦਲੇ। ਸਕੇ ਭਰਾਵਾਂ ਨੇ ਵੈਰੀਆਂ ਨਾਲ ਹੱਥ ਮਿਲਾਏ... ਘਰ ਦੇ ਭੇਤੀਆਂ ਨੇ ਆਪਣੀ ਹੀ ਲੰਕਾ ਸੜਵਾ ਕੇ ਤਮਾਸ਼ੇ ਵੇਖੇ। ਮਨੁੱਖੀ ਸਮਾਜ ਕਈ ਵਾਰ ਉਜੜਿਆ ਤੇ ਕਈ ਵਾਰ ਵਸਿਆ। ਸਦਭਾਵਨਾ ਕਈ ਵਾਰ ਜ਼ਖਮੀ ਹੋਈ, ਅਪਣਿਆਂ ਹਥੋਂ ਲਹੂ-ਲੁਹਾਨ ਹੋਈ। ਪਰ ਸਕੂਨ ਵਾਲੀ ਗੱਲ ਹੈ ਕਿ ਸਮਾਜਕ ਸਮਰਸਤਾ ਦੇ ਸ਼ਿਲਪਕਾਰਾਂ ਨੇ ਟੁੱਟੇ-ਕੰਢਿਆਂ ਨੂੰ ਬਾਰ-ਬਾਰ ਜੋੜਿਆ ਅਤੇ ਸਾਂਝੀਵਾਲਤਾ ਦੀ ਸਰਿਤਾ ਨੂੰ ਗਤੀਸ਼ੀਲ ਰੱਖਿਆ, ਸਦਭਾਵਨਾ ਦਾ ਸਫਰ ਜਾਰੀ ਰੱਖਿਆ।

ਖੁਦਗਰਜ਼ੀ ਅਤੇ ਈਰਖਾ ਤੋਂ ਆਹਤ ਕੁਝ ਲੋਗ ਆਪਣੇ ਹੀ ਸਮਾਜ ਨੂੰ ਤੋੜਦੇ, ਭੰਨਦੇ ਅਤੇ ਵੰਡਦੇ ਰਹੇ। ਉਦੋਂ ਵੀ ਜਦੋਂ ਸਨ ੭੧੨ ਵਿਚ ਮੁਹੰਮਦ ਬਿਨ ਕਾਸਿਮ ਦਾ ਸਿੰਧ ਤੇ ਪਹਿਲਾ ਬਦੇਸ਼ੀ ਹਮਲਾ ਹੋਇਆ। ਸਵਾਰਥ ਅਤੇ ਈਰਖਾ ਵਿਚ ਵੰਡੇ ਹੋਇ ਆਪਣੇ ਹੀ ਸ਼ਕਤੀਸ਼ਾਲੀ ਰਿਆਸਤਦਾਰ ਰਾਜਾ ਧੀਰ ਦੀ ਹਾਰ ਅਤੇ ਦੋ ਰਾਜਕੁਮਾਰੀਆਂ ਦੀ ਬੇਪਤੀ ਦੇ ਤਮਾਸ਼ਾਈ ਬਣੇ ਰਹੇ। ਉਦੋਂ ਵੀ ਜਦੋਂ ਸਨ ੧੬੦੮ ਵਿਚ ਕਪਤਾਨ ਹਾਕਿਨਸ, ਪਹਿਲਾਂ ਅੰਗਰੇਜ਼ੀ ਜਹਾਜ "ਹੈਕਟਰ" ਲੈ ਕੇ ਸੂਰਤ ਬੰਦਰਗਾਹ ਤੇ ਆਇਆ ਅਤੇ ਰਾਜ ਦੇ ਕੁਝ ਖੁਦਗਰਜ਼ ਲੋਕਾਂ ਦੀ ਮਾਰਫਤ ਜਹਾਂਗੀਰ ਬਾਦਸ਼ਾਹ ਤੋਂ ਅੰਗਰੇਜ਼ੀ ਕਲੋਨੀ ਬਨੋਣ ਦੀ -ਮੰਜ਼ੂਰੀ ਲਈ। ਅਤੇ ਉਦੋਂ ਵੀ ਜਦੋਂ ਸਨ ੧੭੫੭ ਵਿਚ ਬੰਗਾਲ ਦੇ ਨਵਾਬ ਸਿਰਾਜਉਲਦੋਲਾ ਅਤੇ ਅੰਗਰੇਜ਼ਾ ਵਿਚ ਪਹਿਲੀ ਲੜਾਈ "ਪਲਾਸੀ ਦੀ ਜੰਗ" ਹੋਈ ਅਤੇ ਵਿਚਾਰਾਂ ਦੇ ਨਾਂ ਤੇ ਵੰਡੇ ਹੋਇ ਆਪਣਿਆਂ ਦੀ ਹੀ ਵਿਰੋਧਤਾ ਅਤੇ ਮੀਰ ਜਾਫਰ ਦੀ ਗੱਦਾਰੀ ਕਾਰਨ, ਨਵਾਬ ਦੀ ਹਾਰ ਹੋਈ ਅਤੇ ਅੰਗਰੇਜ਼ਾਂ ਦੇ ਪੈਰ ਪੱਕੇ ਹੋ ਗਏ। ਇਸੇ ਮਤਲਬਪ੍ਰਸਤੀ ਅਤੇ ਮੱਕਾਰੀ ਕਰਕੇ ਸੰਗਰਾਮ ਸਿੰਘ ਬਾਬਰ ਤੋਂ, ਪ੍ਰਿਥਵੀ ਰਾਜ ਚੋਹਾਨ ਮੁਹੰਮਦ ਗੋਰੀ ਤੋਂ ਮਾਤ ਖਾ ਗਿਆ। ਇਸੇ ਚੰਦਰੀ ਫੁਟ ਦਾ ਮਾਰਿਆ ਮਹਾਰਾਣਾ ਪ੍ਰਤਾਪ ਚਿਤੌੜ ਤੋਂ ਬੇਦਖਲ ਹੋਇਆ ਅਤੇ ਇਸੇ ਖੁਦਗਰਜ਼ੀ ਨੇ ਸੰਨ ੧੮੪੫ ਨੂੰ ਹੋਈ ਮੁਦਕੀ ਦੀ ਜੰਗ ਵਿਚ (ਮਿਸਰ ਲਾਲ ਸਿੰਘ ਅਤੇ ਮਿਸਰ ਤੇਜਾ ਸਿੰਘ ਦੀ ਗੱਦਾਰੀ ਕਾਰਨ) ਅਜਿੱਤ ਸਮਝੀ ਜਾਣ ਵਾਲੀ ਸਿੱਖ ਫੌਜ ਅੰਗਰੇਜ਼ਾਂ ਤੋਂ ਜਿਤੀ ਹੋਈ ਜੰਗ,

ਹਾਰ ਗਈ। ਜਿਸ ਮੁਲਕ ਦੇ ਸਿਰ ਤੇ ਹਿਮਾਲਾ ਦਾ ਤਾਜ ਹੋਵੇ, ਬੰਗਾਲ ਅਤੇ ਸਿੰਧ ਜਿਸਦੀਆਂ ਬਾਹਵਾਂ ਹੋਣ, ਪੰਜਾਬ ਜਿਹਾ, ਫੈਲਦੀ ਸੀਨਾ ਹੋਵੇ.... ਹਿੰਦ ਮਹਾਂਸਾਗਰ ਜਿਸਦੇ ਪੈਰ ਪਖਾਰਦਾ ਹੋਵੇ, ਧੰਨ ਅਤੇ ਧਾਨ ਨਾਲ ਸੰਪਨ ਜਿਹੜਾ ਮੁਲਕ "ਸੋਨੇ ਦੀ ਚਿੱੜੀ ਕਹੌਂਦਾ ਹੋਵੇ... ਭੀਮ ਦੀ ਗਦਾ ਅਤੇ ਅਰਜਨ ਦੇ ਗਾਂਡੀਵ (ਧਨੁਸ਼) ਨਾਲ ਜੋ ਗਗਨ ਮੰਡਲ ਨੂੰ ਗੁੰਜੌਣ ਦੀ ਸਮਰੱਥਾ ਰੱਖਦਾ ਹੋਵੇ, ਉਹੀ ਰਿਸ਼ੀਆਂ-ਮਨੀਆਂ ਅਤੇ ਗੁਰੂਆਂ ਦਾ ਇਹ 'ਵਿਸ਼ਵ ਗੁਰੂ" ਭਾਰਤ ਸਤ ਸੌ ਸਾਲ ਮੁਗਲਾਂ ਅਤੇ ਦੋ ਸੌ ਸਾਲ ਅੰਗਰੇਜ਼ੀ ਦਾਸਤਾ ਦੀ ਦਰਦ ਭਰੀ ਤ੍ਰਾਸਦੀ ਝਲਨ ਨੂੰ ਮਜਬੂਰ ਹੋਇਆ ਤਾਂ, ਇਸਦਾ ਕਾਰਣ ਵੀ ਆਪਸੀ ਅਵਿਸ਼ਵਾਸ਼ ਅਤੇ ਸਵਾਰਥ ਤੋਂ ਉਪਜੀ ਫੁੱਟ ਰਹੀ। ਪਰ ਇਤਹਾਸ ਗਵਾਹ ਹੈ, ਮੁਲਕ ਦੀ ਬਦਹਾਲੀ ਦੀ ਉਸ ਘੜੀ ਵੀ, ਸਮਾਜ ਦੇ ਮਸੀਹੇ, ਜਾਤਾਂ, ਜਮਾਤਾਂ ਅਤੇ ਪ੍ਰਾਂਤਵਾਦ ਤੋਂ ਉਪਰ ਉੱਠ ਕੇ, ਸਾਂਝੀਵਾਲਤਾ ਦੇ ਟੁੱਟ ਕੰਢਿਆਂ ਨੂੰ ਬਾਰ-ਬਾਰ ਜੋੜਨ ਦਾ ਭਾਗੀਰਥ ਪ੍ਰਯਾਸ ਕਰਦੇ ਰਹੇ.... ਸਦਭਾਵਨਾ ਯਾਤਰਾ ਬਾਰ-ਬਾਰ ਅੱਗੇ ਨੂੰ ਤੋਰਦੇ ਰਹੇ।

੧੭ਵੀਂ ਸਦੀ ਦੇ ਮੁੱਢ ਵਿਚ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗ੍ਰੰਥ ਸਾਹਿਬ ਦੇ ਸੰਕਲਨ ਸਮੇਂ, ਭਿੰਨ-ਭਿੰਨ ਜਾਤਾਂ, ਮਤਾਂ ਅਤੇ ਪ੍ਰਾਂਤਾਂ ਦੇ ਭਗਤਾਂ ਦੀ ਬਾਣੀ ਨੂੰ ਸ਼ਾਮਲ ਕਰ ਕੇ, ਸੰਪ੍ਰਦਾਇਕ ਸੋਹਾਰਦਤਾ ਅਤੇ ਮਨੁੱਖੀ ਸਦਭਾਵਨਾ ਨੂੰ ਸਿੱਖ ਧਰਮ ਦਾ ਮਿਸ਼ਨ ਘੋਸ਼ਤ ਕੀਤਾ। ਬੰਗਲ ਦੇ ਜੈ ਦੇਵ, ਮਹਾਰਾਸ਼ਟਰ ਤੋਂ ਨਾਮਦੇਵ ਤ੍ਰਿਲੋਚਨ ਰਾਜਸਥਾਨ ਤੋਂ ਭਗਤ ਧੰਨਾ ਜੀ, ਪੀਪਾ ਅਤੇ ਮੀਰਾ, ਮਧ ਪ੍ਰਦੇਸ਼ ਤੋਂ ਸੈਨ ਨਾਈ, ਉਤਰ ਪ੍ਰਦੇਸ਼ ਤੋਂ ਭਗਤ ਕਬੀਰ, ਸੂਰਦਾਸ, ਰੈਦਾਸ, ਭੀਖਣ ਅਤੇ ਰਾਮਾਨੰਦ ਜੀ, ਬਿਹਾਰ ਤੋਂ ਬੇਣੀ, ਪੰਜਾਬ ਤੋਂ ਸ਼ੇਖ ਫਰੀਦ, ਭੱਟ ਅਤੇ ਸਿੰਧ ਤੋਂ ਸਧਨਾ ਜੀ ਦੀ ਬਾਣੀ ਦਾ ਸਾਂਝਾ "ਗ੍ਰੰਥ" ਸੰਸਾਰ ਦੇ ਸਾਰੇ ਧਰਮ ਸ਼ਾਸਤਰਾਂ ਤੋਂ ਨਿਵੇਕਲਾ ਮਾਰਗ ਦਰਸ਼ਕ ਬਣਿਆ। ਪੰਜਵੇਂ ਪਾਤਸ਼ਾਹ ਦੁਆਰਾ ਸਥਾਪਤ, ਸਾਂਝੀਵਾਲਤਾ ਦੇ ਇਸ ਸੰਦੇਸ਼ ਸਦਕਾ, ਸਿੱਖ ਮਤ, ਸਾਰੀਆਂ ਜਾਤਾਂ ਅਤੇ ਪ੍ਰਾਂਤਾਂ ਵਿਚ ਲੋਕਪ੍ਰਿਅ ਹੋਇਆ ਅਤੇ ਸੰਨ ੧੬੯੯ ਦੀ ਵਸਾਖੀ ਨੂੰ ਜਦੋਂ ਦੇਸ਼-ਧਰਮ ਦੀ ਰੱਖਿਆ ਹਿਤ ਦਸਮ ਪਾਤਿਸ਼ਾਹ ਨੇ ਸੀਸ ਦੀ ਮੰਗ ਕੀਤੀ, ਤਾਂ ਪੰਜ ਵੱਖ-ਵੱਖ ਜਾਤਾਂ ਅਤੇ ਵੱਖ-ਵੱਖ ਪ੍ਰਾਂਤਾਂ ਦੇ ਪੰਜ ਪਿਆਰੇ ਨਿੱਤਰੇ। ਪੰਜਾਬ, ਉੜੀਸਾ, ਦਵਾਰਕਾ, ਦਿੱਲੀ ਅਤੇ ਲਾਹੌਰ ਤੋਂ ਆਏ ਸਿਰਲੱਥ ਪੰਜ ਮਰਜੀਉੜਿਆਂ ਨੇ ਸਿੱਖੀ ਰੂਪ ਵਿਚ, ਸਮਤਾ ਸਾਂਝੀਵਾਲਤਾ ਅਤੇ ਸਦਭਾਵਨਾ ਦਾ ਨਵਾਂ ਇਤਿਹਾਸ ਰਚਿਆ।

ਸੰਨ ੧੬੬੯ ਨੂੰ ਇਸਲਾਮੀ ਜਨੂੰਨ ਸਦਕਾ, ਔਰੰਗਜ਼ੇਬ ਨੇ ਕਾਸ਼ੀ ਵਿਸ਼ਵਨਾਥ ਮੰਦਰ ਢਾਹ ਦਿੱਤਾ। ਸਨ ੧੭੮੦ ਵਿਚ ਇੰਦੌਰ ਦੀ ਰਾਣੀ ਅਹਿਲਯਾਬਾਈ ਹੋਲਕਰ ਨੇ ਇਸ ਮੰਦਰ ਦਾ ਪੁਨਰ ਨਿਰਮਾਨ ਕਰਵਾਇਆ। ਮਹਾਰਾਜਾ ਰਣਜੀਤ ਸਿੰਘ ਨੇ ੧੮੦੪ ਵਿਚ ਨੌ ਕਵਿੰਟਲ ਸੋਨੇ ਦਾ ਛਤਰ ਇਸ ਮੰਦਰ ਤੇ ਚੜਾਇਆ, ਗਵਾਲੀਅਰ ਦੀ ਰਾਣੀ ਬੈਜਾਬਾਈ ਨੇ ਗਿਆਨ ਵਾਪੀ ਮੰਦਰ ਅਤੇ ਨੇਪਾਲ ਨਰੇਸ਼ ਨੇ ਨੰਦੀ ਦੀ ਪ੍ਰਤਿ[illegible] ਬਣਵਾ ਕੇ "ਸਦਭਾਵਨਾ" ਨੂੰ ਭਾਰਤੀ ਸਭਿਅਤਾ ਅਤੇ ਸਭਿਆਚਾਰ ਦਾ ਅਧਾਰ ਘੋਸ਼ਤ ਕੀਤਾ।

੨੦ਵੀਂ ਸਦੀ ਦੇ ਤੀਸਰੇ ਦਹਾਕੇ ਵਿਚ, ਮਾਸਟਰ ਤਾਰਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਵਿਚ ਵਰੋਧਤਾ ਵੱਧ ਗਈ। "ਗੁਰਦੁਆਰਾ ਸੁਧਾਰ" ਦੇ ਤਹਿਤ ਲਗਦੇ ਵੱਖ-ਵੱਖ ਮੋਰਚਿਆਂ ਵਿਚ ਪਾਈਆਂ ਬੇਮਿਸਾਲ ਸਿੱਖ ਕੁਰਬਾਨੀਆਂ ਸਦਕਾ ਪ੍ਰਾਪਤ ਸਫਲਤਾ ਤੋਂ ਬਾਅਦ ਅਕਾਲੀ ਲਹਿਰ ਦੇ ਅਕਾਸ਼ ਤੇ ਪਈ ਬਦਨੁਮਾ ਛਾਈ ਵਾਂਗ ਬਣ ਰਹੇ— ਇਸ ਦਾਗ ਤੋਂ ਸਿੱਖ ਬੁੱਧੀ ਜੀਵੀ ਅੰਦਰੋ-ਅੰਦਰ ਪ੍ਰੇਸ਼ਾਨ ਹੋ ਰਹੇ ਸਨ। ਇਨਾਂ ਦੋਨਾਂ ਸਿੱਖ ਲੀਡਰਾਂ ਦੇ ਫੈਸਲੇ ਲਈ ਕਮੇਟੀ ਬਣਾਈ ਗਈ। ਖਾਲਸਾ ਕਾਲਜ, ਗੁਜਰਵਾਲਾ ਦੇ ਪ੍ਰਿੰਸੀਪਲ ਹਰਕਿਸ਼ਨ ਸਿੰਘ ਇਸ ਕਮੇਟੀ ਦੇ ਪ੍ਰਧਾਨ ਬਣਾਏ ਗਏ। ਫੈਸਲਾ ਹੋਇਆ, "ਦੋਵੇਂ ਸਿੰਘ ਸਾਹਿਬਾਨ, ਥੋੜੇ ਸਮੇਂ ਲਈ, ਸਿੱਖੀ-ਸਿਆਸਤ ਅਤੇ ਧਾਰਮਕ ਕੰਮ-ਕਾਜ ਛੱਡ ਜਾਣ" ਮਾਸਟਰ ਜੀ ਗੁਪਤ ਵਾਸ ਤੇ (ਕਲਕੱਤੇ) ਚਲੇ ਗਏ। ਇਕ ਪੱਤਰ ਮਾਸਟਰ ਜੀ ਦਾ , ਸਰ ਸੁੰਦਰ ਸਿੰਘ ਮਜੀਠੀਆ ਦੇ ਨਾਂ ਆਇਆ ਜਿਸ ਵਿਚ, ਸਿੱਖ ਪੰਥ ਵਿਚ ਘਿਰ ਆਈ ਉਦਾਸੀ ਤੇ ਗਹਿਰੀ ਚਿੰਤਾ ਝਲਕਦੀ ਸੀ। ਐਸੀ ਵਿਕਟ ਘੜੀ ਵਿਚ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੪-੧੫ ਅਕਤੂਬਰ ੧੯੩੪ ਨੂੰ ਸਰ ਸੁੰਦਰ ਸਿੰਘ ਮਜੀਠੀਆ, ਭਾਈ ਕਾਹਨ ਸਿੰਘ ਨਾਭਾ, ਪ੍ਰੋ. ਤੇਜਾ ਸਿੰਘ, ਪ੍ਰੋ. ਗੰਗਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਨੂੰ ਚੀਫ ਖਾਲਸਾ ਦੀਵਾਨ, ਬੁੱਢਾ ਦਲ, ਰਾਧਾ ਸੁਆਮੀ, ਉਦਾਸੀ,

ਨਿਰਮਲੇ, ਸਾਰਿਆਂ ਨੂੰ ਇਕ ਗੁਰੂ ਨਾਨਕ ਦੇ ਝੰਡੇ ਹੇਠ ਸ੍ਰੀ ਭੈਣੀ ਸਾਹਿਬ ਬਿਠਾ ਕੇ ਸਾਰੇ ਮਤਭੇਦ ਦੂਰ ਕਰ ਦਿੱਤੇ। ਸਾਂਝੀ ਵਾਲਤਾਂ ਫਿਰ ਕਾਇਮ ਹੋਈ.... ਸਦਭਾਵਨਾ ਫਿਰ ਪ੍ਰਵਾਹਤ ਹੋਈ।

ਅੰਗਰੇਜ਼ਾਂ ਦੀ "ਪਾੜੋ ਤੇ ਰਾਜ ਕਰੋ" ਦੀ ਕੁਟਿਲ ਨੀਤੀ ਨੇ ਹਿੰਦੂਆਂ-ਸਿੱਖਾਂ ਵਿਚ, ਕਈ ਸ਼ੰਕਾਵਾਂ ਭਰੀਆਂ ਕੰਧਾਂ ਖੜੀਆਂ ਕਰ ਦਿੱਤੀਆਂ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੮ ਤੋਂ ੨੦ ਮਾਰਚ ੧੯੪੩ ਨੂੰ ਸ੍ਰੀ ਭੈਣੀ ਸਾਹਿਬ ਵਿਖੇ, ਸੇਠ ਜੁਗਲ ਕਿਸ਼ੋਰ ਬਿਰਲਾ ਗੋਸਵਾਮੀ ਗਣੇਸ਼ਦੱਤ, ਅਤੇ ਮਹਾਸ਼ਾ ਖੁਸ਼ਹਾਲਚੰਦ ਜੈਸੇ ਨਾਮਚੀਨ ਹਿੰਦੂ ਲੀਡਰਾਂ ਨੂੰ ਚੁਨੀਂਦੀਆਂ ਸਿੱਖ ਸ਼ਖਸੀਅਤਾ ਨਾਲ ਬਿਠਾ ਕੇ ਸਾਰੀਆਂ ਸ਼ੰਕਾਵਾਂ ਅਤੇ ਮਤਭੇਦ ਦੂਰ ਕਰਾ ਕੇ ਜੱਫੀਆਂ ਪੁਆਈਆਂ ਅਤੇ "ਹਿੰਦੂ-ਸਿੱਖ ਇਕ ਜਿੰਦ ਜਾਨ ਨੇ" ਅਤੇ ਹਿੰਦੂ-ਸਿੱਖ ਨਹੀਂ ਹੋਣੇ ਦੋ" ਜੈਸੇ ਪਿਆਰ ਅਤੇ ਉਤਸ਼ਾਹ ਵਰਧਕ ਨਾਅਰਿਆਂ ਨਾਲ "ਸਦਭਾਵਨਾ-ਯਾਤਰਾ" ਨੂੰ ਅਗੇ ਤੋਰਿਆ।

ਲੋਭ ਅਤੇ ਮਾਨ ਤੋਂ ਪ੍ਰਭਾਵਤ ਮਨੁੱਖੀ ਮਨੋਵਿਗਿਆਨ, ਸ੍ਰਿਸ਼ਟੀ ਦੀ ਆਦਿ ਤੋਂ ਸਮਾਜਕ ਜਨ-ਜੀਵਨ ਵਿਚ, ਜਵਾਰ-ਭਾਟਾ ਲਿਆਉਂਦਾ ਰਿਹਾ ਹੈ ਅਤੇ ਅੰਤ ਤੱਕ ਇਹ ਸੁਭਾਅ ਆਪਣਾ ਕੰਮ ਕਰਦਾ ਰਹੇਗਾ। ਪਰ ਸਮਾਜ ਦੇ ਸ਼ੁਭ ਚਿੰਤਕਾਂ ਦੇਸ਼ ਦੇ ਦੂਰਅੰਦੇਸ਼ ਅਤੇ ਮਨੁੱਖਤਾ ਦੇ ਮਸੀਹੇ ਆਪਣੇ ਜਤਨਾਂ ਕੁਰਬਾਣੀਆਂ ਨਾਲ ਸਮਾਜ ਦੀ ਸੁੱਖ-ਸ਼ਾਂਤੀ ਕਾਇਮ ਰੱਖਣਗੇ... ਭਾਈਚਾਰਾ ਬਣਿਆ ਰਹੇਗਾ.... ਸਮਾਜਕ ਸਮਰਸਤਾ ਪਰਵਾਹਤ ਹੁੰਦੀ ਰਹੇਗੀ... ਅਤੇ ਸਦਭਾਵਨਾ ਦਾ ਸਫਰ ਚਲਦਾ ਰਹੇਗਾ।

ਆਰ. ੫੪ ਫੇਜ਼ ੮ ਬੀ.
ਸੈਕਟਰ-੭੪
ਇੰਡਸਟਰੀਅਲ ਏਰੀਆ- ਮੋਹਾਲੀ
ਫੋਨ—੦੧੭੨-੨੭੦੦੨੨੧

ਸ. ਹਰੀ ਸਿੰਘ ਵਡਾਣੀਆ

ਸ. ਹਰੀ ਸਿੰਘ ਜੀ ਵਡਾਣੀਆ ਇਸ ਸੰਸਾਰ ਦੇ ਰੰਗ-ਮੰਚ ਤੇ ਆਪਣੀ ਬੜੀ ਸਾਰਥਕ ਭੂਮਿਕਾ ਨਿਭਾ ਗਏ ਹਨ।

ਕਾਲ ਦਾ ਚੱਕਰ ਤੇਜ਼ ਗਤੀ ਨਾਲ ਲਗਾਤਾਰ ਚਲ ਰਿਹਾ ਹੈ। ਸਤਿਗੁਰਾਂ ਦੇ ਹੋਰ ਬਹੁਤ ਸਾਰੇ ਨਿਕਟਵਰਤੀ ਸੇਵਕਾਂ ਵਾਂਗ ਸ. ਹਰੀ ਸਿੰਘ ਵੀ ਸਮਰਿਧ, ਸਮਰਥ ਪਰਿਵਾਰ ਵਿਚੋਂ ਹੋਣ ਦੇ ਬਾਵਜੂਦ ਸੇਵਾ ਸਿਮਰਨ ਵਿਚ ਅਤਿ ਨਿਰਮਾਨ ਅਵਸਥਾ ਵਿਚ ਵਿਚਰੇ ਅਤੇ ਕਦੇ ਭੁਲੇਖਾ ਵੀ ਨਾ ਪੈਣ ਦਿਤਾ ਕਿ ਉਹ ਕਿਸੇ ਵੱਡੇ ਘਰਾਣੇ ਵਿਚੋਂ ਹਨ।

ਸ. ਹਰੀ ਸਿੰਘ ਜੀ ਨੂੰ ਜਿੰਨਾ ਅਸੀਂ ਵੇਖਿਆ ਜਾਣਿਆ ਹੈ ਉਹ ਬਹੁਤ ਧੀਰਜਵਾਨ, ਠਰੰਮੇ ਵਾਲੇ ਧੀਮੇ ਅਤੇ ਮਿੱਠੇ ਬੋਲਾਂ ਵਾਲੇ ਬਹੁਤ ਨਿਰਮਾਨ ਅਤੇ ਆਦਾਰ ਨਾਲ ਮਿਲਣ ਵਾਲੇ ਵਿਅਕਤੀ ਸਨ। ਅਪਣੇ ਤੋਂ ਛੋਟਿਆਂ ਨੂੰ ਵੀ ਉਹ ਬਹੁਤ ਸਤਿਕਾਰ ਨਾਲ ਮਿਲਦੇ ਸਨ। ਜਿਵੇਂ ਇਕ ਟਕਸਾਲ ਵਿਚ ਢਲੀ ਸ਼ਖਸੀਅਤ ਹੋਵੇ। ਗੁਣਾਂ ਦਾ ਭਰਿਆ ਵਿਅਕਤੀ, ਪਰ ਇਹਨਾਂ ਗੁਣਾਂ ਨੂੰ ਪਰਦੇ ਹੇਠ ਹੀ ਰੱਖਣ ਵਾਲਾ। ਸ. ਹਰੀ ਸਿੰਘ ਗੱਲ ਕਰਨ ਵਿਚ ਅਤੇ ਲਿਖਣ ਵਿਚ ਵੀ ਬਹੁਤ ਸੰਜਮ ਵਰਤਦੇ, ਪਰ ਸਟੀਕ ਗੱਲ ਕਰਨ ਦਸਣ ਵਾਲੇ ਵਿਅਕਤੀ ਸਨ।

ਪ੍ਰਭਾਵਸ਼ਾਲੀ ਸ਼ਖਸੀਅਤ ਅਤੇ ਮਜਬੂਤ ਸਰੀਰ ਅਤੇ ਇਰਾਦੇ ਵਾਲੇ ਸ. ਹਰੀ ਸਿੰਘ ਦੀਆਂ ਤਸਵੀਰਾਂ ਅਸੀਂ ਬਹੁਤ ਇਤਿਹਾਸਕ ਸਮਿਆਂ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਵੇਖੀਆਂ ਹਨ। ਹੱਥੀਂ ਸੇਵਾ ਕਰਦਿਆਂ, ਲੰਗਰ ਵਰਤਾਉਂਦਿਆਂ ਵੀ ਵੇਖਿਆ ਹੈ ਸੰਗਤ ਵਿਚ ਵੀ ਨਿਮਾਣੇ ਸੇਵਕ ਵਜੋਂ ਵਿਚਰਦਿਆਂ ਵੇਖਿਆ ਹੈ।

ਹੁਕਮ ਅਤੇ ਰਜ਼ਾ ਦੀ ਖੇਡ ਵਿਚ ੨੫ ਮਈ ੨੦੦੬ ਨੂੰ ਉਹਨਾਂ ੯੨ ਸਾਲ ਦੀ ਉਮਰ ਵਿਚ ਆਪਣੇ ਸੁਵਾਸ ਪੂਰੇ ਕੀਤੇ ਹਨ।

ਸ. ਸੁਵਰਨ ਸਿੰਘ ਹੋਰਾਂ ਨੇ ਉਹਨਾਂ ਦੀ ਯਾਦ ਵਿਚ ਕੁਝ ਪੰਨੇ ਲਿਖੇ ਹਨ ਜੋ ਵਰਿਆਮ ਦੇ ਇਸ ਅੰਕ ਵਿਚ ਉਪਲਭਦ ਸਥਾਨ ਵਿਚ ਛਾਪ ਰਹੇ ਹਾਂ।

ਸ. ਹਰੀ ਸਿੰਘ ਵਡਾਣੀਆਂ ਪ੍ਰਤੀ ਇਹ ਸਾਡੀ ਅਕੀਦਤ ਪਿਆਰ ਅਤੇ ਸੰਵੇਦਨਾ ਹੈ।

—ਜਗਦੀਸ਼ ਸਿੰਘ ਵਰਿਆਮ

ਰਚਨਾਤਮਕਤਾ, ਸੰਚਾਰ-ਮਾਧਿਅਮ ਅਤੇ ਸਮਾਜਿਕ ਚੇਤਨਾ

—ਡਾ. ਨਰੇਸ਼

ਹਰ ਰਚਨਾਕਾਰ ਦੀ ਕੁਦਰਤੀ ਰੀਝ ਲੋਕਾਂ ਤਕ ਪੁੱਜਣਾ ਹੁੰਦੀ ਹੈ। ਜਿਹਨਾਂ ਲਿਖਾਰੀਆਂ ਨੇ ਆਪਣੀ ਰਚਨਾ ਦੇ ਮੁੱਢ ਵਿਚ ਹੀ 'ਸੁਾਂਤਾ ਸੁਖਾਇ' ਅਰਥਾਤ 'ਆਪਣੀ ਆਤਮਾ ਦੇ ਸੁਖ ਲਈ' ਆਖ ਕੇ ਰਚਨਾਤਮਕਤਾ ਦੇ ਨਿਰੋਲ ਵਿਅਕਤੀਗਤ ਸੰਤੁਸ਼ਟੀ ਦਾ ਕਰਮ ਹੋਣ ਦੀ ਘੋਸ਼ਣਾ ਵੀ ਕੀਤੀ ਹੈ, ਉਹਨਾਂ ਦੀ ਉਹ ਰਚਨਾ ਹੀ ਉਹਨਾਂ ਦੀ ਇਸ ਘੋਸ਼ਣਾ ਨੂੰ ਝੁਠਲਾਉਣ ਲਈ ਪੇਸ਼ ਕੀਤੀ ਜਾ ਸਕਦੀ ਹੈ। ਅਸਲ ਵਿਚ, ਆਤਮਾ ਦਾ ਸੁਖ ਆਪਣੇ ਵਿਚ ਉਦੋਂ ਤਕ ਮੁਕੰਮਲ ਨਹੀਂ ਹੁੰਦਾ ਜਦੋਂ ਤਕ ਉਸ ਵਿਚ ਲੋਕ-ਹਿਤ ਸਮਾਹਿਤ ਨਾ ਹੋ ਜਾਵੇ। ਇਸਦਾ ਕਾਰਨ ਇਹ ਹੈ ਕਿ ਸਰੀਰਕ ਤੌਰ ਤੇ ਲੇਖਕ ਵੀ ਆਮ ਲੋਕਾਂ ਵਾਂਗ ਇਕ ਸਮਾਜਿਕ ਪ੍ਰਾਣੀ ਹੁੰਦਾ ਹੈ ਤੇ ਆਤਮਿਕ ਤੌਰ ਤੇ ਉਸਦੇ ਅੰਦਰ ਵੀ ਉਹੋ ਦਿੱਵ ਤੱਤਵ ਕਾਰਜਸ਼ੀਲ ਹੋ ਰਿਹਾ ਹੁੰਦਾ ਹੈ, ਜਿਸ ਤੋਂ ਪ੍ਰੇਰਿਤ ਹੋ ਕੇ, ਇਹ ਸ੍ਰਿਸ਼ਟੀ ਗਤੀਸ਼ੀਲ ਹੋ ਰਹੀ ਹੈ।

ਲੋਕਾਂ ਤਕ ਪੁੱਜਣ ਦੀ ਇਹ ਰੀਝ ਲੇਖਕ ਨੂੰ ਉਹਨਾਂ ਮਾਧਿਅਮਾਂ ਵੱਲ ਆਕਰਸ਼ਿਤ ਕਰਦੀ ਹੈ, ਜਿਹਨਾਂ ਦੁਆਰਾ ਉਸਦਾ ਲੋਕਾਂ ਤਕ ਪੁੱਜਣਾ ਸੰਭਵ ਹੁੰਦਾ ਹੈ। ਪੁਰਾਤਨ ਆਰੀਆਂ ਦੀ ਨਾਟਯਵੇਦ ਰਚਨਾ, ਪੁਰਾਤਨ ਅਰਬਾਂ ਦੀ ਸਾਮਰੀ ਸ਼ੈਲੀ, ਪੁਰਾਤਨ ਇਜਿਪਸ਼ਨਾਂ ਦੇ ਰੰਗਮੰਚ ਦਾ ਉਦੈ ਅਤੇ ਪ੍ਰਚਲਨ ਲੇਖਕ ਦੇ ਲੋਕਾਂ ਤਕ ਪੁੱਜਣ ਦੀਆਂ ਕੋਸ਼ਿਸ਼ਾਂ ਦਾ ਹੀ ਸਿੱਟਾ ਹੈ।

ਪਰ ਜਦੋਂ ਕੋਈ ਸੰਚਾਰ-ਮਾਧਿਅਮ ਸਥਾਪਿਤ ਹੋ ਕੇ ਆਪਣੀ ਪ੍ਰਭਾਵਸ਼ੀਲਤਾ ਨੂੰ ਪ੍ਰਮਾਣਿਤ ਕਰ ਦਿੰਦਾ ਹੈ, ਉਦੋਂ ਉਸ ਤੋਂ ਲਾਭ ਉਠਾਉਣ ਵਾਲੀਆਂ ਦੂਜੀਆਂ ਸੰਸਥਾਵਾਂ ਅੱਗੇ ਵਧ ਆਉਂਦੀਆਂ ਹਨ ਤੇ ਆਪਣੀ ਆਰਥਿਕ ਜਾਂ ਰਾਜਨੀਤਿਕ ਸੱਤਾ ਦੇ ਆਧਾਰ ਤੇ ਉਸ ਸਾਧਨ ਤੇ ਕਬਜ਼ਾ ਜਮਾ ਲੈਂਦੀਆਂ ਹਨ। ਕਿਉਂਕਿ ਸੰਚਾਰ ਮਾਧਿਆਮਾਂ ਦੀ ਉਪਯੋਗਿਤਾ ਲਈ ਇਹਨਾਂ ਸੰਸਥਾਵਾਂ ਨੂੰ ਵੀ ਲਿਖਿਤ ਸ਼ਬਦ ਅਤੇ ਲੇਖਕੀ ਕਲਪਨਾ ਦੀ ਲੋੜ ਹੁੰਦੀ ਹੈ, ਇਸ ਲਈ ਉਹ ਲੇਖਕ ਨੂੰ, ਸਿੱਕਿਆਂ ਦੀ ਤੇਜ਼ ਰੋਸ਼ਨੀ ਵਿਚ ਉਸਦੀ ਮੰਦਹਾਲੀ ਦੇ ਦਰਸ਼ਨ ਕਰਾ ਕੇ, ਉਸਦੀ ਰਚਨਾਧਰਮਿਤਾ ਨੂੰ ਖ਼ਤਰੇ ਵਿਚ ਪਾ ਦਿੰਦਿਆਂ ਹਨ। ਆਮ ਤੌਰ ਤੇ ਲੇਖਕ ਦਾ ਰਚਨਾਤਮਕ ਸੰਕਲਪ ਡਗਮਗਾ ਉਠਦਾ ਹੈ, ਪਰ ਜੇ ਕਿਧਰੇ ਉਹ ਪੱਕੇ ਪੈਰੀਂ ਖਲੋ ਕੇ ਡਗਮਗਾਉਣੋਂ ਇਨਕਾਰੀ ਹੋ ਰਿਹਾ ਹੁੰਦਾ ਹੈ ਤਾਂ ਇਹ ਸੰਸਥਾਵਾਂ ਉਸਦੀ ਥਾਂ ਤੇ ਕੱਚਘੜ ਲਿਖਾਰੀਆਂ ਤੋਂ ਆਪਣਾ ਕੰਮ ਕਰਾ ਲੈਂਦੀਆਂ ਹਨ ਤੇ ਉਹਨਾਂ ਕੱਚਘੜਾਂ ਨੂੰ ਲੋਕਪ੍ਰਿਯਤਾ ਦੀਆਂ ਸਿਖਰਾਂ ਤੇ ਪੁਚਾ ਕੇ ਇਹ ਸੰਸਥਾਵਾਂ ਜਤ ਸਤ ਵਾਲੇ ਲੇਖਕ ਤੋਂ ਹੁਕਮ-ਅਦੂਲੀ ਦਾ ਬਦਲਾ ਲੈ ਲੈਂਦੀਆਂ ਹਨ।

ਸਮਾਜਿਕ ਚੇਤਨਾ ਨਾਲ ਜੋ ਪ੍ਰਤੀਬੱਧਤਾ ਲੇਖਕ ਦੀ ਹੈ, ਉਹ ਸੰਚਾਰ-ਮਾਧਿਆਮ ਦੀ ਨਹੀਂ ਹੈ। ਸੰਚਾਰ-ਮਾਧਿਅਮ ਇਕ ਮਾਧਿਆਮ ਹੈ, ਜਿਉਂਦਾ-ਜਾਗਦਾ ਧੜਕਦੇ ਦਿਲ ਵਾਲਾ ਇਨਸਾਨ ਨਹੀਂ ਹੈ। ਆਪਣੀ-ਸਮਾਜਿਕ ਜ਼ਿੰਮੇਦਾਰੀ ਪ੍ਰਤੀ ਚੇਤੰਨਤਾ ਜਾਂ ਉਸ ਜ਼ਿੰਮੇਦਾਰੀ ਤੋਂ ਸੁਰਖ਼ਰੂ ਹੋਣ ਦੀ ਕਾਮਨਾ ਮਨੁੱਖ ਦੇ ਅੰਦਰ ਹੁੰਦੀ ਹੈ, ਮਸ਼ੀਨ ਅੰਦਰ ਨਹੀਂ। ਇਸ ਲਈ ਸੰਚਾਰ-ਮਾਧਿਅਮਾਂ ਨੂੰ ਸਮਾਜਿਕ ਜਾਂ ਨੈਤਿਕ ਮੁੱਲਾਂ ਦੀ ਗਿਰਾਵਟ ਲਈ ਜ਼ਿੰਮੇਦਾਰ ਠਹਿਰਾਉਣਾ ਜਾਂ ਕਲਾ ਅਤੇ ਸਾਹਿਤ ਦੇ ਅਵਸਾਨ ਲਈ ਦੋਸ਼ੀ ਕਰਾਰ ਦੇਣਾ 'ਗੱਲ ਸੁਣ ਧੀਏ, ਕੰਨ ਕਰ ਨੂੰਹੇਂ' ਦੇ ਲੋਕ-ਵਿਵਹਾਰ ਵਾਂਗ ਸੱਚ ਬੋਲਣ ਦੀ ਆਪਣੀ ਅਸਮਰਥਾ ਨੂੰ ਲੁਕਾਉਣ ਦਾ ਯਤਨ ਹੈ।

ਭਾਰਤੀ ਸੰਚਾਰ-ਮਾਧਿਅਮਾਂ ਦੀ ਸਭ ਤੋਂ ਵੱਡੀ ਸਮੱਸਿਆ ਰਾਜ ਸੱਤਾ ਦੇ ਕਬਜ਼ੇ ਤੋਂ ਉਤਪੰਨ ਹੁੰਦੀ ਹੈ। ਸਰਕਾਰੀ ਪੱਤਰ-ਪਤ੍ਰਿਕਾਵਾਂ ਦੇ ਸੰਪਾਦਕ, ਆਮ ਤੌਰ ਤੇ, ਲੋਕ-ਸੰਪਰਕ ਵਿਭਾਗ ਦੇ ਗ਼ੈਰ-ਲੇਖਕ ਅਧਿਕਾਰੀ ਹੁੰਦੇ ਹਨ, ਜਿਨਾਂ ਨੂੰ ਸਾਹਿਤ ਦੀ ਬੁਨਿਆਦੀ ਸੋਝੀ ਵੀ ਨਹੀਂ ਹੁੰਦੀ। ਰੇਡੀਓ ਅਤੇ ਟੈਲੀਵਜ਼ਨ ਦੇ ਸਾਹਿਤ ਵਿਚ ਵੀ ਸਾਹਿਤ ਦੀ ਦੇਖਭਾਲ ਇਸੇ ਪ੍ਰਕਾਰ ਦੇ ਸਾਧਾਰਨ ਪ੍ਰੋਡਯੂਸਰ ਜਾਂ ਪ੍ਰੋਗਰਾਮ ਐਗਜ਼ੇਕਟਿਵੀਜ਼ ਕਰਦੇ ਹਨ। ਸੱਭਿਆਚਾਰ ਵਿਭਾਗ, ਕਲਚਰ ਸੈਂਟਰਾਂ, ਸਾਹਿਤ ਅਕਾਡਮੀਆਂ, ਭਾਸ਼ਾ ਵਿਭਾਗਾਂ ਆਦਿ ਦੇ ਸਰਬਰਾਹ ਵੀ ਆਮ ਤੌਰ ਤੇ ਅਫ਼ਸਰਸ਼ਾਹੀ ਵਿਚੋਂ ਨਿਯੁਕਤ ਕੀਤੇ ਜਾਂਦੇ ਹਨ ਅਤੇ ਬਾਰ-ਬਾਰ ਤਬਦੀਲ ਹੁੰਦੇ ਰਹਿੰਦੇ ਹਨ। ਅਜਿਹੇ ਗ਼ੈਰ-ਸਾਹਿਤਿਕ ਲੋਕਾਂ ਤੋਂ ਕਿਉਂਕਿ ਪੈਸਾ ਅਤੇ ਪ੍ਰਸਿੱਧੀ, ਦੋਵੇਂ ਚੀਜ਼ਾਂ ਲੱਭ ਸਕਦੀਆਂ ਹਨ, ਇਸ ਲਈ ਲੇਖਕ, ਆਪਣੀ-ਰਚਨਾਤਮਕ ਪ੍ਰੀਤਬੱਧਤਾ ਨੂੰ ਲਾਂਭੇ ਕਰ ਕੇ, ਇਹਨਾਂ ਦੀ ਲੋੜ ਜਾਂ ਨੀਤੀ-ਅਨੁਸਾਰ ਸਾਹਿਤ ਰਚਨ ਲੱਗਦੇ ਹਨ। ਸਿੱਟਾ ਇਹ ਨਿਕਲਦਾ ਹੈ ਕਿ ਸਮਾਜ ਨੂੰ ਜੋ ਸੁਨੇਹਾ ਉਹਨਾਂ ਦੀ ਰਚਨਾ-ਧਰਮਿਤਾ ਨੇ ਦੇਣਾ ਸੀ, ਉਹ ਕਿਧਰੇ ਗੁਆਚ ਜਾਂਦਾ ਹੈ ਸਮਾਜ ਪ੍ਰਤੀ ਉਹਨਾਂ ਦੀ ਪ੍ਰਤੀਬੱਧਤਾ ਧਰੀ ਦੀ ਧਰੀ ਰਹਿ ਜਾਂਦੀ ਹੈ।

ਸੱਚੇ-ਸੁੱਚੇ ਲੇਖਕ ਨੂੰ ਇਹ ਵੇਖ ਕੇ ਤਕਲੀਫ ਤਾਂ ਹੁੰਦੀ ਹੈ ਕਿ ਨਾਨਕ ਸਿੰਘ ਦੇ ਪਾਠਕਾਂ ਨਾਲੋਂ ਗੁਲਸ਼ਨ ਨੰਦਾ ਜਾਂ ਦੱਤ ਭਾਰਤੀ ਦੇ ਪਾਠਕਾਂ ਦਾ ਘੇਰਾ ਕਿਤੇ ਵੱਡਾ, ਕਿਤੇ ਵਿਸ਼ਾਲ ਹੈ, ਪਰ ਉਹ ਕਿਸੇ ਵੀ ਕੀਮਤ ਤੇ ਆਪਣੀ-ਆਤਮਾ ਦੀ ਆਵਾਜ਼ ਨੂੰ ਅਣਸੁਣੀ ਕਰ ਕੇ, ਕਲਮ ਦੇ ਕਰਮ ਨੂੰ ਪੇਸ਼ਾਵਰਾਨਾ ਬਣਾਉਣੋਂ ਇਨਕਾਰੀ ਰਹਿੰਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ ਭਾਰਤੀ-ਫ਼ਿਲਮ ਉਦਯੋਗ ਵਿਚ ਮੁਨਸ਼ੀ ਪ੍ਰੇਮ ਚੰਦ ਅਤੇ ਨਰਿੰਦਰ ਸ਼ਰਮਾ ਪਿਟ ਜਾਂਦੇ ਹਨ ਪਰ ਸਲੀਮ ਜਾਵੇਦ ਅਤੇ ਆਨੰਦ ਬਖ਼ਸ਼ੀ ਦੀ ਚੜ੍ਹ ਮਚ ਜਾਂਦੀ ਹੈ।

ਸਮਾਜਿਕ ਚੇਤਨਾ ਦੇ ਨਾਂ ਤੇ ਸੰਚਾਰ-ਮਾਧਿਅਮਾਂ ਤੇ ਭਾਰੂ ਹੋਈਆਂ ਸਰਕਾਰੀ ਨੀਤੀਆਂ ਲੇਖਕਾਂ, ਸੰਗੀਤਕਾਰਾਂ, ਕਲਾਕਾਰਾਂ ਅਤੇ ਗਾਇਕਾਂ ਨੂੰ ਚੰਗੀ-ਚੋਖੀ ਮਾਇਆ ਦੇ ਕੇ 'ਹਮ ਏਕ ਹੈਂ' ਦੀ ਪ੍ਰਸਤੁਤੀ ਲਈ ਤਿਆਰ ਤਾਂ ਕਰ ਲੈਂਦੀਆਂ ਹਨ, ਪਰ ਦਿਹਾੜੀ ਵਿਚ ਵੀਹ-ਵਾਰੀ ਪੇਸ਼ ਹੋਏ ਅਜਿਹੇ ਪ੍ਰੋਗਰਾਮ ਵੇਖ ਕੇ ਵੀ ਰਾਮ ਜਨਮ ਭੂਮੀ ਅਤੇ ਬਾਬਰੀ ਮਸਜਿਦ ਦੇ ਦਾਅਵੇਦਾਰਾਂ ਦਾ ਟਕਰਾਅ ਨਹੀਂ ਰੁਕਦਾ। ਰਾਜ ਸੱਤਾ ਦੀ ਨੀਤੀ ਸੰਚਾਰ-ਮਾਧਿਅਮ ਨੂੰ ਇਕ ਧਰਮ ਦੀ ਸਾਹਿਤਿਕ ਕ੍ਰਿਤੀ ਦੁਆਰਾ ਲੋਕ-ਆਕਰਸ਼ਣ ਦਾ ਕੇਂਦਰ ਬਣਾ ਦਿੰਦੀ ਹੈ। 'ਰਾਮਾਇਣ' ਅਤੇ 'ਮਹਾਂ ਭਾਰਤ' ਦੇ ਦਰਸ਼ਕਾਂ ਦੀ ਗਿਣਤੀ ਨਵੇਂ ਰਿਕਾਰਡ ਕਾਇਮ ਕਰ ਲੈਂਦੀ ਹੈ ਤਾਂ ਧਰਮ-ਨਿਰਪੇਖ ਰਾਜਨੀਤੀ ਨੂੰ ਅਹਿਸਾਸ ਹੋਣ ਲਗਦਾ ਹੈ ਕਿ ਹਿੰਦੂ ਧਰਮ ਦੀ ਸਿਹਤ-ਵਰਧਕ ਦਵਾਈ ਬਹੁਤ ਜ਼ਿਆਦਾ ਪਿਲਾ ਦਿੱਤੀ ਗਈ ਹੈ ਤੇ ਉਹ ਸੰਚਾਰ-ਮਧਿਅਮ ਉ ਪਰ 'ਮਿਰਜ਼ਾ ਗ਼ਾਲਿਬ' ਨੂੰ ਪੇਸ਼ ਕਰ ਕੇ ਜਾਂ ਹਜ਼ਰਤ ਨਿਜ਼ਾਮ-ਉਲ-ਦੀਨ ਔਲੀਆ ਤੇ ਹਜ਼ਰਤ ਖ਼ਵਾਜਾ ਗ਼ਰੀਬਨਵਾਜ਼ ਦੇ ਰੌਜ਼ਿਆਂ ਤੇ ਹੋਏ ਉਰਸਾਂ ਦੀਆਂ ਰਿਪੋਰਟਾਂ ਰਾਹੀਂ ਪਹਿਲਾਂ ਦਿੱਤੀ-ਦਵਾਈ ਦੇ ਅਸਰ ਨੂੰ ਘਟਾਉਣ ਦਾ ਉਪਰਾਲਾ ਆਰੰਭ ਕਰ ਦਿੰਦੀ ਹੈ। 'ਬਾਈਬਲ ਦੀਆਂ ਕਹਾਣੀਆਂ' ਸੁਣਾ ਕੇ ਇਹ ਨਿਸਚਿਤ ਕਰਨ ਦਾ ਯਤਨ ਕਰਨ ਲਗਦੀ ਹੈ ਕਿ ਕਿਧਰੇ ਭਾਰਤੀ ਈਸਾਈਆਂ ਨੂੰ ਸਿਹਤ-ਵਰਧਕ ਦਵਾਈ ਦੀ ਘਾਟ ਕਮਜ਼ੋਰ ਨਾ ਬਣਾ ਦੇਵੇ। ਸਿੱਟਾ ਉਹੋ ਨਿਕਲਦਾ ਹੈ ਕਿ ਰਾਮਾਨੰਦ ਸਾਗਰ ਤੇ ਬੀ. ਆਰ. ਚੋਪੜਾ ਦੀ ਲੋਕਪ੍ਰਿਯਤਾ ਰਿਸ਼ੀ ਬਾਲਮੀਕ ਅਤੇ ਰਿਸ਼ੀ ਵਿਆਸ ਦੇ ਨਾਵਾਂ ਨੂੰ ਗ੍ਰਹਿਣ ਲਗਾ ਦਿੰਦੀ ਹੈ ਅਤੇ ਸਾਹਿਤ, ਸਮਾਜ ਪ੍ਰਤੀ ਆਪਣੀ ਜ਼ਿੰਮੇਦਾਰੀ ਨੂੰ ਅਦਾ ਕਰਨ ਵਿਚ ਅਸਮਰਥ ਹੀ ਨਹੀਂ ਰਹਿ ਜਾਂਦਾ, ਸਗੋਂ ਹੋਰਨਾਂ ਜ਼ਰੀਆਂ ਤੋਂ ਉਭਰ ਰਹੀ ਚੇਤਨਾ ਨੂੰ ਢਾਹ ਵੀ ਲਾ ਦਿੰਦਾ ਹੈ।

ਕਿਸੇ ਸਮੱਸਿਆ ਨੂੰ ਲੈ ਕੇ ਸਮਾਜਿਕ ਚੇਤਨਾ ਨੂੰ ਵਿਕਸਿਤ ਕਰਨ ਦਾ ਪੇਸ਼ਾਵਰਾਨਾ ਢੰਗ ਹਮੇਸ਼ਾ ਥੋਥੇ ਆਦਰਸ਼ਵਾਦ ਤੇ ਆਧਾਰਿਤ ਹੁੰਦਾ ਹੈ। ਆਦਰਸ਼ ਦੀ ਦੁਹਾਈ ਦੇਣਾ ਤੇ ਸੱਚੇ ਸਾਹਿਤ ਰਾਹੀਂ ਪਾਠਕਾਂ ਦੇ ਮਨ ਦੀਆਂ ਡੂੰਘਾਣਾਂ ਵਿਚ ਉਤਰ ਕੇ ਉਸਦੀ ਸੋਚ ਦਾ ਕਾਇਆ-ਕਲਪ ਕਰਨਾ ਦੋ ਵੱਖਰੇ ਕਰਮ ਹਨ। ਕਲਾਕਰ ਜਦੋਂ ਸੰਚਾਰ-ਮਾਧਿਅਮ ਨੂੰ ਆਪਣੀ ਅਭਿਵਿਅਕਤੀ ਦਾ ਜ਼ਰੀਆ ਬਣਾਉਂਦਾ ਹੈ ਤਾਂ 'ਚੁੰਨੀ' ਜਾਂ 'ਸਾਂਝਾ ਚੁਲ੍ਹਾ' ਵਰਗੀਆਂ ਪ੍ਰਸਤੁਤੀਆਂ ਉਚੇਚ ਨਾਲ ਅੱਗੇ ਕਰ ਦਿੱਤੀਆਂ ਜਾਂਦੀਆਂ ਹਨ। ਗੱਲ ਨਿਰੀਪੁਰੀ ਯਥਾਰਥ ਤੋਂ ਬੇਨਿਆਜ਼ ਆਦਰਸ਼ ਦੀ ਸਥਾਪਨਾ ਦੀ ਨਹੀਂ ਹੈ, ਅਜਿਹੀਆਂ-ਕੋਸ਼ਿਸ਼ਾਂ ਨਾਲ ਸਮੱਸਿਆ ਦਾ ਸੰਦਰਭ ਬਦਲਣ ਦਾ ਜੋ ਉਪਾਰਲਾ ਕੀਤਾ ਜਾਂਦਾ ਹੈ, ਉਸ ਨਾਲ ਸਮਾਜਿਕ ਚੇਤਨਾ ਕੁਰਾਹੇ ਪੈ ਜਾਂਦੀ ਹੈ। ਪੰਜਾਬ ਦੀ ਸਮੱਸਿਆ ਕਦੇ ਵੀ ਹਿੰਦੂ-ਸਿੱਖ ਸਮੱਸਿਆ ਨਹੀਂ ਸੀ, ਪਰ ਸਾਰੇ ਸੰਚਾਰ ਮਾਧਿਅਮਾਂ ਨੇ ਬਾਰਬਾਰ ਇਸ ਸਮੱਸਿਆ ਨੂੰ ਇਸੇ ਰੂਪ ਵਿਚ ਪੇਸ਼ ਕਰ ਕੇ ਏਨੀ ਵਾਰੀ ਦੁਹਰਾਇਆ ਕਿ ਆਮ ਆਦਮੀ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਕਿ ਸ਼ਾਇਦ ਪੰਜਾਬ ਦੀ ਸਮੱਸਿਆ ਬੁਨਿਆਦੀ ਤੌਰ ਤੇ ਹਿੰਦੂ-ਸਿੱਖ ਸਮੱਸਿਆ ਹੀ ਹੈ।

ਸਮਾਜਿਕ ਚੇਤਨਾ ਦਾ ਇਕੋ ਇੱਕ ਮਨੋਰਥ ਮਨੁੱਖ ਦੀ ਹਸਤੀ ਅੰਦਰ ਵਿਆਪਤ ਪਾਸ਼ਵਿਕ ਵਿਰਤੀਆਂ ਨੂੰ ਸੋਧ ਕੇ ਸਿਹਤਮੰਦ ਸਮਾਜਿਕ ਵਿਵਸਥਾ ਕਾਇਮ ਕਰਨਾ ਹੁੰਦਾ ਹੈ। ਮਨੁੱਖੀ ਸ਼ਖ਼ਸੀਅਤ ਦੋ ਤਰ੍ਹਾਂ ਦੇ ਤੱਤਵਾਂ— ਦਿੱਵ ਅਤੇ ਪਾਸ਼ਵਿਕ ਦੇ ਮਿਸ਼ਰਣ ਤੋਂ ਬਣਦੀ ਹੈ। ਦਿੱਵ ਤੱਤਵ ਨੂੰ ਜਾਗ੍ਰਤ ਕਰ ਕੇ ਵਧਾਵਾ ਦੇਣਾ ਅਤੇ ਪਾਸ਼ਵਿਕ ਤੱਤਵ ਨੂੰ ਸੁਲਾਉਣ-ਦਬਾਉਣਾ ਹੀ ਸਮਾਜਿਕ ਚੇਤਨਾ ਦਾ ਪਰਮ ਉਦੇਸ਼ ਹੁੰਦਾ ਹੈ। ਇਹੋ ਉਦੇਸ਼, ਅਸਲ ਵਿੱਚ, ਸਾਹਿਤ ਦਾ ਵੀ ਹੈ। ਯੁਗਾਂ-ਯੁਗਾਂ ਤੋਂ ਸਾਹਿਤ ਮਨੁੱਖ ਅੰਦਰਲੀਆਂ ਪਾਸ਼ਵਿਕ ਵਿਰਤੀਆਂ ਪ੍ਰਤੀ-ਸੰਘਰਸ਼ ਕਰਦਾ ਆ ਰਿਹਾ ਹੈ ਤੇ ਜਦੋਂ ਤਕ ਪਾਸ਼ਵਿਕਤਾਹੀਨ ਸਮਾਜ ਨਿਰਮਿਤ ਨਹੀਂ ਹੋ ਜਾਂਦਾ, ਸਾਹਿਤ ਦਾ ਇਹ ਉੱਦਮ ਜਾਰੀ ਰਹੇਗਾ। ਸਾਹਿਤ ਦੇ ਇਸ ਮਹਾਨ ਉਦੇਸ਼ ਦੀ ਪੂਰਤੀ ਵਿਚ ਸੰਚਾਰ-ਮਾਧਿਅਮਾਂ ਦੀ ਭੂਮਿਕਾ ਬੜੀ ਅਹਿਮ ਹੁੰਦੀ ਹੈ।

ਸਾਡੇ ਸੰਚਾਰ-ਮਾਧਿਅਮ ਸਮਝੌਤਾਵਾਦ ਦਾ ਸ਼ਿਕਾਰ ਹੋਣ ਕਾਰਨ ਆਪਣੀ ਇਸ ਜ਼ਿੰਮੇਦਾਰੀ ਨੂੰ ਨਿਸ਼ਠਾ ਨਾਲ ਨਹੀਂ ਨਿਭਾ ਰਹੇ ਹਨ, ਇਸ ਲਈ ਸਾਡੀ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਸਮਝੌਤਾਵਾਦ ਵੀ, ਪੇਸ਼ਾਵਰਾਨਾ ਸਿਰਜਣਾ ਵਾਂਗ ਥੋਥੇ ਆਦਰਸ਼ਵਾਦ ਨੂੰ ਹੀ ਜਨਮ ਦਿੰਦਾ ਹੈ। ਸਾਡੇ ਅਖ਼ਬਾਰ, ਰਸਾਲੇ, ਰੇਡੀਓ, ਟੀ.ਵੀ. ਤੇ ਇਸੇ ਪ੍ਰਕਾਰ ਦੇ ਹੋਰ ਸਰਕਾਰੀ-ਗ਼ੈਰ ਸਰਕਾਰੀ ਮਾਧਿਅਮ ਗੁਰਪਰਬਾਂ ਤੇ ਸਿੱਖ ਧਰਮ ਬਾਰੇ, ਤਿਥਾਂ-ਤਿਓਹਾਰਾਂ ਤੇ ਹਿੰਦੂ ਧਰਮ ਬਾਰੇ, ਈਦ-ਬਕਰੀਦ ਤੇ


ਇਸਲਾਮ ਬਾਰੇ, ਕ੍ਰਿਸਮਿਸ-ਈਸਟਰ ਤੇ ਈਸਾਈਅਤ ਬਾਰੇ ਲੇਖ ਛਾਪਦੇ ਜਾਂ ਵਾਰਤਾਵਾਂ ਪ੍ਰਸਾਰਿਤ ਕਰਦੇ ਹਨ। ਅਜਿਹਾ ਕਰਦਿਆਂ ਇਹਨਾਂ ਮਾਧਿਅਮਾਂ ਦਾ ਉਦੇਸ਼ ਮਨੁੱਖ ਦੇ ਅੰਦਰ ਮੌਜੂਦ ਦਿੱਵ ਤੱਤਵ ਨੂੰ ਜਾਗ੍ਰਤ ਕਰਨਾ ਜਾਂ ਉਸਦੇ ਅੰਦਰ ਮੌਜੂਦ ਪਾਸ਼ਵਿਕ ਤੱਤਵਾਂ ਨੂੰ ਦਬਾਉਣਾ ਨਹੀਂ ਹੁੰਦਾ, ਸਗੋਂ ਧਾਰਮਿਕ ਸੰਪ੍ਰਦਾਇਆਂ ਨਾਲ ਜੁੜੇ ਲੋਕਾਂ ਤੋਂ ਵਾਹਵਾਹੀ-ਖੱਟਣਾ ਜਾਂ ਉਹਨਾਂ ਦੀ ਸੰਤੁਸ਼ਟੀ ਕਰਨਾ ਹੁੰਦਾ ਹੈ। ਇਸ ਕਰਮਕਾਂਡ ਨਾਲ ਸਾਧਾਰਨ ਪਾਠਕ ਦੀ ਸੋਚ ਕਿੰਨੀਆਂ ਸਦੀਆਂ ਪਿੱਛੇ ਸੁੱਟੀ ਜਾ ਰਹੀ ਹੈ, ਇਸਦੀ ਚਿੰਤਾ ਸੰਚਾਰ-ਮਾਧਿਆਮਾਂ ਦੇ ਸੰਚਾਲਕਾਂ ਨੇ ਕਦੀ ਨਹੀਂ ਕੀਤੀ। ਮਿਥ ਨੂੰ ਇਤਿਹਾਸ ਵਿਚ ਬਦਲਣ ਨਾਲ ਜੋ ਮੁਸ਼ਕਿਲਾਂ ਪੈਦਾ ਹੁੰਦੀਆਂ ਹਨ ਤੇ ਸਮੂਹਿਕ ਸੋਚ ਨੂੰ ਜਿੰਨਾ ਪਿਛਾਂਹ ਵੱਲ ਧੱਕ ਦਿੱਤਾ ਜਾਂਦਾ ਹੈ, ਇਸਦਾ ਅੰਦਾਜ਼ਾ ਕੀਤਾ ਜਾਵੇ ਤਾਂ ਇਹਨਾਂ ਦੇ ਆਦਰਸ਼ਵਾਦ ਦਾ ਖੋਖਲਾਪਨ ਸਪੱਸ਼ਟ ਹੋ ਜਾਂਦਾ ਹੈ।

ਰਚਨਾਤਮਿਕਤਾ ਦੇ ਸੰਦਰਭ ਵਿੱਚ ਸੰਚਾਰ-ਮਾਧਿਅਮਾਂ ਨੇ ਇੱਕ ਹੋਰ ਬਹੁਤ ਵੱਡੀ ਸਮੱਸਿਆ ਨੂੰ ਜਨਮ ਦਿੱਤਾ ਹੈ ਉਹ ਇਹ ਕਿ ਇਹਨਾਂ ਨੇ ਗ਼ੈਰ-ਲੇਖਕਾਂ ਨੂੰ ਲੇਖਕ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਵਿਸਥਾਪਿਤ ਲੇਖਕਾਂ ਦੀ ਕਤਾਰ ਵਿੱਚ ਸ਼ਾਮਿਲ ਹੋ ਕੇ ਇੰਟਰਵਿਊ ਦੇਣ ਵਾਲੇ ਗ਼ੈਰ ਲੇਖਕਾਂ ਦੇ ਸਾਹਿਤਕ ਪੱਧਰ ਦਾ ਮੁਲਾਂਕਣ ਤਾਂ ਪਾਠਕ ਜਾਂ ਸ੍ਰੋਤੇ ਉਦੋਂ ਹੀ ਕਰ ਸਕਦੇ ਹਨ, ਜਦੋਂ ਉਹ ਉਹਨਾਂ ਦੇ ਰਚੇ ਸਾਹਿਤ ਨੂੰ ਪੜ੍ਹਣ ਤੇ ਉਸਦਾ ਉੱਤਮ ਸਾਹਿਤ ਨਾਲ ਮੁਕਾਬਿਲਾ ਕਰਨ। ਪਰ ਪੜ੍ਹਣ-ਪੜ੍ਹਾਉਣ ਦੀ ਆਦਤ ਤਾਂ ਸਮਾਜ ਵਿਚੋਂ ਮੁੱਕਦੀ ਜਾਂ ਰਹੀ ਹੈ। ਸੰਚਾਰ-ਮਾਧਿਆਮ ਜੋ ਜਾਣਕਾਰੀ ਵੰਡ ਰਹੇ ਹਨ, ਉਸਨੂੰ ਪ੍ਰਮਾਣੀਕ ਮੰਨਿਆ ਜਾ ਕਿਹਾ ਹੈ ਤੇ ਸਾਧਾਰਨ ਮਨੁੱਖ ਤਾਂ ਇਸੇ ਜਾਣਕਾਰੀ ਦੇ ਆਧਾਰ ਤੇ ਗ਼ੈਰ-ਲੇਖਕ ਨੂੰ ਮਹਾਨ ਲੇਖਕ ਮੰਨਣ ਲਈ ਤਿਆਰ ਹੋ ਜਾਂਦਾ ਹੈ। ਇਸ ਸੰਦਰਭ ਵਿੱਚ, ਸਮਾਜ ਜਾਂ ਪਾਠਕ ਵਰਗ ਨੂੰ ਦੋਸ਼-ਮੁਕਤ ਨਹੀਂ ਕੀਤਾ ਜਾ ਸਕਦਾ, ਪਰ ਉਸਨੂੰ ਦੋਸ਼ੀ ਬਨਾਉਣ ਵਿੱਚ ਜੋ ਮਹਾਨ ਭੂਮਿਕਾ ਸੰਚਾਰ-ਮਾਧਿਅਮ ਨੇ ਅਦਾ ਕੀਤੀ ਹੈ, ਉਹ ਕਿਤੇ ਵੱਧ ਭਿਆਨਕ ਤੇ ਦੰਡਯੋਗ ਹੈ।

ਪਿਛਲੇ ਕਈ ਦਹਾਕਿਆਂ ਤੋਂ ਭਾਰਤੀ ਸਮਾਜ ਦੀ ਭਿਆਨਕ ਸਮੱਸਿਆ ਮੁੱਲਾਂ ਦੇ ਟਕਰਾਅ ਦੀ ਸਮੱਸਿਆ ਹੈ। ਪੂਰਬੀ ਅਤੇ ਪੱਛਮੀ ਸਭਿਅਤਾ ਦਾ ਜੋ ਟਕਰਾਅ ਅੰਗ੍ਰੇਜ਼ੀ ਹਕੂਮਤ ਦੇ ਦੌਰਾਨ ਸ਼ੁਰੂ ਹੋਇਆ ਸੀ, ਉਸਦਾ ਪ੍ਰਚੰਡ ਰੂਪ ਅੰਗ੍ਰੇਜ਼ਾਂ ਦੇ ਇਥੋਂ ਤੁਰ ਜਾਣ ਮਗਰੋਂ ਸਪੱਸ਼ਟ ਹੋ ਕੇ ਸਾਮ੍ਹਣੇ ਆਇਆ ਹੈ। ਸੰਚਾਰ-ਮਾਧਿਅਮਾਂ, ਵਿਸ਼ੇਸ਼ ਤੌਰ ਤੇ ਦੂਰਦਰਸ਼ਨ, ਨੇ ਆਧੁਨਿਕਤਾ ਦੇ ਨਾਂ ਤੇ, ਸਮਾਜਿਕ ਚੇਤਨਾ ਨੂੰ ਜਿਸ ਤਰ੍ਹਾਂ ਪੱਛਮੀ ਸਭਿਅਤਾ ਵੱਲ ਮੋੜਣਾ ਆਰੰਭ ਕੀਤਾ ਹੈ, ਉਸਦੇ ਨਾਲ ਇਹ ਸਮੱਸਿਆ ਹਲ ਹੋਣ ਦੀ ਥਾਂ ਤੇ ਹੋਰ ਵੀ ਉਲਝਦੀ ਜਾ ਰਹੀ ਹੈ। ਅਦਾਕਾਰੀ ਦੇ ਮੁਕਾਬਿਲੇ ਤੇ ਨੱਚਣ-ਟੱਪਣ ਨੂੰ, ਸ਼ਾਸਤਰੀ-ਸੰਗੀਤ ਦੇ ਮੁਕਾਬਿਲੇ ਤੇ ਪੌਪ ਸੰਗੀਤ ਨੂੰ, ਸੰਯੁਕਤ ਪਰਿਵਾਰ ਦੇ ਮੁਕਾਬਿਲੇ ਤੇ ਵਿਅਕਤੀਵਾਦੀ ਹੋਂਦ ਨੂੰ, ਸਥਾਪਿਤ ਸਿਹਤਮੰਦ ਕਦਰਾਂ ਦੇ ਮੁਕਾਬਿਲੇ ਤੇ ਕਦਰ-ਸ਼ਿਕਨੀ ਨੂੰ ਹਵਾ ਦੇ ਕੇ ਸੰਚਾਰ-ਮਾਧਿਅਮ ਸਮਾਜ ਨੂੰ ਕਿਹੜੀ ਦਿਸ਼ਾ ਪ੍ਰਦਾਨ ਕਰਨ ਵਿਚ ਆਪਣੀ ਭੂਮਿਕਾ ਅਦਾ ਕਰ ਰਹੇ ਹਨ, ਇਹ ਸਮਝ ਨਹੀਂ ਆ ਰਿਹਾ ਹੈ।

ਅੱਜ ਦਾ ਭਾਰਤੀ ਸਮਾਜ ਬੜੇ ਸੰਘਰਸ਼ ਪੂਰਨ ਦੌਰ ਵਿਚੋਂ ਦੀ ਲੰਘ ਰਿਹਾ ਹੈ। ਮੱਧਕਾਲ ਦੇ ਸਾਮੰਤਵਾਦ ਨੇ ਉਸਦੀ ਆਰਥਿਕ ਸੋਚ ਨੂੰ ਜਹਾਲਤ ਦੀਆਂ ਜਿਹਨਾਂ ਲੋਰੀਆਂ ਦੁਆਰਾ ਸੁਲਾ-ਸੁਲਾ ਕੇ ਰੱਖਿਆ ਸੀ, ਅਜੇ ਉਹਨਾਂ ਲੋਰੀਆਂ ਦਾ ਮੋਹ ਸਾਡਾ ਸਮਾਜ ਨਹੀਂ ਤਿਆਗ ਸਕਿਆ ਹੈ। ਇੱਕੀਵੀਂ ਸਦੀ ਵਿਚ ਪ੍ਰਵੇਸ਼ ਕਰ ਰਹੀ ਦੁਨੀਆ ਦੇ ਨਾਲ ਮੋਢਾ ਮੇਚਣ ਦੀ ਗੱਲ ਤਾਂ ਅਸੀਂ ਕਰਦੇ ਹਾਂ, ਪਰ ਵਾਸਤਵ ਵਿੱਚ ਸਾਡਾ ਸਮਾਜ ਤਾਂ ਅਜੇ ਪੰਦਰਵੀਂ-ਸੋਲ੍ਹਵੀਂ ਸਦੀ ਵਿਚ ਹੀ ਜੀ ਰਿਹਾ ਹੈ। ਅਣਪੜ੍ਹਤਾ, ਵਹਿਮ-ਭਰਮ, ਧਾਰਮਿਕ ਕਰਮਕਾਂਡ, ਸੰਪ੍ਰਦਾਇਕਤਾ, ਪ੍ਰਾਦੇਸ਼ਿਕਤਾ, ਭਾਸ਼ਾਵਾਦ, ਇਲਾਕਾਵਾਦ, ਆਰਥਿਕ ਸ਼ੋਸ਼ਣ ਅਤੇ ਰਾਜਨੀਤਿਕ ਦੀਵਾਲੀਆਪਨ ਅਜੇ ਵੀ ਸਾਡੇ ਸਮਾਜ ਵਿਚ ਉਵੇਂ ਦੇ ਉਵੇਂ ਵਿਆਪਤ ਹਨ। ਅਜੇ ਵੀ ਮੰਦਰ-ਮਸਜਿਦ ਦੇ ਨਾਂ ਤੇ, ਪਵਿੱਤਰ ਪੋਥੀਆਂ ਦੇ ਨਾਂ ਤੇ, ਰਹੁ-ਰੀਤਾਂ ਦੇ ਨਾਂ ਤੇ ਇੱਕ ਮਨੁੱਖ ਦੂਜੇ ਮਨੁੱਖ ਦੀ ਗਰਦਨ ਲਾਹੁਣੋਂ ਗੁਰੇਜ਼ ਨਹੀਂ ਕਰ ਰਿਹਾ ਹੈ। ਅਜੇ ਵੀ ਹਰ ਸੰਪ੍ਰਦਾਇ ਧਰਮ ਦੇ ਖ਼ਤਰੇ ਵਿਚ ਪੈਣ ਦਾ ਐਲਾਨ ਕਰ ਕੇ ਸਮੂਹਿਕ ਭਾਵਨਾਵਾਂ ਨੂੰ ਜਿੱਧਰ ਚਾਹੇ ਉੱਧਰ ਮੋੜਣ ਦੇ ਸਮਰਥ ਹੈ। ਅਜੇ ਵੀ ਵੋਟ ਦੀ ਰਾਜਨੀਤੀ ਧਰਮ, ਸੰਪ੍ਰਦਾਇ ਤੇ ਜਾਤ ਦੇ ਆਧਾਰਾਂ ਤੇ ਹੀ ਕਾਇਮ ਹੈ। ਅਜਿਹੇ ਸਮਾਜ ਵਿੱਚ ਵਾਸਤਵਿਕ ਚੇਤਨਾ ਲਿਆਉਣ ਲਈ ਈਮਾਨਦਾਰ ਲੇਖਕਾਂ ਦੇ ਕਲਮ ਦਾ ਸੁਤੰਤਰ ਅਤੇ ਪ੍ਰਤੀਬੱਧ ਹੋਣਾ ਜ਼ਰੂਰੀ ਹੈ ਤੇ ਉਸ ਤੋਂ ਵੀ ਵੱਧ ਜ਼ਰੂਰੀ ਹੈ, ਉਸਦੀ ਵਿਲਕਦੀ ਹੋਈ ਆਤਮਾ ਦੀ ਆਵਾਜ਼ ਨੂੰ ਲੋਕਾਂ ਤਕ ਪੁਚਾਉਣਾ, ਜਿਸਦੇ ਲਈ ਸੰਚਾਰ-ਮਾਧਿਅਮਾਂ ਦੀ ਦੁਰ-ਵਰਤੋਂ ਨੂੰ ਠੱਲ੍ਹ ਪਾਉਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ।

੧੬੯, ਸੈਕਟਰ-੧੭
ਪੰਚਕੂਲਾ-੧੩੪੧੦੯


TOP TRAK
new generation bikes
new range for all ages
new
new
new
new
PARTAP ENGINEERS
AN ISO 9001 COMPANY
BHAGWAN CHOWK, LUDHIANA - 141 003 (INDIA)
Tel : 91-161-2533276, 2540209 FAX : 91-161-2533273
E-MAIL : gspartap@glide.net.in
Website : www.partapexports.com

ਸ. ਹਰੀ ਸਿੰਘ ਵਡਾਣੀਆ ਨੂੰ ਯਾਦ ਕਰਦਿਆਂ

ਸੁਚੱਜੀ ਜੀਵਨ-ਜਾਚ ਵਾਲਾ ਗੁਰ ਸਿੱਖ

—ਸੁਵਰਨ ਸਿੰਘ ਵਿਰਕ

...ਦਸਾਂ ਨਹੁੰਆਂ ਵਾਲੀ ਸੁੱਚੀ ਕਿਰਤ ਕਮਾਈ ਕਰਨ ਵਾਲੇ ਗੁਰ ਸਿੱਖ ਪਰਿਵਾਰ ਦੇ ਘਰ ਪਿੰਡ ਵਡਾਣਾ ਨੇੜੇ ਕਸੂਰ ਜ਼ਿਲ੍ਹਾ ਲਾਹੌਰ ਵਿਚ ੧੯੧੪ ਈ. ਵਿਚ ਹਰੀ ਸਿੰਘ ਨੇ ਪਹਿਲੀ ਵੇਰ ਦੁਨੀਆਂ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ। ਇਹ ਪਿੰਡ ਮਾਝੇ ਦੇ ਭੁੱਲਰ ਜੱਟਾਂ ਦੇ ਪ੍ਰਸਿੱਧ ਪਿੰਡ ਲਲਿਆਣੀ ਵਿਚੋਂ ਹੀ ਨਿਕਲ ਕੇ ਬੱਝਾ ਸੀ। ਸਕੂਲੀ ਵਿਦਿਆ ਆਪ ਦੀ ਸਿਰਫ ਇਕ ਜਮਾਤ ਤੱਕ ਹੀ ਸੀ। ਪਰ ਅਭਿਆਸ ਨਾਲ ਹਿੰਦੀ, ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਦਾ ਵੀ ਅੱਖਰ ਗਿਆਨ ਹਾਸਲ ਕਰ ਲਿਆ। ਆਪਣੇ ਨਾਨਕੇ ਵਲਟੋਹੇ ਦੇ ਨਿਰਮਲੇ, ਸੰਤਾਂ ਦੇ ਡੇਰੇ ਤੋਂ ਗੁਰਮੁੱਖੀ ਸਿੱਖ ਕੇ ਗੁਰਬਾਣੀ ਦੇ ਵਧੀਆ ਪਾਠੀ ਬਣ ਗਏ। ਡੇਰੇ ਦੇ ਸਾਧ ਨੇ ਹੋਣਹਾਰ ਬਾਲਕ ਨੂੰ ਕੀਲਣ ਵਾਸਤੇ ਆਪਣੀ ਗੱਦੀ ਦਾ ਪ੍ਰਲੋਭਨ ਵੀ ਦਿਤਾ। ਪਰ ਗੁਰੂ ਘਰ ਨਾਲ ਪ੍ਰੇਮ ਨੇ ਹਰੀ ਸਿੰਘ ਨੂੰ ਉਹਨਾਂ ਸੰਗਲਾਂ ਵਿਚ ਬੱਝਣ ਨਾ ਦਿੱਤਾ। ਸਤਿਗੁਰੂ ਪਰਤਾਪ ਸਿੰਘ ਜੀ ਦੇ ਅਨਿੰਨ ਸਿੱਖ ਸੰਤ ਪ੍ਰੀਤਮ ਸਿੰਘ ਜੀ ਚੇਲੇਕਿਆਂ ਵਾਲੇ ਗੁਰੂ ਦੇ ਲੰਗਰ ਦੀ ਉਗਰਾਹੀ ਵਾਸਤੇ ਜ਼ਿਲ੍ਹਾ ਲਾਹੌਰ ਦਾ ਦੌਰਾ ਕਰਦੇ ਹੀ ਰਹਿੰਦੇ ਸਨ। ਉਹਨਾਂ ਦੀ ਸੰਗਤ ਯੁਵਾ ਹਰੀ ਸਿੰਘ ਨੂੰ ਅਧਿਆਤਮਕ ਮਾਰਗ ਦੀ ਸੋਝੀ ਵੀ ਕਰਵਾ ਦਿਤੀ ਅਤੇ ਗੁਰੂ ਘਰ ਨਾਲ ਪ੍ਰੀਤ ਦੀ ਅਟੁੱਟ ਡੋਰੀ ਵਿਚ ਬੱਝ ਗਏ।

"ਹੋਨਹਾਰ ਬਿਰਵਾਨ ਕੇ ਹੋਤ ਚਿਕਨੇ ਪਾਤ" ਦੇ ਅਨੁਸਾਰ ਹਰੀ ਸਿੰਘ ਦੀ ਊਰਜਾ ਯੁਕਤ ਜੀਵਨ ਸ਼ੈਲੀ ਅਤੇ ਗੁਰੂ ਘਰ ਨਾਲ ਪ੍ਰੇਮ ਦੀ ਸੋਅ ਗੁਰੂ ਦਰਬਾਰ ਤੱਕ ਸ੍ਰੀ ਭੈਣੀ ਸਾਹਿਬ ਜਾ ਪੁੱਜੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਜੋ ਚੰਗੇ ਪੁਰਖਾਂ ਦੇ ਵਿਸ਼ੇਸ਼ ਪਾਰਖੂ ਸਨ, ਬਾਬਾ ਚਤਰ ਸਿੰਘ ਹੋਰਾਂ ਨੂੰ ਆਖਿਆ ਕਿ ਉਹ ਆਪਣਾ ਇਕ ਪੁੱਤਰ ਗੁਰੂ ਘਰ ਨੂੰ ਦੇ ਦੇਣ। ਬਾਬਾ ਜੀ ਨੇ ਗੱਲ ਵਲਣੀ ਚਾਹੀ—ਇਕ ਕਿਉਂ ਜੀ ਸਾਰੇ ਹੀ ਤੁਹਾਡੇ ਨੇ। "ਨਹੀ ਬਾਬਾ ਜੀ ਜਿਹੜਾ ਤੁਹਾਡੇ ਪਰਿਵਾਰ ਦਾ ਮੁਖੀ ਹੈ, ਉਹ ਪੁੱਤਰ ਸਾਨੂੰ ਦੇ ਦਿਓ"। ਤੇ ਇਸ ਤਰ੍ਹਾਂ ਹਰੀ ਸਿੰਘ ਹੋਰੀਂ ਜਿਹੜੇ ਪਾਠੀ ਵਲੋਂ ਵੀ ਮਕਬੂਲ ਹੋ ਚੁੱਕੇ ਸਨ, ਸ੍ਰੀ ਭੈਣੀ ਸਾਹਿਬ ਪੁੱਜ ਕੇ ਪਾਠਾਂ ਵਿਚ ਲੱਗ ਗਏ। ਕਿਉਂ ਜੁ ਸਤਿਗੁਰੂ ਰਾਮ ਸਿੰਘ ਜੀ ਦਾ ਗੁਰਬਾਣੀ ਦੇ ਪਾਠ ਵੱਧ ਤੋਂ ਵੱਧ ਕਰਵਾਉਣ ਦਾ ਹੁਕਮ ਨਾਮਧਾਰੀ ਸੰਗਤ ਲਗਾਤਾਰ ਮੰਨਦੀ ਆ ਰਹੀ ਹੈ। ਗੁਰੂ ਹਰੀ ਸਿੰਘ ਜੀ ਸਮੇਂ ਤਾਂ ਸਰਕਾਰ ਤੋਂ ਚੋਰੀ ਭੋਰਿਆਂ ਵਿਚ ਪਾਠ ਕੀਤੇ ਜਾਂਦੇ ਸਨ, ਜਦੋਂ ਪੁਲਿਸ ਚੌਕੀ ਡੇਰੇ ਭੈਣੀ ਸਾਹਿਬ ਦੇ ਐਨ ਨੱਕ ਉਤੇ ਸੀ। ਹੁਣ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਖੁੱਲ੍ਹਾਂ ਹੋ ਗਈਆਂ ਸਨ ਅਤੇ ਸਾਰੇ ਪੰਜਾਬ ਵਿਚੋਂ ਸੰਗਤ ਵਾਰੀ ਵਾਰੀ ਆਕੇ ਪਾਠਾਂ ਵਿਚ ਲੱਗਦੀ ਸੀ। ਇਹ ਸਮਾਂ ੧੯੩੯-੪੦ ਈ. ਦੇ ਲਾਗੇ ਚਾਗੇ ਦਾ ਹੈ। ਗੁਰਦੁਆਰਾ ਭੈਣੀ ਸਾਹਿਬ ਦੀ ਮੁਖਤਿਆਰੀ, ਜੱਥੇਦਾਰ ਗੁਰਮੁਖ ਸਿੰਘ ਝੱਬਰ ਦੇ ਆਪਣੇ ਪਿੰਡ ਚਲੇ ਜਾਣ ਬਾਅਦ ਹਜ਼ਾਰਾ ਸਿੰਘ ਚੱਠਾ ਹੋਰਾਂ ਪਾਸ ਸੀ। ਹੁਣ ਪਾਠੀਆਂ ਨੂੰ ਜੁਆਰ ਵੱਢਣ ਦਾ ਹੁਕਮ ਹੋਇਆ। ਡੇਰੇ ਦੇ ਮਾਲ ਵਾਸਤੇ ਕਟਾਣੀ ਪਿੰਡ ਵਿਚੋਂ ਜੁਆਰ ਖਰੀਦੀ ਸੀ। ਸੁੱਚਾ ਸਿੰਘ ਮੱਖੀਵਾਲਾ ਡੇਰੇ ਵਿਚ ਪਹਿਲਾਂ ਹੀ ਰਹਿੰਦਾ ਸੀ ਇਸ ਲਈ ਉਹਦਾ ਤੇ ਹਰੀ ਸਿੰਘ ਹੋਰਾਂ ਦਾ ਜੋੜ ਬਣ ਗਿਆ। ਜੁਆਰ ਵੱਢਣ ਲਈ ਪਾਤਾਂ ਮੱਲੀਆਂ ਗਈਆਂ। ਸ਼ਾਮ ਨੂੰ ਬਾਬਾ ਜਗਜੀਤ ਸਿੰਘ ਜੀ ਨੇ ਜੱਥੇਦਾਰ ਹਜ਼ਾਰਾ ਸਿੰਘ ਚੱਠੇ ਤੋਂ "ਨੰਬਰ ਕਿਸ ਟੀਮ ਦਾ ਅੱਗੇ ਹੈ" ਪੁੱਛਿਆ ਤਾਂ ਜੱਥੇਦਾਰ ਨੇ ਕਿਹਾ ਕਿ ਸੁੱਚਾ ਸਿੰਘ ਅਤੇ ਹਰੀ ਸਿੰਘ ਦਾ। ਬਾਬਾ ਜੀ ਸੁੱਚਾ ਸਿੰਘ ਨੂੰ ਤੇ ਡੇਰੇ ਵਿਚ ਰਹਿਣ ਕਾਰਨ, ਜਾਣਦੇ ਸੀ, ਪਰ ਹਰੀ ਸਿੰਘ ਉਨ੍ਹਾਂ ਲਈ ਨਵਾਂ ਸੀ। ਪੁੱਛਣ ਤੇ ਪਤਾ ਲੱਗ ਗਿਆ ਕਿ ਬਾਬਾ ਚਤਰ ਸਿੰਘ ਵਡਾਣੇ ਦਾ ਪੁੱਤਰ ਹੈ। ਉਹ ਦਿਨ ਜਾਵੇ ਤੇ ਆਹ ਆਵੇ ਹਰੀ ਸਿੰਘ ਓਦੋਂ ਦੇ ਬਾਬਾ ਅਤੇ ਹੁਣ ਦੇ ਸਤਿਗੁਰੂ ਜਗਜੀਤ ਸਿੰਘ ਹੋਰਾਂ ਦਾ ਮਨਜ਼ੂਰ-ਇ-ਨਜ਼ਰ ਬਣ ਗਿਆ।

ਫਿਰ ਹਰੀ ਸਿੰਘ ਪ੍ਰੀਤਮ ਸਿੰਘ ਕਵੀ, ਚੰਦ੍ਰਹਾਂਸ (ਹਜ਼ੂਰ ਸਿੰਘ), ਇੰਦਰ ਸਿੰਘ ਮੈਂਬਰ, ਕੁੰਦਨ ਸਿੰਘ ਨੱਕਈ, ਕੁੰਦਨ ਸਿੰਘ ਪਲੋ ਆਦਿ ਨਾਲ ਬਾਬਾ ਜੀ ਦੀ ਹਜ਼ੂਰੀ ਚਾਰ-ਯਾਰੀ ਵਿਚ ਖੇਡਦਾ ਮੱਲਦਾ ਰਿਹਾ। ਜਦੋਂ ਕੁ ਜਿਹੇ ਜੀਵਨ ਨਗਰ ਇਲਾਕੇ ਦੀ ਜ਼ਮੀਨ ਖਰੀਦੀ ਜਾ ਰਹੀ ਸੀ, ਬਾਬਾ ਜਗਜੀਤ

ਸਿੰਘ ਖਜ਼ਾਨਚੀ ਸਨ। ਰਕਮ ਆਪ ਪਾਸ ਇੱਕਠੀ ਹੁੰਦੀ ਸੀ। ਭੱਜ ਨੱਸ ਕਾਰਣ, ਆਪ ਦਾ ਸ਼ਰੀਰ ਠੀਕ ਨਾ ਰਿਹਾ, ਪਹਿਲਾਂ ਨੌਹਰ ਵੈਦਾਂ ਪਾਸ ਫਿਰ ਜੀਵਨ ਨਗਰ ਰੱਖਿਆ। ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫਿਰ ਹਰੀ ਸਿੰਘ ਅਤੇ ਬਾਬਾ ਜੀ ਦੀ ਮਿੱਤਰਤਾ ਨੂੰ ਭਾਂਪਦਿਆਂ ਹਰੀ ਸਿੰਘ ਹੋਰਾਂ ਨੂੰ ਕਿਹਾ, "ਤੂੰ ਵੱਡੇ ਕਾਕੇ ਕੋਲ ਰਹੁ ਤੇਰੇ ਕੋਲ ਰਹਿਣ ਨਾਲ ਕਾਕਾ ਰਾਜ਼ੀ ਰਹਿੰਦਾ ਹੈ" ਤਾਂ ਕੁਝ ਸਮਾਂ ਆਪ ਨੇ ਉਹਨਾਂ ਦੀ ਸੇਵਾ ਵਿਚ ਤੀਮਾਰਦਾਰੀ ਕਰਦਿਆਂ ਬਤੀਤ ਕੀਤਾ।

ਇਸ ਸਮੇਂ ਦੇਸ਼ ਦੀ ਵੰਡ ਦੇ ਚਰਚੇ ਸਿਆਸੀ ਫਿਜ਼ਾ ਵਿਚ ਹੋਣੇ ਸ਼ੁਰੂ ਹੋ ਗਏ ਸਨ। ਦੂਰ-ਅੰਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਚਾਹੁੰਦੇ ਸਨ ਕਿ ਪੱਛਮੀ ਪੰਜਾਬ ਵਿਚ ਵੱਸਣ ਵਾਲੇ ਸਾਰੇ ਹੀ ਨਾਮਧਾਰੀ ਸਿੰਘ ਘਰ ਪਰਿਵਾਰ ਸਮੇਤ ਬਰਵਕਤ ਹੀ ਸੁੱਰਖਿਅਤ ਸਥਾਨਾਂ ਤੇ ਪਹੁੰਚਾਏ ਜਾਣ। ਦੁਨੀਆਂ ਤੇ ਇਤਿਹਾਸ ਵਿਚ ਵਾਪਰਨ ਵਾਲੇ ਇਸ ਬੇਮਿਸਾਲ ਵਰਤਾਰੇ ਵਾਸਤੇ ਉਹ ਆਪਣੀ ਸੰਗਤ ਨੂੰ ਮਾਨਸਿਕ ਤੌਰ ਤੇ ਤਿਆਰ ਕਰਨਾ ਚਾਹੁੰਦੇ ਸਨ। ਭਾਂਵੇਂ ਬੰਦਾ ਹੋਵੇ ਤੇ ਭਾਵੇਂ ਕੋਈ ਰੁੱਖ-ਬੂਟਾ ਆਪਣੀਆਂ ਜੜ੍ਹਾਂ, ਆਪਣੀ ਮਿੱਟੀ ਤੋਂ ਨਿੱਖੜਨੇ ਬੜਾ ਬਿਖਮ ਕਾਰਜ ਤੇ ਤਲਖ ਹਕੀਕਤ ਹੁੰਦੀ ਹੈ। ਇਹ ਇਤਿਹਾਸਕ ਜ਼ਿੰਮੇਵਾਰੀ ਨਿਭਾਉਣ ਦੀ ਪਿਤਾ ਸਤਿਗੁਰੂ ਵੱਲੋਂ ਬਾਬਾ (ਸਤਿਗੁਰੂ) ਜਗਜੀਤ ਸਿੰਘ ਜੀ ਨੂੰ ਸੇਵਾ ਲਾਈ ਗਈ। ਬਾਬਾ ਜੀ ਨੇ ਆਪਣੇ ਨਾਲ ਜਾਣ ਵਾਲੀ ਟੀਮ ਵਿਚ ਜੀਪ ਡਰਾਇਵਰ ਨਾਹਰ ਸਿੰਘ, ਲਾਂਗਰੀ ਕ੍ਰਿਪਾਲ ਸਿੰਘ ਝੱਬਰ ਅਤੇ ਹਜ਼ੂਰੀ ਸੇਵਕ ਦੇ ਤੌਰ ਤੇ ਹਰੀ ਸਿੰਘ ਸ਼ਾਮਲ ਕਰ ਲਿਆ। ਪਹਿਲਾਂ ਸੇਖੂਪੁਰਾ ਅਤੇ ਫਿਰ ਲਾਇਲਪੁਰ ਜ਼ਿਲ੍ਹੇ ਦੀ ਸਾਧ ਸੰਗਤ ਨੂੰ ਗੁਰੂ ਦਾ ਹੁਕਮ ਸੁਣਾਇਆ ਕਿ ਰੌਲਾ ਪੈਣ ਵਾਲਾ ਹੈ ਕੋਸ਼ਿਸ਼ ਕਰਕੇ ਬੀਕਾਨੇਰ ਰਿਆਸਤ ਦੇ ਟਿੱਬੀ ਨਗਰ ਵਿਚ ਪੁੱਜ ਜਾਓ, ਜਿੱਥੇ ਸ. ਤਾਰਾ ਸਿੰਘ ਹੋਰਾਂ ਦੀ ਢਾਣੀ ਉਤੇ ਸੰਤ ਆਲਾ ਸਿੰਘ ਵਰਨ ਦੀ ਅਗੁਆਈ ਵਿਚ ਨਾਮਧਾਰੀ ਸੰਗਤ ਇਕ ਡੇਰੇ ਦੇ ਰੂਪ ਵਿਚ ਰਹਿ ਰਹੀ ਸੀ ਅਤੇ ਆਇਆਂ ਗਿਆਂ ਲਈ ਲੋਹ-ਲੰਗਰ ਚੱਲ ਰਿਹਾ ਸੀ। ਪਰ ਹਰੀ ਸਿੰਘ ਹੋਰਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵਾਪਸੀ ਤੇ ਰੀਪੋਰਟ ਕੀਤੀ ਕਿ ਲੋਕਾਂ ਨੂੰ ਆਪਦਾ ਹੁਕਮ ਤਾਂ ਸੁਣਾਇਆ ਹੈ, ਪਰ ਕੋਈ ਵੀ ਘਰ ਬਾਰ ਛੱਡਣ ਲਈ ਤਿਆਰ ਨਹੀਂ। ਇਸ ਤੋਂ ਪਹਿਲਾ ਸਤਿਗੁਰੂ ਪ੍ਰਤਾਪ ਸਿੰਘ ਖ਼ੁਦ ਜਾਕੇ ਵੀ ਸੰਗਤ ਨੂੰ ਕਹਿ ਚੁੱਕੇ ਸਨ। ਸੋ ਆਪ ਨੇ ਫਰਮਾਇਆ ਕਿ ਹੁਣ ਤਾਂ ਨਹੀਂ ਮੰਨਦੇ ਪਰ ਬਾਅਦ ਵਿਚ ਔਖੇ ਹੋਣਗੇ।

ਇਕ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਲਾਹੌਰ ਵਿਖੇ ਸਨ। ਵੱਡੇ ਬਾਬਾ ਜੀ ਵੀ ਨਾਲ ਸਨ। ਇਹ ਜਾਣਕੇ ਕਿ ਭਲਕੇ ਪੰਡਿਤ ਜਵਾਹਰ ਲਾਲ ਨਹਿਰੂ ਲੁਧਿਆਣੇ ਆ ਰਿਹਾ ਹੈ ਆਪ ਨੇ ਵੱਡੇ ਬਾਬਾ ਜੀ ਨੂੰ ਕਿਹਾ ਕਿ ਕਾਕਾ ਤੂੰ ਹੁਣੇ ਲਧਿਆਣੇ ਤੁਰ ਜਾ ਅਤੇ ਕਲ੍ਹ ਨਨਕਾਣਾ ਸਾਹਿਬ (ਕੱਤਕ ਪੁੰਨਿਆ ਦੇ) ਗੁਰਪੁਰਬ ਤੇ ਪਹੁੰਚਣ ਲਈ ਪੰਡਿਤ ਜੀ ਨੂੰ ਮੇਰੇ ਵਲੋਂ ਆਖ ਦੇਵੀਂ ਅਤੇ ਨਾਲ ਲੈ ਕੇ ਆਵੀਂ। ਆਪ ਹੁਕਮ ਮੰਨ ਕੇ ਚੱਲ ਪਏ। ਸ਼ਾਮ ਚਾਰ ਵਜੇ ਜਦੋਂ ਜੀਪ ਪੈਂਤੀ ਮੀਲ ਦਾ ਸਫ਼ਰ ਕਰਕੇ ਕਸੂਰ ਪਹੁੰਚੀ ਤਾਂ ਖਰਾਬ ਹੋ ਗਈ। ਬਾਬਾ ਜੀ ਲਾਂਗਰੀ ਸਮੇਤ ਕਸੂਰ ਹਰੀ ਸਿੰਘ ਦੀ ਆੜ੍ਹਤ ਤੇ ਆ ਦਰਸ਼ਨ ਦਿਤੇ। ਆਪ ਨੇ ਰਾਤੋਂ ਰਾਤ ਲੁਧਿਆਣੇ ਪਹੁੰਚਣ ਦਾ ਪ੍ਰਬੰਧ ਕਰਨ ਲਈ ਕਿਹਾ। ਕਸੂਰ ਛੋਟਾ ਸ਼ਹਿਰ ਸੀ, ਜਿੱਥੇ ਉਹਨਾਂ ਦਿਨਾਂ ਵਿਚ ਟੈਕਸੀ ਕੋਈ ਨਹੀਂ ਸੀ ਮਿਲਦੀ। ਸੋ ਰਾਤ ਅੱਠ ਵਜੇ ਦੀ ਗੱਡੀ ਲਾਹੌਰ ਪੁੱਜੇ। ਹਰੀ ਸਿੰਘ ਨੂੰ ਵੀ ਨਾਲ ਹੀ ਲਿਆ। ਕਾਫੀ ਨੱਠ ਭੱਜ ਕੀਤੀ ਪਰ ਪੈਟਰੋਲ ਦਾ ਰਾਸ਼ਨ ਹੋਣ ਕਾਰਨ, ਦੂਜੀ ਸੰਸਾਰ ਜੰਗ ਦਾ ਸਮਾਂ ਸੀ, ਕੋਈ ਟੈਕਸੀ ੪੦ ਮੀਲ ਤੋਂ ਵੱਧ ਸਫ਼ਰ, ਸਰਕਾਰੀ ਹੁਕਮ ਮੁਤਾਬਿਕ ਨਹੀਂ ਸੀ ਕਰ ਸੱਕਦੀ। ਫਿਰ ਪਤਾ ਲੱਗਾ ਕਿ ਇਕ ਡਾਕ ਗੱਡੀ ਜਿਸਨੂੰ ਥਰਟੀ ਫੋਰ ਆਖਦੇ ਸਨ, ਪਿਸ਼ਾਵਰ ਤੋਂ ਚੱਲ ਕੇ ਲੁਧਿਆਣੇ ਦੇ ਰਸਤੇ ਦਿੱਲੀ ਜਾਂਦੀ ਸੀ, ਇਹ ਤੜਕੇ ਢਾਈ ਵਜੇ ਲਾਹੌਰ ਪਹੁੰਚਦੀ ਸੀ। ਰਾਤ ਇਕ ਵਜੇ ਰੇਲਵੇ ਸਟੇਸ਼ਨ ਤੇ ਪੁੱਜੇ। ਠੰਢ ਦੇ ਦਿਨ ਸਨ। ਕੱਪੜਾ ਵੀ ਕੋਲ ਕੋਈ ਨਾ। ਚਾਹ ਦੀਆਂ ਦੁਕਾਨਾਂ ਤੋਂ ਅੱਗ ਸੇਕੀ ਫਿਰ ਉਹ ਵੀ ਬੰਦ ਹੋ ਗਈਆਂ। ਖੈਰ ਕਿਸੇ ਤਰ੍ਹਾਂ ਗੱਡੀ ਲੈਕੇ ਵਾਪਸ ਲੁਧਿਆਣੇ ਤੱਕ ਖਲੋਤਿਆਂ ਹੀ ਜਾਣਾ ਪਿਆ। ਟੈਕਸੀ ਲੈ ਕੇ ਸਵੇਰੇ ਨੌਂ ਵਜੇ ਇਥੋਂ ਭੈਣੀ ਸਾਹਿਬ ਪੁੱਜੇ ਤੇ ਇਸ਼ਨਾਨ ਪਾਣੀ ਕਰਕੇ ਲੰਗਰ ਛੱਕ ਕੇ ਫਿਰ ਆਪਣੀ ਗੱਡੀ ਲੈਕੇ ਵਾਪਸ ਲੁਧਿਆਣੇ। ਪੰਡਿਤ ਜੀ ਨੂੰ ਦੋ ਵਜੇ ਮਿਲਕੇ ਨਨਕਾਣੇ ਸਾਹਿਬ ਪਹੁੰਚਣ ਦੀ ਸਤਿਗੁਰੂ ਜੀ ਵਲੋਂ ਤਾਕੀਦ ਕਰ ਦਿਤੀ ਫਿਰ ਸਫ਼ਰ ਦੀ ਦੂਸਰੀ ਰਾਤ ਸ਼ੁਰੂ ਹੋਈ। ਬਾਬਾਂ ਜੀ ਤਾਂ ਪੰਡਿਤ ਨਹਿਰੂ ਵਾਲੀ ਗੱਡੀ ਵਿਚ ਬੈਠ ਗਏ ਤੇ ਹਰੀ ਸਿੰਘ ਹੋਰੀ ਪਿੱਛੇ ਪਿੱਛੇ ਆਪਣੀ ਗੱਡੀ ਵਿਚ। ਜਗਰਾਵਾਂ, ਮੋਗਾ, ਕਸੂਰ,

ਲਾਹੌਰ ਵਿੱਚ ਵੱਡੀਆਂ ਭੀੜਾਂ ਪੰਡਿਤ ਨਹਿਰੂ ਦੇ ਸੁਆਗਤ ਲਈ ਜਮਾਂ ਸਨ। ਕਿਤੇ ਕਿਤੇ ਮੁਸਲਿਮ ਲੀਗੀ ਕਾਲੇ ਝੰਡੇ ਵਿਖਾ ਰਹੇ ਸਨ। ਪਰ ਪੰਡਿਤ ਨਹਿਰੂ ਜਦੋਂ ਉਤਰ ਕੇ ਉਹਨਾਂ ਵਿਚ ਜਾਂਦੇ ਤਾਂ ਸਭ ਸ਼ਾਂਤ ਹੋ ਜਾਂਦੇ। ਨਨਕਾਣੇ ਸਾਹਿਬ ਆਪਣੀ ਇੰਤਜ਼ਾਰ ਵਿਚ ਬੈਠੇ ਸਤਿਗੁਰੂ ਪਰਤਾਪ ਸਿੰਘ ਨੂੰ ਜਾ ਮਿਲੇ। ਭੀੜ ਬਹੁਤ ਸੀ। ਗੁਰਦੁਆਰਾ ਜਨਮ ਅਸਥਾਨ ਵਿਚ ਅਕਾਲੀ ਸਿੰਘ ਪੰਡਿਤ ਨਹਿਰੂ ਦੇ ਦਾਖਲੇ ਦਾ ਵਿਰੋਧ ਕਰ ਰਹੇ ਸਨ। ਪਰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸਿੰਘਾਂ ਨੇ, ਇਕ ਦੂਸਰੇ ਦਾ ਹੱਥ ਫੜ ਕੇ, ਰਾਹ ਬਣਾਇਆ ਅਤੇ ਪੰਡਿਤ ਜੀ ਨੂੰ ਆਪਣੇ ਘੇਰੇ ਵਿਚ ਲੈਕੇ, ਜਗਤ ਜਲੰਦਾ ਤਾਰਨ ਵਾਲੇ ਸਤਿਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਤੇ ਸਿਰ ਨਿਵਾਉਣ ਵਿਚ ਸਫਲ ਹੋਏ। ਗੁਰਦੁਆਰੇ ਦੀ ਹਦੂਦ ਵਿਚ ਉਹਨਾਂ ਫਿਰ ਪੰਡਿਤ ਜੀ ਨੂੰ ਬੋਲਣ ਨਾ ਦਿਤਾ, ਤਾਂ ਫਿਰ ਨਾਮਧਾਰੀ ਧਰਮਸਾਲਾ ਨਨਕਾਣਾ ਸਾਹਿਬ ਨੇ ਹੀ ਆਪ ਨੂੰ ਝੱਲਿਆ। ਇੱਥੇ ਉਹਨਾਂ ਅੰਗ੍ਰੇਜ਼ ਸਰਕਾਰ ਵਿਰੁੱਧ ਰੋਹ ਭਰੀ ਤਕਰੀਰ ਵੀ ਕੀਤੀ ਅਤੇ ਬਰਵਕਤ ਸਹਾਇਤਾ ਲਈ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਨਾਮਧਾਰੀ ਸੰਗਤ ਦਾ ਧੰਨਵਾਦ ਵੀ ਕੀਤਾ। ਇਓਂ ਲਗਾਤਾਰ ਦੋ ਰਾਤਾਂ ਵੱਡੇ ਬਾਬਾ ਜੀ ਅਤੇ ਉਹਨਾਂ ਦੇ ਨਾਲ ਸ. ਹਰੀ ਸਿੰਘ ਨੇ ਵੀ ਅੱਖ ਲਾ ਕੇ ਨਾ ਵੇਖੀ ਅਤੇ ਦੇਸ਼ ਅਜ਼ਾਦੀ ਲਈ ਜੂਝਨ ਵਾਲੇ ਲੋਕ ਨਾਇਕਾਂ ਦੀ ਸਰਗਰਮ ਸਹਾਇਤਾ ਕਰ ਕੇ ਸੁਤੰਤਰਤਾ ਸੰਗਰਾਮ ਵਿਚ ਵੀ ਆਪਣਾ ਬਣਦਾ ਯੋਗਦਾਨ ਪਾਇਆ।

ਇਹ ਸਭ ਕੁਝ 'ਗੁਰਗੱਦੀ ਦੇ ਚਾਲੀ ਸਾਲ (ਸਤਿਗੁਰੂ ਜਗਜੀਤ ਸਿੰਘ), ਸਤਿਜੁਗ ਸਪਤਾਹਿਕ ਪਰਚੇ ਦੇ ਦਿੱਲੀ ਤੋਂ ਸੰਨ ੨੦੦੦ ਈ. ਵਿਚ ਛਪਣ ਵਾਲੇ ਵਿਸ਼ੇਸ਼ ਅੰਕ ਵਿਚ ਹਰੀ ਸਿੰਘ ਹੋਰਾਂ ਆਪਣੀ ਕਲਮ ਨਾਲ ਲਿਖ ਕੇ, ਇਹਨਾਂ ਇਤਿਹਾਸਕ ਘਟਨਾਵਾਂ ਨੂੰ ਬੀਤੇ ਦੀ ਧੂੜ ਵਿਚ ਲੁਕਣ ਤੋਂ ਬਚਾ ਲਿਆ ਹੈ। ਉਸੇ ਲੇਖ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ-ਨਸ਼ੀਨੀ, ਸਮੇਂ ਦੇ ਵਿਸ਼ੇਸ਼ ਹਾਲਾਤ ਦੇ ਜ਼ਿਕਰ ਕਰਕੇ ਹਰੀ ਸਿੰਘ ਹੋਰੀਂ ਆਪਣੇ ਇਤਿਹਾਸ-ਬੋਧ ਦਾ ਵੀ ਸਬੂਤ ਦਿੰਦੇ ਹਨ।

"ਸੱਚੇ ਪਾਤਸ਼ਾਹ ਜੀ (ਸਤਿਗੁਰੂ ਪ੍ਰਤਾਪ ਸਿੰਘ) ਦਾ ਸਸਕਾਰ ਕਰਨ ਦਾ ਪ੍ਰੋਗਰਾਮ ਬਣਿਆ ਜਿੱਥੇ ਸੱਚੇ ਪਾਤਸ਼ਾਹ ਜੀ ੪੦ ਦਿਨ ਤਪੱਸਿਆ ਕਰਦੇ ਸਨ। ਉਸਦੇ ਲਾਗੇ ਹੀ ਤਾਂ ਚੱਕਰਵਰਤੀ ਜੀ ਨੇ ਅੱਖਾਂ ਦੇ ਅੱਥਰੂ ਪੂੰਝਦਿਆਂ ਆਖਿਆ, ਸਾਧ ਸੰਗਤ ਜੀ ਗੁਰਗੱਦੀ ਖਾਲੀ ਨਹੀਂ ਹੈ। ਸ੍ਰੀ ਸਤਿਗੁਰੂ ਜੀ ਮੇਰੇ ਨਾਲ ਵੀ ਵੱਡਿਆਂ ਬਾਰੇ ਬਚਨ ਕਰ ਗਏ ਹਨ। ਇਸ ਵਾਸਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੱਦੀ ਉਤੇ ਬੈਠਣ ਦੀ ਬੇਨਤੀ ਕੀਤੀ ਹੈ। ਮਹਾਰਾਜ ਨਿਹਾਲ ਸਿੰਘ ਜੀ ਵੀ ਇਸਨੂੰ ਠੀਕ ਕਿਹਾ। ਬਾਬੇ ਜੰਗ ਸਿੰਘ ਜੀ ਵੀ ਇਹ ਠੀਕ ਕੀਤਾ ਕਹਿ ਕੇ ਸਤਿਗੁਰੂ ਜੀ ਨੂੰ ਗੱਦੀ ਬੈਠਣ ਉਪਰੰਤ ਸਾਰਿਆਂ ਨਾਲ ਮੱਥਾ ਟੇਕਿਆ। ਕੋਈ ਸਰੀਰ ਨਹੀਂ ਰਿਹਾ ਜਿਸਨੇ ਮੱਥਾ ਨਾ ਟੇਕਿਆ ਹੋਵੇ।"

"ਜਿੰਨਾ ਸਤਿਕਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮਿਲਿਆ, ਜਿੰਨਾ ਇਕੱਠ ਦਸਤਾਰ ਬੰਦੀ ਸਮੇਂ ਹੋਇਆ। ਕਿਸੇ ਦੇ ਗੱਦੀ-ਨਸ਼ੀਨ ਹੋਣ ਦੇ ਮੌਕੇ ਤੇ ਨਹੀਂ ਹੋਇਆ ਸਗੋਂ ਈਰਖਾ ਹੁੰਦੀ ਰਹੀ....। ਪਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ ਸਮੇਂ ਕਿਸੇ ਕਿਸਮ ਦੀ ਈਰਖਾ ਨਹੀਂ ਹੋਈ। ਸਭ ਵੱਲੋਂ ਸਤਿਕਾਰ ਹੀ ਮਿਲਿਆ। ਇਤਿਹਾਸ ਨਹੀਂ ਦੱਸਦਾ ਕਿ ਕਿਸੇ ਗੁਰੂ ਦੀ ਗੱਦੀ ਨਸ਼ੀਨੀ ਸਮੇਂ ਏਨਾਂ ਇਕੱਠ ਜਾਂ ਏਨਾਂ ਸਤਿਕਾਰ ਹੋਇਆ ਹੋਵੇ।"

ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ. ਹਰੀ ਸਿੰਘ ਨਾਮਧਾਰੀ ਸਿੰਘਾਂ ਦੇ ਆਪਸੀ ਵਿਵਾਦਾਂ ਦਾ ਨਿਪਟਾਰਾ ਕਰਵਾਉਣ ਲਈ ਪੰਚਾਇਤੀ ਦੀ ਭੂਮਿਕਾ ਵੀ ਨਿਭਾਹੁੰਦੇ ਰਹੇ ਹਨ। ਸਾਡੇ ਇਲਾਕੇ ਵਿਚ ਪਿਛਲੇ ੨੦-੨੫ ਸਾਲਾਂ ਤੋਂ ਇਸੇ ਕੰਮ ਲਈ ਇਕ ਲੋਕ ਪੰਚਾਇਤ ਨਾਂ ਦੀ ਸੰਸਥਾ ਸਰਗਰਮ ਹੈ। ਆਪਣੀਆਂ ਪੰਚਾਇਤੀ ਰੁਚਿਆਂ ਅਤੇ ਭਾਈਚਾਰੇ ਦੀ ਭਾਵਨਾ ਪ੍ਰਫੁੱਲਤ ਕਰਨ ਲਈ ਸ. ਹਰੀ ਸਿੰਘ, ਵਡੇਰੀ ਉਮਰ ਅਤੇ ਖਰਾਬ ਸਿਹਤ ਦੇ ਬਾਵਜੂਦ ਲੋਕ ਪੰਚਾਇਤ ਦੀਆਂ ਮੀਟਿੰਗਾਂ ਅਤੇ ਵਿਸ਼ੇਸ਼ ਸਮਾਗਮਾਂ ਵਿਚ ਹਾਜ਼ਰ ਹੁੰਦੇ ਰਹੇ ਸਨ। ਕਈ ਅਜਿਹੇ ਕੇਸਾਂ ਵਿਚ ਉਹ ਨਿਜੀ ਦਖਲਅੰਦਾਜ਼ੀ ਲਈ ਵੀ ਲੋਕ ਪੰਚਾਇਤ ਦੀ ਬੇਨਤੀ ਪਰਵਾਨ ਕਰਕੇ ਯੋਗ ਕਾਰਵਾਈ ਕਰਿਆ ਕਰਦੇ ਸਨ।

ਸ੍ਰੀ ਸਤਿਗੁਰੂ ਜੀ ਆਪਣੇ ਸਿੱਖ ਦੇ ਸਰਬਪੱਖੀ ਵਿਕਾਸ ਅਤੇ ਉਸਦੇ ਮਨ ਵਿਚ ਨਿਮਰਤਾ ਬਣਾਈ ਰੱਖਣ ਲਈ ਉਹਨੂੰ ਅਕਸਰ ਸੇਵਾ ਕਰਨ ਦਾ ਮੌਕਾ ਦੇ ਕੇ ਨਿਵਾਜਦੇ ਹਨ। ਸ੍ਰੀ ਹਰੀ ਸਿੰਘ ਜੀ ਐਸੇ ਮੌਕਿਆਂ ਦਾ ਲਾਹਾ ਲੈਕੇ ਮਾਨਸ ਜਨਮ ਸੁਕਾਰਥ ਕਰਦੇ ਰਹੇ ਹਨ। ਮਨ ਵਿਚ ਅਭਿਮਾਨ ਦੇ ਉੱਗਦੇ

ਪੁੱਠ ਕੰਡੇ ਨੂੰ ਸੇਵਾ ਦਾ ਸਪਰਸ਼ ਮੋਮ ਕਰ ਦਿੰਦਾ ਹੈ। ਉਪਰੋਕਤ ਚਾਲੀ ਸਾਲਾ ਅੰਕ ਵਿਚੋਂ ਹੀ ਉਹਨਾਂ ਦੀ ਜ਼ਬਾਨੀ ਵਰਣਨ ਕਾਫੀ ਰੋਚਕ ਰਹੇਗਾ—

"ਇਕ ਵੇਰ ਭੈਣੀ ਸਾਹਿਬ ਅੱਸੂ ਦਾ ਮੇਲਾ ਸੀ। ਮੇਲੇ ਤੇ ਤਿਆਰ ਹੋ ਕੇ ਮੈਂ ਸ਼ੁਰੂ ਵਿਚ ਹੀ ਚਲਾ ਗਿਆ। ਸੱਚੇ ਪਾਤਸ਼ਾਹ ਜੀ ਅੱਗੇ ਅਰਜ਼ ਕੀਤੀ" "ਜੀ ਮੈਨੂੰ ਕਿਸ ਸੇਵਾ ਉਤੇ ਲੱਗਣ ਦਾ ਹੁਕਮ ਹੈ।" ਤਾਂ ਗੁਰੂ ਜੀ ਹੁਕਮ ਕੀਤਾ ਤੜਕੇ ਖੂਹ ਵਿਚੋਂ ਪਾਣੀ ਕੱਢਣਾ ਹੈ ਇਕ ਨੇ, ਦੂਸਰਾ ਸਰੀਰ ਸਾਧਾਂ ਨੂੰ ਇਸ਼ਨਾਨ ਕਰਾਵੇਗਾ। ਇਹ ਹੁਕਮ ਸੁਣਕੇ ਮਨ ਵਿਚ ਕੁਝ ਹੋਰ ਤਰ੍ਹਾਂ ਦਾ ਅਸਰ ਪਿਆ ਕਿ ਮੈਂ ਤਾਂ ਲੋਕਾਂ ਦੇ ਫੈਸਲੇ ਕਰਦਾ ਸਾਂ ਜਾਂ ਸਾਧਾਂ ਦੀਆਂ ਕੰਮ ਤੇ ਡਿਊਟੀਆਂ ਲਾਉਂਦਾ ਸਾਂ, ਸੱਚੇ ਪਾਤਸ਼ਾਹ ਜੀ ਨਾਲ ਮੈਂ ੧੮ ਸਾਲ ਫੈਸਲੇ ਕਰਦਾ ਰਿਹਾ ਸੀ। ਮੈਨੂੰ ਕਿਹੜਾ ਕੰਮ ਮਿਲਿਆ। ਪਰ ਹੁਕਮ ਤਾਂ ਮੰਨਣਾ ਹੀ ਸੀ। ਤੜਕੇ ਦੋ ਵਜੇ ਜਾ ਖੂਹ ਵਿਚੋਂ ਪਾਣੀ ਦੇ ਪੀਪੇ ਕੱਢ ਕੇ ਕੜਾਹੇ ਵਿਚ ਪਾਉਣੇ ਸ਼ੁਰੂ ਕੀਤੇ। ਨਾਲ ਦਾ ਸਾਧਾਂ ਦੇ ਇਸ਼ਨਾਨ ਕਰਾਉਂਦਾ ਸੀ। ਸੱਚੇ ਪਾਤਸ਼ਾਹ ਜੀ, ਤੜਕੇ ਦੋ ਵਜੇ ਤੋਂ ਆਪਣੇ ਪ੍ਰਯੋਗ, ਜਾਪ ਜਿਹੜਾ ਸ਼ੁਰੂ ਕੀਤਾ ਸੀ, ਵਿਚ ਬੈਠੇ ਸਨ। ਉਹ ਚਾਦਰ ਦੀ ਗਿਲਤੀ ਮਾਰ ਕੇ, ਮੂੰਹ ਸਿਰ ਤੇ ਝੁੰਬ ਮਾਰਕੇ, ਮੇਰੇ ਪਾਸ ਖੂਹ ਤੇ ਆਏ ਤੇ ਇਸ਼ਾਰਾ ਕੀਤਾ ਹੱਥ ਧੁਆਉਣ ਲਈ ਤਾਂ ਮੈਂ ਹੱਥ ਧੁਆ ਦਿਤੇ ਪਰ ਮੈਂ ਪਛਾਣ ਨਾਂ ਸੱਕਿਆ। ਜਦੋਂ ਖੂਹ ਵਿਚੋਂ ਪੀਪਾ ਬੜੀ ਚੁਸਤੀ ਨਾਲ ਕੱਢਿਆ ਤਾਂ ਮੈਨੂੰ ਸ਼ੱਕ ਪਿਆ ਕਿ ਐਡੀ ਛੇਤੀ ਕਰਨ ਵਾਲਾ ਹੋਰ ਕੌਣ ਹੈ ਤਾਂ ਸਮਝ ਆਈ ਕਿ ਉਹ ਤਾਂ ਗੁਰੂ ਜੀ ਹਨ। ਤਾਂ ਮੈਂ ਅੱਗੇ ਵਧ ਚਰਨੀ ਹੱਥ ਲਾਇਆ। ਉਹਨਾਂ ਇਸ਼ਾਰਾ ਕੀਤਾ, ਚੁੱਪ ਕਰ ਰਹੁ। ਮੈਂ ਚੁੱਪ ਕਰ ਗਿਆ ਪਾਣੀ ਕੱਢ ਕੇ ਕੜਾਹਿਆਂ ਵਿਚ ਭਰ ਦਿੱਤਾ। ਮੈਂ ਪੀਪਾ ਖੂਹ ਵਿਚ ਲਮਕਾ ਕੇ ਫਿਰ ਆਸਾ ਦੀ ਵਾਰ ਵਿਚ ਚਲਾ ਗਿਆ ਏਸੇ ਤਰ੍ਹਾਂ ਰੋਜ ਪ੍ਰਯੋਗ ਕਰਕੇ ਪਾਣੀ ਦੀ ਸੇਵਾ ਕਰਨੀ। ਫੇਰ ਆਸਾ ਦੀ ਵਾਰ ਵਿਚ ਜਾਣਾ, ਸਾਰਾ ਮਹੀਨਾ ਹੀ ਸੇਵਾ ਚੱਲਦੀ ਰਹੀ। ਮੇਰੇ ਮਨ ਵਿਚ ਆਈ ਕਿ ਕਿੱਡੀ ਵਧੀਆ ਸੇਵਾ ਹੈ, ਇਸ਼ਨਾਨ ਕਰਾਉਣ ਦੀ। ਮਨਾਂ ਤੂੰ ਐਵੇਂ ਹੀ ਅਵਾਜ਼ਾਰ ਸੈਂ।

"ਪਹਿਲੇ ਸਾਡੇ ਨਾਲ ਸਾਧਾਂ ਦੇ ਭਾਂਡੇ ਵੀ ਮਾਂਜਿਆ ਕਰਦੇ ਸਨ। ਮੈਨੂੰ ਯਾਦ ਆਇਆ ਕਿ ਮੈਂ ਕਿਤੇ ਪੜ੍ਹਿਆ ਸੀ ਕਿ ਗੁਰੂ ਰਾਮ ਸਿੰਘ ਵੀ ਸਿੱਖਾਂ ਦੇ ਇਸ਼ਨਾਨ ਝੁੰਬ ਮਾਰਕੇ ਕਰਾਉਂਦੇ ਹੁੰਦੇ ਸਨ। ਸੋ ਇਹ ਵੱਡੀ ਸੇਵਾ ਸਤਿਗੁਰੂ ਜੀ ਨੇ ਮੈਨੂੰ ਸਉਂਪੀ"।

ਸ. ਮਹਿੰਦਰ ਸਿੰਘ ਬੱਲ ਅਤੇ ਅਮਰ ਸਿੰਘ ਲੰਬੜਦਾਰ ਸ੍ਰੀ ਜੀਵਨਨਗਰ ਦੇ ਨਾਲ ਆਪ ਨੇ ਜੀਵਨ ਨਗਰ ਦੇ ਨਾਮਧਾਰੀ ਵਿਦਿਆਲੇ ਦੀ ਸੇਵਾ ਵੀ ਕਾਫੀ ਸਮਾਂ ਕੀਤੀ। ਮੁਜਾਰਿਆਂ ਤੋਂ ਠੇਕਾ ਲੈਕੇ ਸਕੂਲ ਦੀ ਜ਼ਮੀਨ ਦਾ, ਅਧਿਆਪਕਾਂ ਨੂੰ ਤਨਖਾਹਾਂ ਦਿੰਦੇ ਸਨ। ਇਕ ਵੇਰ ਠੇਕਾ ਨਾ ਵਸੂਲਿਆ ਗਿਆ ਮੁਜ਼ਾਰਿਆਂ ਤੋਂ। ਮਾਸਟਰਾਂ ਦੀਆਂ ਤਨਖਾਹਾਂ ਰੁਕ ਗਈਆਂ। ਕਮੇਟੀ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ। ਸੱਦਣ ਤੇ ਮੁਜ਼ਾਰਿਆਂ ਕਿਹਾ ਕਿ ਤੰਗੀ ਬਹੁਤ ਹੈ। ਹੱਥ ਤੰਗ ਹੈ। ਸਤਿਗੁਰੂ ਜੀ ਨੇ ਕਮੇਟੀ ਨਾਲ ਸਲਾਹ ਕਰਕੇ ਮੁਜਾਰਿਆਂ ਨੂੰ ਵੀਹ ਮੁਰੱਬਿਆਂ ਦਾ ਠੇਕਾ ਛੱਡ ਦਿਤਾ ਅਤੇ ਤਨਖਾਹਾਂ ਗੁਰੂ ਨੇ ਖਜ਼ਾਨੇ ਵਿਚੋਂ ਅਧਿਆਪਕਾਂ ਨੂੰ ਚੁਕਤਾ ਕਰ ਦਿੱਤੀਆਂ। ਸ. ਹਰੀ ਸਿੰਘ ਲਿਖਦੇ ਹਨ ਕਿ ਸ਼ਾਇਦ ਅਜਿਹਿਆਂ ਗੁਣਾਂ ਕਰਕੇ ਹੱਥਾਂ ਦੇ ਸਖੀ ਸਤਿਗੁਰੂ ਜਗਜੀਤ ਸਿੰਘ ਵਾਸਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਹਾ ਸੀ ਇਹ ਮੇਰੇ ਤੋਂ ਉਤੇ ਹਨ।"

ਸਤਿਗੁਰੂ ਜਗਜੀਤ ਸਿੰਘ ਦੀ ਹਜ਼ੂਰੀ ਵਿਚ ਰਹਿਕੇ ੧੯੬੦ ਈ. ਕਸ਼ਮੀਰ ਦੀ ਸੈਰ, ੧੯੬੨ ਈ. ਵਿਚ ਪਹਿਲਾਂ ਅਫਰੀਕਾ ਅਤੇ ਫਿਰ ਇਸੇ ਸਾਲ ਥਾਈਲੈਂਡ ਦੀ ਯਾਤਰਾ ਵੀ ਕੀਤੀ। ਸ. ਹਰੀ ਸਿੰਘ ਸਤਿਗੁਰੂ ਜੀ ਦੇ ਵਿਨੋਦੀ ਸੁਭਾਉ ਦੀ ਵੀ ਮੁਕਤ ਕੰਠ ਨਾਲ ਪ੍ਰਸੰਸਾ ਕਰਦਾ ਹੈ। ਉਹਨਾਂ ਦੇ ਲਿਖਣ ਅਨੁਸਾਰ "ਅਸੀਂ ਭਾਵੇਂ ਜਿੰਨੇ ਵੀ ਕਿਸੇ ਕਾਰਨ ਅਵਾਜ਼ਾਰ ਹੋਣਾ ਪਰ ਜਦੋਂ ਇਹਨਾਂ ਕੋਲ ਜਾਣਾਂ ਤਾਂ ਗ਼ਮ ਜਾਂ ਚਿੰਤਾ ਸਾਡੀ ਵੀ ਕਿਸੇ ਦੀ ਨਾ ਰਹਿਣੀ ਏਹੋ ਜਿਹਾ ਬਚਨ ਕਰਨਾ ਕਿ ਗੁਲਾਬ ਫੁੱਲ ਵਾਂਗ ਕਰ ਦੇਣਾ। ਇਹਨਾਂ ਅੰਦਰ ਡਰ ਜਾਂ ਚਿੰਤਾ ਬਿਲਕੁਲ ਹੀ ਨਹੀਂ ਸੀ। ਭਾਵੇਂ ਕੁਝ ਹੋ ਜਾਵੇ ਇਹ ਸ. ਅਵਤਾਰ ਸਿੰਘ ਝੱਬਰ, ਅਮਰ ਸਿੰਘ ਲੰਬੜਦਾਰ, ਗੁਰੂ ਜੀ ਤੇ ਮੈਂ ਹੋਣਾ, ਬੱਸ ਫਿਰ ਹੱਸ ਹੱਸ ਕੇ ਢਿੱਡੀਂ ਪੀੜਾਂ ਪੈ ਜਾਣੀਆਂ। ਹੁਣ ਵੀ ਏਸੇ ਤਰ੍ਹਾਂ ਹੀ ਹੱਸਣਾ ਖੇਡਣਾ ਹੈ। ਸੱਚੇ ਪਾਤਸ਼ਾਹ ਹੀ ਫੁਰਮਾਉਂਦੇ ਨੇ ਹੱਸਣ ਖੇਡਣ ਨਾਲ ਸਰੀਰ ਅਰੋਗ ਰਹਿੰਦਾ ਹੈ ਗ਼ਮ ਤੇ ਚਿੰਤਾ ਨਾਲ ਸਰੀਰ ਬੀਮਾਰੀਆਂ ਦਾ ਗੜ੍ਹ ਬਣ ਜਾਂਦਾ ਹੈ।"

੧੯੪੭ ਈ. ਦੇ ਰਾਮ ਰੌਲੇ ਸਮੇਂ ਸ. ਹਰੀ ਸਿੰਘ ਦੇ ਦੋ ਵੱਡੇ ਭਰਾ ਪਹਿਲਾਂ ਹੀ ਟਿੱਬੀ ਵਿਖੇ ਰਹਿ ਰਹੀ ਨਾਮਧਾਰੀ ਸੰਗਤ ਵਿਚ ਪੁੱਜ ਗਏ ਸਨ। ਆਪ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ ਸੀ ਕਿ ਜਦੋਂ ਚਿੱਠੀ ਘੱਲੀਏ ਆ ਜਾਣ। ਉਸਨੂੰ ੬ ਅਗਸਤ ੧੯੪੭ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਲਿਖਵਾਈ ਚਿੱਠੀ ਮਿਲ ਗਈ ਕਿ ੧੫ ਅਗਸਤ ਤੱਕ ਜ਼ਰੂਰ ਪੁੱਜ ਜਾਵੇ। ਉਹ ੧੧ ਅਗਸਤ ਨੂੰ ਕਸੂਰ ਤੋਂ ਗੱਡੀ ਚੜ੍ਹੇ ਦਿੱਲੀ ੧੨ ਅਗਸਤ ਨੂੰ ਅਤੇ ੧੩ ਤਾਰੀਖ ਚੁਚਾਲ ਕੋਠੀ (ਜੀਵਨ ਨਗਰ) ਸਤਿਗੁਰੂ ਜੀ ਪਾਸ ਪੁੱਜ ਗਏ। ਪਿਤਾ ਬਾਬਾ ਚਤਰ ਸਿੰਘ ਤੋਂ ਬਿਨਾਂ ਸਾਰਾ ਪਰਿਵਾਰ ਆ ਗਿਆ ਸੀ। ਹੁਣ ਦੋਹੀਂ ਪਾਸੀਂ ਵੱਡ-ਟੁੱਕ ਜੋਰਾਂ ਤੇ ਸੀ। ਸਤਿਜੁਗ ਦੇ (ਸਤਿਗੁਰੂ ਪ੍ਰਤਾਪ ਸਿੰਘ ਜੀ) ਗੁਰਗੱਦੀ ਸ਼ਤਾਬਦੀ ਅੰਕ ੨੦੦੬ ਈ. ਵਿਚ ਹਰੀ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਧਰਮ ਨਿਰਪੱਖਤਾ ਦੀ ਨੀਤੀ ਦਾ ਸੰਖੇਪ ਵਰਨਣ ਕਰਦੇ ਹਨ—

"ਜਦੋਂ ਸੱਚੇ ਪਾਤਸ਼ਾਹ ਜੀ ਇਹ ਗੱਲ ਸੁਣਦੇ ਕਿ ਵੱਢ ਟੁੱਕ ਹੋ ਰਹੀ ਹੈ ਤਾਂ ਬਹੁਤ ਦੁਖੀ ਹੁੰਦੇ ਸਨ। ਹਿੰਦੂ ਸਿੱਖਾਂ ਵਲੋਂ ਤਾਂ ਸਤਿਗੁਰੂ ਜੀ ਨੇ ਦੁਖੀ ਹੋਣਾ ਹੀ ਸੀ, ਮੁਸਲਮਾਨਾਂ ਦਾ ਜਾਨੀ ਤੇ ਮਾਲੀ ਨੁਕਸਾਨ ਸੁਣ ਕੇ ਵੀ ਗਰੀਬ ਨਿਵਾਜ ਜੀ ਦੁਖੀ ਹੁੰਦੇ ਸਨ। ਸਤਿਗੁਰੂ ਜੀ ਨੇ ਨਾਮਧਾਰੀ ਸਿੱਖਾਂ ਨੂੰ ਹੁਕਮ ਦਿਤਾ "ਕੋਈ ਕਿਸੇ ਮੁਸਲਮਾਨ ਨੂੰ ਨਾ ਮਾਰੇ। ਜੇ ਹੋ ਸਕੇ ਤਾਂ ਇਹਨਾਂ ਦੀ ਰੱਖਿਆ ਕਰੋ। ਦਾਲ-ਪ੍ਰਸ਼ਾਦਾ ਛਕਾਓ। ਇਹਨਾਂ ਨੂੰ ਨੁਕਸਾਨ ਨਾ ਹੋਣ ਦਿਓ। ਜਿਹੜੇ ਸਿੱਖ ਸਤਿਗੁਰੂ ਜੀ ਦੀ ਗੱਲ ਨਹੀਂ ਸਨ ਸੁਣਦੇ ਉਹ ਦੁਖੀ ਹੁੰਦੇ ਸਨ। ਉਹਨਾਂ ਨੂੰ ਵੀ... ਸਮਝਾਉਂਦੇ। ਓਧਰ ਫਸੇ ਹੋਏ ਸਿੱਖਾਂ ਨੂੰ ਕੱਢਣ ਲਈ ਆਖਦੇ ਸਨ— ਫਲਾਣੇ ਥਾ ਸਾਡੇ ਸਿੱਖ ਫਸੇ ਹੋਏ ਹਨ। ਉਹਨਾਂ ਨੂੰ ਕੱਢ ਕੇ ਲਿਆਓ।

ਫਿਰ ਵਸੇਬਾ ਕਿਵੇਂ ਹੋਇਆ? ਲੰਬੜਦਾਰ ਜੀ ਲਿਖਦੇ ਹਨ, ਅੱਗੇ ਚੱਲ ਕੇ "ਜਿਹੜੇ ਵੀ ਸਿੱਖ ਆਉਂਦੇ, ਉਹਨਾਂ ਲਈ ਸਰਹੱਦੋਂ ਉਰਾਰ ਅੰਮ੍ਰਿਤਸਰ ਵਿਖੇ ਪ੍ਰਬੰਧ ਕੀਤਾ ਹੋਇਆ ਸੀ। ਉਥੇ ਉਹਨਾਂ ਨੂੰ ਹੌਂਸਲਾ ਦਿਤਾ ਜਾਂਦਾ, ਲੰਗਰ ਪਾਣੀ ਛਕਾਇਆ ਜਾਂਦਾ ਅਤੇ ਚੁਚਾਲ ਕੋਟਲੀ, ਸਿਰਸੇ ਦੇ ਇਲਾਕੇ ਨੂੰ ਤੋਰ ਦਿਤਾ ਜਾਂਦਾ। ਇਸ ਇਲਾਕੇ ਦੇ ਪਿੰਡਾਂ ਨੂੰ ਖਾਲੀ ਵੇਖਕੇ ਆਸੇ ਪਾਸੇ ਦੇ ਪਿੰਡਾਂ ਦੇ ਬਾਗੜੀ ਲੁੱਟਣ ਦੀ ਕੋਸ਼ਿਸ਼ ਕਰ ਰਹੇ ਸਨ। ਪਿੰਡਾਂ ਦੀ ਰਾਖੀ ਵਾਸਤੇ ਸਤਿਗੁਰੂ ਜੀ ਵੱਲੋਂ ਜਥਾ ਤਿਆਰ ਕੀਤਾ ਗਿਆ ਜਿਸ ਵਿਚ ਹਰੀ ਸਿੰਘ, ਗੁਰਦੀਪ ਸਿੰਘ, ਦਲੀਪ ਸਿੰਘ ਖੂਹ ਅੰਮ੍ਰਿਤਸਰੀਆ ਨਾਲ ਹੋਰ ਸਰੀਰ ਵੀ ਸ਼ਾਮਲ ਸਨ। ਸਾਰੇ ਪਿੰਡਾਂ ਵਿਚ ਰਾਤ ਦਿਨ ਦੀ ਰਾਖੀ ਕਰਨੀ ਪਈ। ਸਹਿਜੇ-ਸਹਿਜੇ ਲੋਕ ਆਉਣੇ ਸ਼ੁਰੂ ਹੋ ਗਏ। ਇਕ ਦੋ ਦਿਨ ਉਹਨਾਂ ਨੂੰ ਚੁਚਾਲ ਕੋਟਲੀ ਰੱਖਿਆ ਜਾਂਦਾ ਅਤੇ ਲੰਗਰ ਪਾਣੀ ਛਕਾਇਆ ਜਾਂਦਾ। ਫੇਰ ਪਿੰਡਾਂ ਵਿਚ ਡੇਰੇ ਲਗਾਉਣੇ ਸ਼ੁਰੂ ਕਰ ਦਿਤੇ ਗਏ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਹਨਾਂ ਨੂੰ ਰਾਸ਼ਨ ਪਾਣੀ ਦੇਣਾ ਸ਼ੁਰੂ ਕੀਤਾ ਗਿਆ। ਇਹ ਲੋਕ ਜ਼ਿਆਦਾਤਰ ਤਾਂ ਸੱਖਣੇ ਹੀ ਸਨ। ਨਾ ਕੱਪੜਾ ਲੱਤਾ, ਨਾ ਡੰਗਰ ਵੱਛਾ। ਇਹਨਾਂ ਹੀ ਹਾਲਤ ਵੇਖਕੇ ਹਮਦਰਦੀ ਵੀ ਪੈਦਾ ਹੁੰਦੀ ਤੇ ਤਰਸ ਵੀ ਆਉਂਦਾ। ਕਿਸੇ ਕੋਲ ਕੋਈ ਪੈਸਾ ਵੀ ਨਹੀਂ ਸੀ। ਸਤਿਗੁਰੂ ਜੀ ਵਲੋਂ ਉਹਨਾਂ ਨੂੰ ਧੀਰਜ ਦਿਤਾ ਜਾਂਦਾ ਅਤੇ ਲੋੜੀਂਦੀ ਮੱਦਦ ਦੇਣ ਦੀ ਵੀ ਵਿਉਂਤ ਕੀਤੀ ਜਾਂਦੀ।

ਇਸ ਤੋਂ ਬਾਅਦ ਸਿਆਲ ਆਉਣ ਤੇ ਗਰਮ ਬਸਤਰਾਂ ਦੀ ਵੰਡ ਵੰਡਾਈ ਹੋਈ। ਖਰੀਦੀ ਜ਼ਮੀਨ ਅਤੇ ਅਲਾਟ ਹੋਈ ਜ਼ਮੀਨ ਵਿਚ ਮੌਰੂਸ ਢੇਰੀਆਂ ਇਕੋ ਅਲਾਟੀ ਨੂੰ ਇਕੋ ਪਿੰਡ ਵਿਚ ਹੀ ਮਿਲਣ, ਇਸ ਲਈ ਪੰਜਾਬ ਸਰਕਾਰ ਨੂੰ ਮਿਲ ਕੇ ਜੱਗਮਲੇਰਾ, ਚੁਚਾਲ ਕੋਟਲੀ, ਅਲੀਪੁਰ (ਹੁਣ ਹਰੀਪੁਰ) ਅਤੇ ਦਮਦਮਾ (ਪਹਿਲਾਂ ਦਾ ਕੰਜਰਵਾਲਾ) ਇਹਨਾਂ ਚਾਰਾਂ ਪਿੰਡਾਂ ਦਾ ਬਾਰਡਰ ਤੋੜ ਕੇ ਇਕ ਕਰ ਦਿਤਾ ਗਿਆ। ਗੁਰੂ ਕੇ ਲੰਗਰ, ਵਿਦਿਆਲੇ, ਗਊਸ਼ਾਲਾ ਅਤੇ ਜ਼ਰੂਰਤਮੰਦਾਂ ਦੀ ਇਮਦਾਦ ਲਈ ਤਕਰੀਬਨ ੧੦੦ ਮੁਰੱਬਾ ਜ਼ਮੀਨ ਵੰਡ ਵੰਡਾਈ ਸਮੇਂ ਖਰੀਦੀ ਜ਼ਮੀਨ ਵਿਚੋਂ ਕਾਮਨ ਪੂਲ ਵਾਸਤੇ ਸੰਗਤ ਦੀ ਸਹਿਮਤੀ ਨਾਲ ਬਚਾ ਲਈ ਗਈ। ਤਕਰੀਬਨ ੫੦ ਮੁਰੱਬੇ ਤਾਂ ਭੂਮੀਹੀਣਾਂ ਵਿਚ ਵੰਡ ਦਿਤੀ ਗਈ। ਦੂਸਰੀ ਜ਼ਮੀਨ ਨਾਲ ਕੁਝ ਸਮੁਦਾਇਕ ਕਾਰਜ ਸਿਰੇ ਚੜ੍ਹਦੇ ਆਏ ਹਨ। ਪਰ ਕੁਝ ਸਿੰਘਾਂ ਨੂੰ ਇਹ ਵੰਡ ਮਨਜ਼ੂਰ ਨਹੀਂ ਸੀ। ਜਿਸ ਕਾਰਨ ੧੯੫੪-੫੫ ਈ. ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ ਦੇ ਪਹਿਲੇ ੫-੬ ਵਰ੍ਹਿਆਂ ਤੱਕ, ਕਾਫੀ ਝਗੜੇ ਝਮੇਲੇ ਰਹੇ। ਅਦਾਲਤਾਂ ਵਿਚ ਅਨੇਕਾਂ ਦੀਵਾਨੀ ਫੌਜਦਾਰੀ ਮੁਕੱਦਮੇ ਚੱਲੇ। ਕੁਝ ਅਣਸੁਖਾਵੀਆਂ ਘਟਨਾਵਾਂ ਵੀ ਵਾਪਰੀਆਂ। ਇਹ ਸਾਰਾ ਸਮਾਂ ਹਰੀ ਸਿੰਘ ਹੋਰਾਂ ਨੇ ਆਪਣੇ ਸਾਥੀਆਂ ਸ. ਅਵਤਾਰ ਸਿੰਘ ਝੱਬਰ ਆਦਿ ਸਮੇਤ ਇਹਨਾਂ ਮੁਕਦਮਿਆਂ ਦੀ ਪੈਰਵਾਈ ਵਿਚ, ਗੁਰੂ ਘਰ ਦੇ ਪੈਂਤੜੇ ਤੋਂ

ਬਿਤਾਇਆ। ਇਸ ਸਮੇਂ ਪੰਜਾਬ ਸਰਕਾਰ, ਖਾਸ ਕਰਕੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਅਤੇ ਕਾਂਗ੍ਰਸ ਦੇ ਸਥਾਨਕ ਆਗੂ ਵੀ ਵਿਰੋਧ ਵਿਚ ਸਨ। ਹੌਲੀ ਹੌਲੀ ਇਹ ਦੁਸ਼ਵਾਰੀਆਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੂਝ ਸਿਆਣਪ ਨਾਲ ਖ਼ਤਮ ਹੋ ਗਈਆਂ ਅਤੇ ਸਾਰੇ ਮੁਕਦਮੇ ਵੀ ਨਿੱਬੜ ਗਏ ਅਤੇ ਇਲਾਕੇ ਵਿਚ ਅਮਨ, ਏਕਤਾ ਅਤੇ ਭਾਈਚਾਰੇ ਦਾ ਦੌਰ ਪਰਤ ਆਇਆ।

ਜਿਵੇਂ ਕਿ ਉਪਰ ਵਰਣਿਤ ਹੈ ਹਰੀ ਸਿੰਘ ਜੀ ਕਰੀਵਾਲੇ ਦੇ ਪਹਿਲੇ ਸਰਪੰਚ ਸਨ। ਕਰੀਵਾਲਾ ਤੋਂ ਜੀਵਨਨਗਰ ਜਾਂ ਅੱਗੇ ਰਾਣੀਆਂ ਸਿਰਸਾ ਜਾਣ ਲਈ ਸਿਰਫ ਸਾਈਕਲ ਦਾ ਰਸਤਾ ਉੱਤਰੀ ਘੱਘਰ ਨਹਿਰ ਦੀ ਪਟੜੀ ਤੇ ਜਾਂਦਾ ਸੀ। ਸਰਕਾਰ ਨੇ ਕਿਹਾ ਕਿ, ਜੇ ਲੋਕ ਮਿਟੀ ਪਾ ਦੇਣ ਤਾਂ ਸੜਕ ਬਣਾ ਦਿਆਂਗੇ। ਹਰੀ ਸਿੰਘ ਹੋਰਾਂ ਦੀ ਅਗੁਆਈ ਵਿਚ ਕਰੀਵਾਲਾ ਦੇ ਲੋਕਾਂ ਦੇ ਦਮਦਮਾ ਕਰੀਵਾਲਾ ਦੀ ਹੱਦ ਤੋਂ ਆਪਣੇ ਪਿੰਡ ਤੱਕ ਹਰੇ ਛੱਲੇ ਡੰਗਰਾਂ ਨੂੰ ਚਾਰ ਕੇ ਛੇ ਦਿਨਾਂ ਵਿਚ ਮਿਟੀ ਪਾ ਦਿਤੀ। ਇਹ ਵੱਖਰੀ ਗੱਲ ਹੈ ਕਿ ਮਿੱਟੀ ਪੈਣ ਤੋਂ ਪੂਰੇ ੧੦-੧੧ ਸਾਲਾਂ ਬਾਦ ਹੀ ਕਰੀਵਾਲੇ ਪੱਕੀ ਸੜਕ ਪਹੁੰਚੀ ੧੯੭੦-੭੧ ਈ. ਵਿਚ। ਇਸ ਤੋਂ ਪਹਿਲਾ ਆਪ ਨੇ ਕਰੀਵਾਲੇ ਪ੍ਰਾਈਮਰੀ ਸਕੂਲ ਸਰਕਾਰ ਤੋਂ ਮਨਜ਼ੂਰ ਕਰਵਾਇਆ ਸੀ। ਸੜਕ ਤੇ ਮਿੱਟੀ ਪੈਣ ਬਾਦ ਸਰਕਾਰ ਨੇ ਕੁਝ ਗਰਾਂਟ ਦਿਤੀ ਜਿਸ ਨਾਲ ਕੁਝ ਕਮਰੇ ਬਣ ਗਏ ਅਤੇ ਹੁਣ ਕਰੀਵਾਲਾ ਦਾ ਸਕੂਲ ਮਿੱਡਲ ਤੱਕ ਵਧਾ ਦਿਤਾ ਗਿਆ। ਸਿੱਖਿਆ ਦੇ ਖੇਤਰ ਵਿਚ ਉਹਨਾਂ ਦੀ ਇਹ ਦੇਣ ਜ਼ਿਕਰ ਗੋਚਰੀ ਹੈ ਕਿਉਂਕਿ ਉਸ ਸਮੇਂ ਵਿਰਲੇ ਟਾਂਵੇਂ ਪਿੰਡਾਂ ਵਿਚ ਹੀ ਮਿਡਲ ਸਕੂਲ ਹੁੰਦੇ ਸਨ। ਆਪ ਦੀਆਂ ਇਹਨਾਂ ਜਨ ਸੇਵਾਵਾਂ ਬਦਲੇ ਹੀ ਆਪ ਨੂੰ ਡਿਸਟ੍ਰਿਕਟ ਬੋਰਡ, ਹਿਸਾਰ ਅਤੇ ਪੰਚਾਇਤ ਸੰਮਤੀ ਰਾਣੀਆਂ ਦੀ ਮੈਂਬਰੀ ਅਤੇ ਕੋਆਪ੍ਰੇਟਿਵ ਬੈਂਕ ਰਾਣੀਆਂ ਦੀ ਡਾਇਰੈਕਟਰੀ ਨਾਲ ਸਮੇਂ ਸਮੇਂ ਨਿਵਾਜਿਆ ਜਾਂਦਾ ਰਿਹਾ। ਡੀ. ਸੀ. ਹਿਸਾਰ ਵੱਲੋਂ ਵਿਕਾਸ ਕਾਰਜਾਂ ਵਿਚ ਪਹਿਲ ਸਦਕਾ ਹਰੀ ਸਿੰਘ ਹੋਰਾਂ ਦੀ ਸਮੁੱਚੀ ਪੰਚਾਇਤ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਮੁਕਦਮਿਆਂ ਦੇ ਖ਼ਾਤਮੇ ਬਾਅਦ, ਘਰ ਜਾਣ ਸਮੇਂ, ਆਪ ਨੇ ਸਾਰੀਆਂ ਰਕਮਾਂ ਦਾ ਲੇਖ ਜੋਖਾ ਕੁਝ ਕਾਗਜ਼ਾਂ ਤੇ ਲਿਖ ਕੇ ਮਹਾਰਾਜ ਬੀਰ ਸਿੰਘ ਜੀ ਦੇ ਸਪੁਰਦ ਕਰ ਦਿਤਾ। "ਤੁਹਾਨੂੰ ਇਸ ਕੰਮ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਿਯੁਕਤ ਕੀਤਾ ਸੀ– ਅਤੇ ਉਹਨਾਂ ਦੁਆਰਾ ਥਾਪੇ ਵਿਅਕਤੀ ਤੋਂ ਅਸੀਂ ਹਿਸਾਬ ਕਿਤਾਬ ਲੈਂਦੇ ਚੰਗੇ ਨਹੀਂ ਲੱਗਦੇ"। ਇਹ ਕਹਿ ਕੇ ਸ੍ਰੀ ਮਹਾਰਾਜ ਜੀ ਨੇ ਸਾਰੇ ਕਾਗਜ਼ ਬਿਨਾਂ ਪੜ੍ਹਿਆਂ ਹੀ ਅਗਨ ਭੇਟ ਕਰ ਦਿੱਤੇ। ਅਜਿਹਾ ਵਿਸ਼ਵਾਸ ਕਿਸੇ ਵਿਅਕਤੀ ਤੇ ਇਕ ਦਿਨ ਵਿਚ ਹੀ ਨਹੀਂ ਬਣ ਜਾਂਦਾ। ਇਸ ਲਈ ਲੰਮੀ ਜੱਦੋ ਜਹਿਦ ਲੋੜੀਂਦੀ ਹੈ।

ਆਪ ਦਾ ਪਹਿਲਾ ਅਨੰਦ ਕਾਰਜ ਪਿੰਡ ਨਿੱਕੀ ਮੱਖੀ (ਅੰਮ੍ਰਿਤਸਰ) ਦੇ ਸ. ਗੁਰਦੀਪ ਸਿੰਘ ਦੀ ਪੁੱਤਰੀ ਬੀਬੀ ਅੱਛਰ ਕੌਰ ਨਾਲ ਹੋਇਆ ਜਿਸ ਵਿਚੋਂ ਬਲਬੀਰ ਸਿੰਘ, ਜਗੀਰ ਸਿੰਘ ਦੋ ਸਪੁੱਤਰ ਅਤੇ ਬੀਬੀ ਬਲਵਿੰਦਰ ਕੌਰ ਲੜਕੀ ਪੈਦਾ ਹੋਈ। ਇਹ ਬੀਬੀ ਅੱਛਰ ਕੌਰ ੧੯੫੭ ਈ. ਵਿਚ ਹੁਕਮ ਸੱਤ ਹੋ ਗਈ। ਫਿਰ ੧੯੫੯ ਈ. ਵਿਚ ਉਸਦੀ ਛੋਟੀ ਭੈਣ ਬੀਬੀ ਗੁਰਮੀਤ ਕੌਰ ਨਾਲ ਦੁਬਾਰਾ ਅਨੰਦ ਕਾਰਜ ਹੋਇਆ ਵੈਸਾਖੀ ਦੇ ਮੇਲੇ ਸਮੇਂ ਅੰਮ੍ਰਿਤਸਰ ਵਿਖੇ। ਇਸ ਦੂਜੀ ਬੀਬੀ ਵਿਚੋਂ ਕੁਲਵਿੰਦਰ ਕੌਰ, ਸੁਖਰਾਜ ਕੌਰ ਅਤੇ ਸੁਖਵੰਤ ਕੌਰ ਤਿੰਨ ਹੋਰ ਪੁੱਤਰੀਆਂ ਹੋਈਆਂ। ਬੀਬੀ ਬਲਵਿੰਦਰ ਕੌਰ, ਸ. ਹਰਦੇਵ ਸਿੰਘ ਕੱਕੜ ਸੰਤਨਗਰ ਨਾਲ ਪ੍ਰਣਾਈ ਗਈ ਸੀ ਪਰ ਕੁਝ ਵਰ੍ਹੇ ਪਹਿਲਾਂ ੧੯੯੫ ਵਿਚ ਸੁਰਗਵਾਸ ਹੋ ਚੁੱਕੀ ਹੈ। ਕੁਲਵਿੰਦਰ ਕੌਰ, ਪ੍ਰਸਿੱਧ ਨਾਮਧਾਰੀ ਪੰਜਾਬੀ ਸਾਹਿਤਕਾਰ ਮਾ. ਅਮਰੀਕ ਸਿੰਘ ਜੀ ਦੇ ਸਪੁੱਤਰ ਅਵਿਨਿੰਦਰ ਸਿੰਘ ਦੇ ਲੜ ਲਗੀ ਹੈ। ਸੁਖਰਾਜ ਕੌਰ, ਤਲਵਾੜਾ ਥੇਹੜ ਤੇ ਮਹੰਤ ਕਾਲਾ ਸਿੰਘ ਵਰਨ ਦੇ ਲੜਕੇ ਹਰਭੇਜ ਸਿੰਘ ਨਾਲ ਵਿਆਹੀ ਹੈ ਅਤੇ ਸਾਰਿਆਂ ਤੋਂ ਛੋਟੀ ਬੀਬੀ ਸੁਖਵੰਤ ਕੌਰ ਪਰਤਾਪ ਨਗਰ ਡੇਰੇ ਉਤੇ ਸ. ਆਸਾ ਸਿੰਘ ਦੇ ਲੜਕੇ ਗੁਰਦੇਵ ਸਿੰਘ ਸਰਪੰਚ ਦੀ ਧਰਮਪਤਨੀ ਹੈ। ਬਲਬੀਰ ਸਿੰਘ ਦੀ ਸ਼ਾਦੀ ਸ. ਗੁਰਬਚਨ ਸਿੰਘ ਢੋਟੀਆਂ ਵਾਲੇ ਦੀ ਸਪੁੱਤਰੀ ਬੀਬੀ ਬਲਬੀਰ ਕੌਰ ਜੀਵਨ ਨਗਰ ਨਾਲ ਹੋਈ ਸੀ। ਉਹ ਬੀਬੀ ੧੯੯੫ ਈ. ਵਿਚ ਅਕਾਲ ਚਲਾਣਾ ਕਰ ਗਈ। ਇਕ ਲੜਕਾ ਧਰਮਪਾਲ ਸਿੰਘ ਅਤੇ ਤਿੰਨ ਲੜਕੀਆਂ ਸਰਬਜੀਤ ਕ੍ਰੌਰ, ਜਗਰੂਪ ਕੌਰ ਅਤੇ ਇੰਦਰਜੀਤ ਕੌਰ ਨਿਸ਼ਾਨੀਆਂ ਛੱਡ ਕੇ। ਇਸੇ ਪਰਿਵਾਰ ਦੀ ਛੋਟੀ ਪੁੱਤਰੀ ਬੀਬੀ ਜਸਪਾਲ ਕੌਰ ਨਾਲ ਜਗੀਰ ਸਿੰਘ ਦਾ ਅਨੰਦ ਕਾਰਜ ਹੋਇਆ, ਜੋ ੬ ਅਪ੍ਰੈਲ ੨੦੦੫ ਈ. ਨੂੰ ਦੁਰਘਟਨਾਗ੍ਰਸਤ ਹੋਕੇ ਚਲਾਣਾ ਕਰ ਗਿਆ ਸੀ, ਰਣਜੀਤ ਸਿੰਘ, ਬਲਜੀਤ ਸਿੰਘ ਦੋ ਪੁੱਤਰ ਅਤੇ ਇਕ ਪੁੱਤਰੀ ਬੀਬੀ ਕੰਵਲਜੀਤ ਕੌਰ ਪਿੱਛੇ ਛੱਡ ਕੇ। ਇਹਨਾਂ ਬੱਚਿਆਂ ਦੀ ਨਾਨੀ

ਬੀਬੀ ਅਮਰ ਕੌਰ ਨੂੰ ਪਹਿਲੀ ਉਮਰੇ ਦੇਵਤਾ ਸਵਰੂਪ ਪਤੀ ਦਾ ਵਿਗੋਚਾ ਅਤੇ ਫਿਰ ਪਿਛਲੇ ਪਹਿਰੇ ਧੀ ਅਤੇ ਜੁਆਈ ਦੇ ਇਹ ਦੁੱਖ ਵੇਖਣੇ ਪੈਣੇ ਸਨ। ਬੀਬੀ ਅਮਰ ਕੌਰ ਦੇ ਸਹੁਰਾ ਸਾਹਿਬ ਸੰਤ ਮੰਗਲ ਸਿੰਘ ਖਿਆਲਾ ਚੋਟੀਆਂ ਨਾਮਧਾਰੀ ਪੰਥ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੱਡੇ ਪ੍ਰੀਤਵਾਨ ਸਿਦਕੀ ਸਿੱਖ ਸਨ। ਜਗੀਰ ਸਿੰਘ ਨੈਸ਼ਨਲ ਕਾਲਿਜ ਸਿਰਸਾ ਵਿਚ ਮੇਰਾ ਸਮਕਾਲੀ ਸੀ, ਪਿਛਲੀ ਸਦੀ ਦੇ ਸਤਵੇਂ ਦਹਾਕੇ ਵਿਚ।

ਸੋ ਸਪਸ਼ਟ ਹੈ ਕਿ ਜਿੱਥੇ ਮਹੱਤਵਪੂਰਨ ਜ਼ਿੰਮੇਵਾਰੀਆਂ, ਇਲਾਕੇ ਦੀ ਸੰਗਤ ਅਤੇ ਗੁਰੂ ਘਰ ਦੀਆਂ ਖ਼ੁਸ਼ੀਆਂ ਸ. ਹਰੀ ਸਿੰਘ ਹੋਰਾਂ ਦੀ ਝੋਲੀ ਪਈਆਂ ਉਥੇ ਕੁਦਰਤ ਨੇ ਬੇਵਕਤ ਭਰਾ ਹਰਨਾਮ ਸਿੰਘ, ਪਤਨੀ, ਪੁੱਤਰ, ਪੁੱਤਰੀ ਅਤੇ ਨੂੰਹ ਦੇ ਸਦਮੇ ਵੀ ਉਹਨਾਂ ਨੂੰ ਸਹਿਣੇ ਪਏ। ਪਰ ਉਹ ਗੁਰੂ ਬਚਨਾਂ ਅਤੇ ਗੁਰੂ ਬਾਣੀ ਤੇ ਭਰੋਸਾ ਰੱਖਣ ਵਾਲੇ ਗਹਿਰ ਗੰਭੀਰ ਸਹਿਜ ਅਤੇ ਸ਼ਾਂਤ ਚਿੱਤ ਗੁਰੂ ਸਿੱਖ ਸਨ। ਉਹਨਾਂ ਨੇ ਹਰ ਮੁਸੀਬਤ ਦਾ ਖਿੜੇ ਮੱਥੇ ਸੁਆਗਤ ਕੀਤਾ। ਥੇਹੜ ਵਡਾਣਾ ਵਿੱਚ ਨਾ ਸਿਰਫ ਬਾਬਾ ਚਤਰ ਸਿੰਘ ਸਗੋਂ ਉਸ ਦੇ ਭਰਾ ਸ਼ਿੰਗਾਰਾ ਸਿੰਘ ਦਾ ਵੀ ਵੱਡਾ ਪਰਿਵਾਰ ਵੱਸਦਾ ਹੈ; ਇਹਨਾਂ ਸਾਰੇ ਪਰਿਵਾਰਾਂ ਵਿਚ ਵੀ ਅਤੇ ਪਿੰਡ ਇਲਾਕੇ ਵਿਚ ਵੀ ਉਹ ਸਨਮਾਨਿਤ ਵਿਅਕਤੀ ਸਨ। ਹਰ ਕੋਈ ਅਗੁਆਈ ਲਈ ਜਾਂ ਮੁਸ਼ਕਿਲਾਂ ਦੇ ਹੱਲ ਲਈ ਉਹਨਾਂ ਦੀ ਸਲਾਹ ਲੈਣ ਆਉਂਦਾ। ਉਹਨਾਂ ਦੀ ਸੁਚੱਜੀ ਜੀਵਨ ਜਾਚ ਤੇ ਨਿਸ਼ਕਪਟ ਸੁਭਾਉ ਤੋਂ ਸਾਰੇ ਪ੍ਰਭਾਵਿਤ ਸਨ।

ਆਪਣੇ ਬੇਲੀ ਸਤਿਗੁਰੂ ਨਾਲ ਉਹਨਾਂ ਦੀ ਪ੍ਰੀਤ ਤੋੜ ਤਕ ਨਿਭ ਗਈ। ਸਾਬਕਾ ਸਰਪੰਚ ਬਲਦੇਵ ਸਿੰਘ ਕਰੀਵਾਲਾ ਦੇ ਭੇਗ ਤੇ, ਜਦੋਂ ਆਪ ਰੋਗ-ਸ਼ੈਯਾ ਤੇ ਸਨ, ੨੮ ਮਾਰਚ ੦੬ ਨੂੰ, ਤਾਂ ਸਤਿਗੁਰੂ ਜੀ ਦੇ ਵਿਸ਼ੇਸ਼ ਹੁਕਮ ਤਹਿਤ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ, ਸਾਬਕਾ ਐਮ. ਪੀ., ਸੰਪਾਦਕ ਸਤਿਜੁਗ ਸੰਤ ਤਾਰਾ ਸਿੰਘ ਅਨਜਾਣ ਸਮੇਤ ਉਹਨਾਂ ਦਾ ਹਾਲਚਾਲ ਪੁੱਛ ਕੇ ਗਏ ਸਨ। ਅੰਤਿਮ ਇੱਛਾ ਨੂੰ ਭਾਂਪਦਿਆਂ ਚਲਾਣੇ ਤੋਂ ਕੁਝ ਦਿਨ ਪਹਿਲਾਂ ਪਰਿਵਾਰ ਗੁਰੂ ਦਰਸ਼ਨਾਂ ਹਿਤ ਆਪ ਨੂੰ ਸ੍ਰੀ ਭੈਣੀ ਸਾਹਿਬ ਵੀ ਲੈ ਗਿਆ ਸੀ। ਇਲਾਕੇ ਦੇ ਆਸ-ਪਾਸ ਦੇ ਲੋਕਾਂ ਅਤੇ ਮੁੱਖੀ ਸੱਜਣਾਂ ਦਾ ਉਹਨਾਂ ਦੀ ਖ਼ਬਰ ਸਾਰ ਨੂੰ ਆਉਣਾ ਆਮ ਗੱਲ ਸੀ।

ਸ. ਹਰੀ ਸਿੰਘ ਜੀ ਦੀ ਪ੍ਰਸੰਨ ਲੰਬੀ ਉਮਰ ਦਾ ਰਾਜ਼ ਸੀ ਕਿ ਆਪ ਅੱਤ ਦਾ ਸੰਜਮੀ ਜੀਵਨ ਜੀਵੇ ਹਨ। ਪਿਛਲੇ ਪੱਚੀ ਤੀਹ ਸਾਲ ਤੋਂ ਆਪ ਯੋਗ ਵਿਦਿਆ ਦੇ ਇਤਨੇ ਗ੍ਰਹਿਣੀ ਹੋਏ ਕਿ ਆਪਣੇ ਸ਼ਰੀਰ ਨੂੰ ਨਾ ਮੰਨਣ ਵਾਲੀ ਹੱਦ ਤਕ ਮੋੜ ਤੇ ਲਿਫ਼ਾ ਲੈਂਦੇ ਸਨ। ਸਤਿਗੁਰੂ ਜੀ ਨੇ ਕਈ ਵਾਰ ਉਹਨਾਂ ਦੀ ਯੋਗ ਸਾਧਨਾ ਦਾ ਪਰਦਰਸ਼ਨ ਸੰਗਤਾਂ ਸਾਹਮਣੇ ਕਰਵਾਇਆ ਸੀ।

ਸ. ਹਰੀ ਸਿੰਘ ਨੇ ਆਪਣੇ ਨਿਵੇਕਲੇ ਅੰਦਾਜ਼ ਵਿਚ ਜੀਵਨ ਯਾਤਰਾ ਕਰਕੇ ਇਸ ਨੂੰ ਸਾਰਥਿਕਤਾ ਪ੍ਰਦਾਨ ਕੀਤੀ ਹੈ। ਉਹਨਾਂ ਦਾ ਵਿਸ਼ਾਲ ਮਨ-ਮਸਤਕ ਤੇ ਮੁਸਕ੍ਰਾਉਂਦਾ ਚਿਹਰਾ ਹਮੇਸ਼ਾਂ ਸਾਡੇ ਚੇਤਿਆਂ ਵਿਚ ਵੱਸਦਾ ਰਹੇਗਾ। ਉਹ ਆਪਣੇ ਥੇਹੜ ਨਿਵਾਸੀਆਂ ਦੀ ਇਕ ਭੱਖਦੀ ਸਮੱਸਿਆ, ਘੱਗਰ ਨਾਲੀ ਉਤੇ ਪੁੱਲ ਬਨਾਉਣ ਦੀ, ਬਾਰੇ ਹਮੇਸ਼ਾਂ ਸੋਚਦੇ ਰਹਿੰਦੇ ਸਨ। ਕੀ ਵੇਲੇ ਦੀ ਕਾਂਗ੍ਰਸ ਸਰਕਾਰ, ਆਪਣੇ ਇਸ ਅਣਥੱਕ ਵਰਕਰ ਤੇ ਸਿਰੜੀ ਸੰਗਰਾਮੀਏ ਦੀ ਯਾਦ ਨੂੰ, ਚਿਰ ਜੀਵਤ ਕਰਨ ਲਈ ਇਸ ਪਾਸੇ ਕੋਈ ਠੋਸ ਕਦਮ ਨਹੀਂ ਚੁੱਕ ਸੱਕਦੀ ?

ਕਰੀਵਾਲਾ (ਸਿਰਸਾ)

ਮੌਤ

ਮੌਤ ਤੋਂ ਡਰਨਾ ਡਰਪੋਕਾਂ ਦਾ ਕੰਮ ਹੈ ਕਿਉਂਕਿ ਵਾਸਤਵਿਕ ਜੀਵਨ ਤਾਂ ਮੌਤ ਹੀ ਹੈ।

—ਸੁਕਰਾਤ

ਜੇ ਤੁਸੀਂ ਸਚਮੁੱਚ ਮੌਤ ਦੀ ਆਤਮਾ ਦੀ ਸਾਰ ਲੈਣੀ ਚਾਹੁੰਦੇ ਹੋ ਜਾਂ ਜੀਵਨ ਦੀ ਕਾਇਆ ਨੂੰ ਜੀਅ ਭਰ ਕੇ ਵੇਖ ਲਵੋ।

—ਖ਼ਲੀਲ ਜਿਬਰਾਨ

ਕਬਰਾਂ ਉਹਨਾਂ ਲੋਕਾਂ ਨਾਲ ਭਰੀਆਂ ਹਨ ਜਿਹਨਾਂ ਬਾਰੇ ਕਿਹਾ ਜਾਂਦਾ ਸੀ ਕਿ ਸੰਸਾਰ ਉਨ੍ਹਾਂ ਬਿਨਾਂ ਚਲ ਨਹੀਂ ਸਕੇਗਾ।

—ਨੈਪੋਲੀਅਨ

ਮੌਤ ਨਾਲ ਨਵਾਂ ਜੀਵਨ ਮਿਲਦਾ ਹੈ। ਜੋ ਵਿਅਕਤੀ ਅਤੇ ਰਾਸ਼ਟਰ ਮਰਨਾ ਨਹੀਂ ਜਾਣਦੇ, ਉਹ ਜਿਉਣਾ ਵੀ ਨਹੀਂ ਜਾਣਦੇ।

—ਜਵਾਹਰ ਲਾਲ ਨਹਿਰੂ

ਮਹਾਨ ਗੁਰੂ ਕਵੀ-ਸ੍ਰੀ ਗੁਰੂ ਅਰਜਨ ਦੇਵ ਜੀ

—ਡਾ. ਰਣਜੀਤ ਕੌਰ 'ਕੰਗ'

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪੰਜਾਬੀ ਸਾਹਿਤ ਨੂੰ ਅਮੁੱਲ ਅਤੇ ਅਮੁੱਕ ਦੇਣ ਹੈ। ਆਪ ਜੀ ਜਿਥੇ ਅਧਆਤਮਿਕ ਸ਼ਖਸੀਅਤ ਦੇ ਮਾਲਕ, ਮਹਾਨ ਸਮਾਜ-ਸੁਧਾਰਕ, ਸੰਗੀਤਕਾਰ, ਸੰਪਾਦਕ, ਸ਼ਾਂਤੀ ਦੇ ਪੁੰਜ ਤੇ ਸ਼ਹੀਦਾਂ ਦੇ ਸਿਰਤਾਜ ਹਨ, ਉਥੇ ਆਪ ਇਕ ਮਹਾਨ ਗੁਰੂ-ਕਵੀ ਸਾਹਿਤਕਾਰ ਵੀ ਹਨ। ਆਪ ਜੀ ਨੂੰ ਬਚਪਨ ਵਿੱਚ ਤੀਜੇ ਗੁਰੂ ਨਾਨਾ ਅਮਰਦਾਸ ਜੀ ਨੇ 'ਦੋਹਿਤਾ ਬਾਣੀ ਦਾ ਬੋਹਿਥਾ' ਹੋਣ ਦਾ ਵਰ ਦਿੱਤਾ। ਜਿਸ ਦਾ ਭਾਵ ਕਿ ਆਪ ਵੱਡੇ ਹੋ ਕੇ ਬਾਣੀ ਰੱਚਣ ਤੇ ਬਾਣੀ ਸੰਭਾਲ ਦਾ ਕਾਰਜ ਕਰਣਗੇ।

ਆਪ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਅਤੇ ਭਗਤ-ਕਵੀਆਂ ਦੀ ਬਾਣੀ ਨੂੰ ਇਕੱਤਰ ਕਰਵਾ ਕੇ ਬੜੇ ਨਿਯਮਬੱਧ ਢੰਗ ਨਾਲ ਅਤੇ ਰਾਗਾਂ ਦੇ ਅਨੁਸਾਰ ਭਾਈ ਗੁਰਦਾਸ ਤੋਂ ਲਿਖਵਾ ਕੇ ਉੱਚ-ਕੋਟੀ ਦਾ ਸੰਪਾਦਕੀ ਕਾਰਜ ਕਰ ਕੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ੧੬੦੪ ਈ. ਵਿੱਚ ਕੀਤੀ।

ਆਪ ਜੀ ਨੇ ਬੜੇ ਵਿਸ਼ਾਲ ਪੱਧਰ ਤੇ ਗੁਰਬਾਣੀ ਦੀ ਰਚਨਾ ਕੀਤੀ, ਜਿਸ ਨਾਲ ਗੁਰਬਾਣੀ-ਪਰੰਪਰਾ ਵਿੱਚ ਗਿਣਾਤਮਕ ਤੇ ਗੁਣਾਤਮਕ ਵਾਧਾ ਹੋਇਆ। ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਕੁੱਲ ੧੪੩੦ ਪੰਨਿਆਂ ਵਿਚੋਂ ਆਪ ਜੀ ਦੀ ਰਚਨਾ ੬੫੦ ਪੰਨਿਆਂ ਵਿੱਚ ਦਰਜ ਹੈ।

ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੀ ਬਾਣੀ ਇਕੱਤੀ ਰਾਗਾਂ ਵਿੱਚ ਦਰਜ ਹੈ, ਜਿਹਨਾਂ ਵਿਚੋਂ ਜੈਜਾਵੰਤੀ ਰਾਗ ਨੂੰ ਛੱਡ ਕੇ ਆਪ ਜੀ ਨੇ ਤੀਹ ਰਾਗਾਂ ਵਿੱਚ ਗੁਰਬਾਣੀ ਰਚਨਾ ਕੀਤੀ। ਆਪ ਜੀ ਨੇ ੧੪੦੬ ਸ਼ਬਦਾਂ, ੮੨ ਅਸ਼ਟਪਦੀਆਂ, ੭੨ ਛੰਦ, ੨੪ ਸੋਹਿਲੇ, ੧੦੭ ਪਉੜੀਆਂ ਅਤੇ ੨੩੯ ਸਲੋਕ ਸ੍ਰੀ ਗ੍ਰੰਥ ਸਾਹਿਬ ਵਿੱਚ ਦਰਜ ਹਨ। ਆਪ ਜੀ ਦੀ ਗੁਰਬਾਣੀ ਰਚਨਾ ਬਾਕੀ ਗੁਰੂ ਕਵੀਆਂ ਅਤੇ ਭਗਤ-ਕਵੀਆਂ ਨਾਲੋਂ ਅਧਿਕ ਮਾਤਰਾ ਵਿੱਚ ਦਰਜ ਹੈ। ਇਸ ਕਰਕੇ ਹੀ ਬਾਵਾ ਬੁੱਧ ਸਿੰਘ ਨੇ ਆਪ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਸਭ ਤੋਂ ਵੱਡਾ ਕਵੀ' ਕਿਹਾ ਹੈ।

ਕਾਵਿ ਦੀ ਰੂਪਾਕਾਰਕ ਦ੍ਰਿਸ਼ਟੀ ਤੋਂ ਪ੍ਰਬੰਧ-ਕਾਵਿ ਦੀ ਵੰਨਗੀ ਵਿੱਚ ਆਪ ਜੀ ਦੀਆਂ ਰਚਨਾਵਾਂ ਸ੍ਰੀ ਸੁਖਮਨੀ ਸਾਹਿਬ, ਬਾਵਨ ਅੱਖਰੀ, ਬਾਰਾਂਮਾਹ, ਰੁੱਤੀ ਅਤੇ ਥਿੱਤੀ ਦੀ ਰਚਨਾ ਹੋਈ ਹੈ। ਇਸੇ ਤਰ੍ਹਾਂ ਲਘੂ-ਅੱਖਰੀ ਰਚਨਾਵਾਂ ਵਿਚ ਪੱਹਰੇ, ਦਿਨ-ਰੈਣ, ਬਿਰਹੜੇ, ਗੁਣਵੰਤੀ ਤੇ ਅੰਜਲੀਆਂ ਵਰਣਨਯੋਗ ਹਨ। ਮੁਕਤਕ-ਕਾਵਿ ਵਨੰਗੀ ਵਿੱਚ ਆਪ ਜੀ ਨੇ ਛੰਤ, ਸਲੋਕ, ਦਉਪਦੇ, ਅਸ਼ਟਪਦੀਆਂ, ਸੋਹਲੇ ਤੇ ਪਉੜੀਆਂ ਦੀ ਰਚਨਾ ਕੀਤੀ ਹੈ। ਇਸ ਦੇ ਨਾਲ ਹੀ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਈ ਵਾਰਾਂ ਵਿੱਚੋਂ ਆਪ ਜੀ ਦੀਆਂ ਰਚੀਆਂ ਛੇ ਵਾਰਾਂ ਦਰਜ ਹਨ ਜੋ ਕਿ ਰਾਗ ਗਉੜੀ, ਗੂਜਰੀ ਜੈਤਸਰੀ, ਮਾਰੂ ਅਤੇ ਬਸੰਤ ਰਾਗ ਵਿਚ ਹਨ।

ਸੁਖਮਨੀ ਸਾਹਿਬ ਆਪ ਜੀ ਦੀ ਸ਼ਾਹਕਾਰ ਰਚਨਾ ਹੈ। ਵਿਦਵਾਨਾਂ ਨੇ ਇਸ ਨੂੰ ਪੰਜਾਬੀ ਸਾਹਿਤ ਦਾ ਅਤਿ-ਸ਼੍ਰੇਸ਼ਟ ਪ੍ਰਬੰਧ ਕਾਵਿ ਤੇ ਪੰਜਾਬੀ ਕਵਿਤਾ ਦਾ ਸਿਖਰ ਕਿਹਾ ਹੈ। ਇਹ ਮਹਾਨ ਰਚਨਾ ਪੰਜਾਬੀ ਸਾਹਿਤ ਦੀ ਉਤ-ਕ੍ਰਿਸ਼ਟ ਅਤੇ ਕਲਾਸੀਕਲ ਰਚਨਾ ਹੈ। ਇਹ ਪ੍ਰਬੰਧ-ਕਾਵਿ ਵੰਨਗੀ ਵਿਚ ਰਚੀ ਗਈ ਹੈ, ਜਿਸ ਦੀਆਂ ਚੌਵੀ ਅਸ਼ਟਪਦੀਆਂ ਹਨ ਅਤੇ ਅਸ਼ਟਪਦੀ ਤੋਂ ਪਹਿਲਾਂ ਇਕ-ਇਕ ਸਲੋਕ ਅੰਕਿਤ ਕੀਤਾ ਗਿਆ ਹੈ, ਜੋ ਸਬੰਧਤ ਅਸ਼ਟਪਦੀ ਦੇ ਵਿਚਾਰ ਦੀ ਪ੍ਰਧਾਨਤਾ ਕਰਦਾ ਹੈ।

ਸੁਖਮਨੀ ਸ਼ਬਦ ਦੀ ਉਤਪਤੀ ਦੋ ਸ਼ਬਦਾਂ ਦੇ ਸੁਮੇਲ ਸੁਖ+ਮਨੀ ਤੋਂ ਹੋਈ, ਜਿਸ ਦਾ ਅਰਥ ਹੈ ਮਨ ਨੂੰ ਸੁੱਖ ਦੇਣ ਵਾਲੀ ਸੁਖਾਂ ਭਰਪੂਰ ਮਣੀ। ਇਸ ਰਚਨਾ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਸੱਚੇ ਨਾਮ ਨੂੰ, ਨਾਮ ਦੀ ਸਦੀਵੀਂ ਪ੍ਰਾਪਤੀ ਨੂੰ 'ਸੁਖਮਨੀ' ਕਿਹਾ ਹੈ। ਗੁਰੂ ਜੀ ਲਿਖਦੇ ਹਨ —

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ।
ਭਗਤ ਜਨਾਂ ਕੈ ਮਨਿ ਬਿਸ੍ਰਾਮ॥

ਗੁਰੂ ਜੀ ਅਨੁਸਾਰ ਜਿਹੜਾ ਜਗਿਆਸੂ/ਭਗਤ ਪ੍ਰਭੂ ਨੂੰ ਸੱਚੇ ਹਿਰਦੇ ਨਾਲ ਯਾਦ ਕਰਦਾ ਹੈ, ਉਸ ਦਾ ਸਿਮਰਨ ਕਰਦਾ ਹੈ, ਉਸ ਦੇ ਸਾਰੇ ਸਰੀਰਕ, ਮਾਨਸਿਕ ਤੇ ਸੰਸਾਰਕ ਕਸ਼ਟ ਦੂਰ ਹੋ ਜਾਂਦੇ ਹਨ, ਉਸ ਨੂੰ ਸੱਚੇ ਨਾਮ ਦੀ, ਸੱਚੀ ਖੁਸ਼ੀ ਦੀ ਸਦੀਵੀਂ ਪ੍ਰਾਪਤੀ ਹੋ ਜਾਂਦੀ ਹੈ—

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ।
ਕਲਿ ਕਲੇਸ ਤਨ ਮਾਹਿ ਮਿਟਾਵਉ॥

ਗੁਰੂ ਜੀ ਨੇ ਇਸ ਵਿੱਚ ਬੋਧਿਕ ਅਤੇ ਦਾਰਸ਼ਿਨਕ ਸੰਕਲਪਾਂ ਦੀ ਅਭਿ-ਵਿਅਕਤੀ ਗੁਰਮਤਿ ਵਿਚਾਰਧਾਰਾ ਦੇ ਅਨੁਸਾਰ ਕੀਤੀ ਹੈ। ਆਪ ਜੀ ਨੇ ਪ੍ਰਭੂ, ਪ੍ਰਭੂ ਨਾਮ ਦੀ ਮਹਿਮਾ, ਸ਼੍ਰਿਸ਼ਟੀ, ਸਤਿਗੁਰੂ, ਬ੍ਰਹਮ ਗਿਆਨੀ, ਗੁਰਮੁਖ, ਮਨਮੁਖ, ਸਾਧੂ-ਸੰਗ, ਨਿੰਦਕ ਆਦਿ ਸੰਕਲਪਾਂ ਦੀ ਅਭਿਵਿਅਕਤੀ ਕਰਦਿਆਂ ਜਗਿਆਸੂ ਨੂੰ ਸੱਚੇ ਨਾਮ ਦੀ

ਪ੍ਰਾਪਤੀ ਅਤੇ ਸਦੀਵੀਂ ਆਨੰਦ ਦਾ ਮਾਰਗ ਦੱਸਿਆ ਹੈ। ਜਿਸ ਮਾਰਗ ਤੇ ਚੱਲ ਕੇ ਉਸ ਨੂੰ ਪਰਮਗਤੀ ਮਿਲੇ ਅਤੇ ਸਦੀਵੀਂ-ਆਨੰਦ ਦੀ ਪ੍ਰਾਪਤੀ ਹੋਵੇਗੀ।

ਬਾਰਾਮਾਹ ਕਾਵਿ-ਪਰੰਪਰਾ ਅਨੁਸਾਰ ਆਪ ਜੀ ਨੇ 'ਬਾਰਹ ਮਾਹ ਮਾਝ' ਦੀ ਰਚਨਾ ਕੀਤੀ ਹੈ। ਇਹ ਬਾਰਾਮਾਹ ਚੇਤਰ ਦੇ ਮਹੀਨੇ ਤੋਂ ਆਰੰਭ ਹੋ ਕੇ ਫੱਗਣ ਤੱਕ ਦੇਸੀ ਮਹੀਨਿਆਂ ਦੇ ਅਨੁਸਾਰ ਰਚਿਆ ਗਿਆ ਹੈ। ਗੁਰੂ ਜੀ ਅਨੁਸਾਰ ਜੀਵ-ਆਤਮਾ ਆਪਣੇ ਕਰਮਾਂ ਕਰ ਕੇ ਥਾਂ-ਥਾਂ ਭਟਕਦੀ ਰਹੀ ਹੈ ਅਤੇ ਪਰਮਾਤਮਾ ਤੋਂ ਦੂਰ ਹੈ। ਜੀਵ-ਆਤਮਾ ਨੂੰ ਸਦੀਵੀਂ ਆਨੰਦ ਦੀ ਪ੍ਰਾਪਤੀ ਪਰਮ-ਸੱਤਾ ਦੇ ਮਿਲਾਪ ਨਾਲ ਹੀ ਪ੍ਰਾਪਤ ਹੋ ਸਕਦੀ ਹੈ ਅਤੇ ਪਰਮ ਸੱਤਾ ਨਾਮ ਮਿਲਾਪ ਉਸ ਦੀ (ਗੁਰੂ) ਕ੍ਰਿਪਾ-ਦ੍ਰਿਸ਼ਟੀ ਨਾਲ ਹੀ ਪ੍ਰਾਪਤ ਹੁੰਦਾ ਹੈ।

ਫਲਗੁਣਿ ਆਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥

ਗੁਰੂ ਜੀ ਨੇ ਆਪਣੀ ਮਹਾਨ ਰਚਨਾ 'ਬਾਵਨ ਅੱਖਰੀ' ਵਿਚ ਗੁਰੂ ਦੇ ਮਹੱਤਵ ਨੂੰ ਅਭਿਵਿਅਕਤ ਕੀਤਾ ਹੈ। ਗੁਰੂ ਜੀ ਕਹਿੰਦੇ ਹਨ –

ਗੁਰਦੇਵ ਮਾਤਾ ਗੁਰਦੇਵ ਪਿਤਾ
ਗੁਰਦੇਵ ਸੁਆਮੀ ਪਰਮੇਸ਼ਰਾ॥

ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਉਹਨਾਂ ਦਾ ਗੁਰੂ-ਪਿਤਾ ਪ੍ਰੇਮ ਉਮੜ-ਉਮੜ ਪੈਂਦਾ ਹੈ। ਉਹ ਗੁਰੂ-ਪਿਤਾ ਜਦੋਂ ਦੂਰ ਹੁੰਦੇ ਹਨ ਤਾਂ ਉਹ ਕਹਿੰਦੇ ਸਨ –

ਮੇਰਾ ਮਨ ਲੋਚੈ ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥

ਗੁਰੂ-ਪਿਤਾ ਦੇ ਦਰਸ਼ਨ ਦੀਦਾਰ ਕਰਦਿਆਂ, ਗੁਰੂ-ਮਿਲਾਪ ਦੀ ਅਵਸਥਾ ਨੂੰ ਅਭਿਵਿਅਕਤ ਕਰਦੇ ਫਰਮਾਉਂਦੇ ਹਨ–

ਭਾਗੁ ਹੋਆ ਗੁਰਿ ਸੰਤ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਧਿਐਨ ਕਰਿਦਆਂ ਅਸੀਂ ਦੇਖਦੇ ਹਾਂ ਕਿ ਆਪ ਜੀ ਦੀ ਰਚਨਾ ਜਿਥੇ ਗੁਰਮਤਿ ਕਾਵਿ ਵਿੱਚ ਗੁਣਾਤਮਕ ਤੇ ਗਿਣਾਤਮਕ ਤੌਰ ਤੇ ਵੱਡਾ ਯੋਗਦਾਨ ਪਾਉਂਦੀ ਹੈ, ਉਥੇ ਆਪ ਜੀ ਗੁਰਮਤਿ ਸਾਹਿਤ ਦੇ ਸਭ ਤੋਂ ਵੱਡੇ ਗੁਰੂ ਕਵੀ ਹਨ। ਆਪ ਜੀ ਦੀਆਂ ਸਿੱਖਿਆਵਾਂ ਸਮੁੱਚੇ ਸਮਾਜ ਨੂੰ ਜੀਵਨ-ਸੇਧ ਦੇ ਕੇ ਸਹੀ ਮਾਰਗ ਤੇ ਤੋਰਦੀਆਂ ਰਹਿਣਗੀਆਂ।

—ਲੈਕਚਰਾਰ ਪੰਜਾਬੀ
ਹਿੰਦੂ ਕੰਨਿਆ ਕਾਲਜ
ਕਪੂਰਥਲਾ

ਪ੍ਰੋ. ਕਾਹਲੋਂ ਦੇ ਮਾਤਾ ਜੀ ਨਮਿਤ ਸਮਾਗਮ

ਜਲੰਧਰ– ਪ੍ਰੋ. ਜਗੀਰ ਸਿੰਘ ਕਾਹਲੋਂ, ਵਿਦਿਆ, ਸਾਹਿਤਕਾਰੀ, ਪੱਤਰਕਾਰੀ, ਖੇਡ ਸੰਸਾਰ, ਅਧਿਆਪਕਾਂ ਦਾ ਜਥੇਬੰਦ ਖੇਤਰ ਅਤੇ ਸਿਆਸੀ ਸਰਗਰਮੀਆਂ ਵਿਚ ਉਘਾ ਨਾਮ ਹੈ। ਉਹਨਾਂ ਦੇ ਮਾਤਾ ਜੀ ਸਰਦਾਰਨੀ ਪ੍ਰਕਾਸ਼ ਕੌਰ ਕਾਹਲੋਂ (ਪਤਨੀ ਸਵ. ਸ. ਦਲੀਪ ਸਿੰਘ ਕਾਹਲੋਂ) ਮਿਤੀ ੩੦ ਮਈ ੨੦੦੬ ਨੂੰ ਸੰਸਾਰ ਯਾਤਰਾ ਸੰਪੂਰਨ ਕਰ ਗਏ ਹਨ। ਮਾਤਾ ਜੀ ਨਮਿਤ ੧੧ ਜੂਨ ੨੦੦੬ ਐਤਵਾਰ ਨੂੰ ਗੁਰਦੁਆਰਾ ਸਾਹਿਬ ਅਰਬਨ ਅਸਟੇਟ ਫੇਜ਼-1 ਜਲੰਧਰ ਵਿਚ ਇਕ ਪ੍ਰਭਾਵਸ਼ਾਲੀ ਸਮਾਗਮ ਹੋਇਆ। ਇਸ ਵਿਚ ਰਾਗੀ ਸਿੰਘਾਂ ਦੇ ਵੈਰਾਗਮਈ ਕੀਰਤਨ ਉਪਰੰਤ ਸਮਾਜ ਦੇ ਵੱਖ-ਵੱਖ ਖੇਤਰਾਂ ਚੋਂ ਆਏ ਪ੍ਰਤਿਨਿਧ ਵਿਅਕਤੀਆਂ ਨੇ ਭਾਵ ਭਿੰਨੀਆਂ ਸ਼ਰਧਾਜਲੀਆਂ ਅਰਪਿਤ ਕੀਤੀਆਂ। ਡਾ. ਵਰਿਆਮ ਸਿੰਘ ਸੰਧੂ ਹੋਰਾਂ ਸਟੇਜ ਦਾ ਸੰਚਾਲਨ ਕਰਦਿਆਂ ਮਾਤਾ ਦੀ ਸਿਫਤ ਅਤੇ ਮਹੱਤਵ ਉਤੇ ਭਾਵ ਪੂਰਨ ਸ਼ਬਦਾਂ ਵਿਚ ਬਾਕਮਾਲ ਭੂਮਿਕਾ ਬੰਨੀ ਅਤੇ ਫੇਰ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਬੋਲਣ ਵਾਲਿਆਂ ਵਿਚ ਕਰਮਵਾਰ ਸ. ਜਗਦੀਸ਼ ਸਿੰਘ ਵਰਿਆਮ, ਸ੍ਰੀ ਜਤਿੰਦਰ ਪੰਨੂ, ਪ੍ਰਿੰ. ਸੁਖਬੀਰ ਸਿੰਘ ਚੱਠਾ, ਪਦਮ ਸ੍ਰੀ ਸ. ਕਰਤਾਰ ਸਿੰਘ ਪਹਿਲਵਾਨ, ਪ੍ਰੋ. ਜੈਪਾਲ ਸਿੰਘ, ਪ੍ਰਿੰ. ਕਰਮਜੀਤ ਚੌਧਰੀ, ਡਾ. ਵੀ.ਕੇ ਤਿਵਾੜੀ, ਸ੍ਰੀ ਸਤਿਨਾਮ ਸਿੰਘ ਮਾਣਕ ਪ੍ਰੋ. ਪਿਆਰਾ ਸਿੰਘ ਭੋਗਲ, ਚੌਧਰੀ ਸੰਤੋਖ ਸਿੰਘ ਮੰਤਰੀ, ਸ੍ਰੀ ਮਹਿੰਦਰ ਸਿੰਘ ਕੇ.ਪੀ. ਮੰਤਰੀ ਸ਼ਾਮਲ ਸਨ। ਵਡੀ ਗਿਣਤੀ ਵਿਚ ਇਕੱਤਰ ਹੋਈ ਸੰਗਤ ਵਿਚ ਸ. ਗੁਰਬਖ਼ਸ਼ ਸਿੰਘ ਬੰਨੋਆਣਾ ਪ੍ਰੋ. ਜਸਵੰਤ ਸਿੰਘ ਵਿਰਦੀ, ਪ੍ਰਿੰ. ਇੰਦਰਜੀਤ ਸਿੰਘ, ਪ੍ਰਿੰ. ਡਾ. ਜਸਪਾਲ ਸਿੰਘ ਹਰਭਜਨ ਸਿੰਘ ਹੁੰਦਲ, ਡਾ. ਸੁਖਪਾਲ ਸਿੰਘ ਥਿੰਦ, ਪ੍ਰੋ. ਅਤੇ ਸਿੰਘ, ਸੁਰਿਦਰ ਅਤੇ ਸਿੰਘ, ਪ੍ਰੋ. ਬਿਰਕਮ ਸਿੰਘ ਵਿਰਕ, ਪ੍ਰੋ. ਕੁਲਵੰਤ ਔਜਲਾ, ਪ੍ਰਿੰ. ਵੀਰ ਸਿੰਘ; ਸਤਨਾਮ ਚਾਣਾ, ਪਾਲ ਸਿੰਘ ਨੌਲੀ, ਬਲਬੀਰ ਪਰਵਾਨਾ, ਸੁਰਿਦਰ ਸਿੰਘ ਸੋਢੀ ਓਲੰਪੀਅਨ, ਸੁਰਿੰਦਰ ਸਿੰਘ ਸੁਰਜੀਤ ਹਾਕੀ, ਸ. ਆਗਿਆਪਾਲ ਸਿੰਘ ਰੰਧਾਵਾ, ਗੁਰਮੀਤ ਸਿੰਘ ਢੱਡਾ, ਹ.ਸ. ਮਿਨਹਾਸ, ਹਰਭਜਨ ਸਿੰਘ ਐਡਵੋਕੇਟ, ਸ. ਦਰਬਾਰਾ ਸਿੰਘ ਢਿਲੋਂ, ਸ. ਸੀਤਲ ਸਿੰਘ ਸੰਘਾ, ਕੌਂਸਲਰ ਹਰਕਿਸ਼ਨ ਸਿੰਘ ਬਾਵਾ, ਅਜੀਤ ਸਿੰਘ ਸ਼ਾਹੀ ਇਤਿਆਦਕ ਬਹੁਤ ਭਾਰੀ ਸੰਖਿਆ ਵਿਚ ਦੋਸਤ ਰਿਸ਼ਤੇਦਾਰ ਅਤੇ ਸਨੇਹੀ ਸ਼ਾਮਲ ਸਨ। ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਨਿਮ੍ਰਤਾ ਸਹਿਤ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਅੰਤ ਉਤੇ ਸਮੂਹ ਸੰਗਤ ਨੇ ਲੰਗਰ ਛਕਿਆ। ਇਸ ਤੋਂ ਪਹਿਲਾਂ ਕਾਹਲੋਂ ਨਿਵਾਸ ਤੇ ਸ੍ਰੀ ਅਖੰਡ ਪਾਠ ਦਾ ਭੋਗ ਪਾਇਆ ਗਿਆ।

ਹੇ ਵਣਜਾਰੇ !

—ਦਲਬੀਰ ਸਿੰਘ 'ਤਰਸ'

ਹੇ ਵਣਜਾਰੇ! ਉਹ ਰਸਨਾ ਕੀ ਜਾਣੇ,
ਜੋ ਨਾ ਰਾਮ ਦੇ ਰੰਗ ਰੰਗੋ ਕੇ, ਮਨ ਦਾ ਭੇਤ ਪਛਾਣੇ।

ਮਨ ਤੇ ਨੰਨਾ ਚੰਚਲ ਬਾਲਕ, ਵੱਸ ਇੰਦਰਿਆਂ ਕਰਿਆ,
ਖਿੱਚੀ ਫਿਰਦੇ ਜਿਸ ਵੱਲ ਘੋੜੇ, ਉਸੇ ਦਰ ਜਾ ਵੜਿਆ।

ਬੁੱਧ ਹੀਣ ਉਹ ਬਾਲਕ ਜਾਣੋ, ਛੋੜ ਦਏ ਜੋ ਘੋੜ ਤਣਾਵਾਂ,
ਸੋਖਾ ਨਹੀਂ ਉਸ ਹੜ੍ਹ ਨੂੰ ਠੱਲਣਾ, ਕਰ ਜਏ ਜੋ ਪਾਰ ਅਦਾਵਾਂ।

ਜੀਂਵਦਿਆਂ ਜੀਅ ਨਰਕ ਬਣਾਵੇ, ਚਾਹਤ ਇਹ ਰੂਪ ਰੰਗਾਲੀ;
ਹਫ ਗਏ ਘੋੜੇ ਸਫ਼ਰ ਨਾ ਮੁੱਕਿਆ, ਰਹਿ ਗਿਆ ਹੱਥੋਂ ਖਾਲੀ।

ਸਤਿਗੁਰ ਸੇਵਾ ਤੋਂ ਵਰ ਪਾ ਕੇ, ਜੋ ਤਣ ਜਏ ਰੱਬੀ ਤਾਣੇ;
ਨਾ ਹੋਣ ਦਏ ਮਨ ਮਾਣੇ,
ਉਹਾ ਸੁਘੜ ਸਿਆਣੇ,
ਚਲਦੇ ਹਰਿ ਹਰਿ ਭਾਣੇ।

੨

ਹੇ ਵਣਜਾਰੇ! ਸਰਬ ਸੁੱਖਾਂ ਦੀ ਫ਼ੇਰੀ;
ਰਸਨਾ ਮਾਣ ਰਹੀ ਸੁਖ ਸਾਗਰ, ਰਾਮ ਨਾਮ ਦੀ ਚੇਰੀ।

ਆਪੇ ਸੁਆਮੀ ਆਪੇ ਸੇਵਕ, ਭਗਤ ਜਨਾਂ ਕਾ ਚੇਲਾ;
ਗਾਂਦੇ ਜਾਈਏ ਗੀਤੀਂ ਉਸ ਨੂੰ, ਪਰਤ ਨਾ ਆਵੇ ਵੇਲਾ।

ਇੱਕ ਪਲ ਨੂੰ ਜੇ ਪ੍ਰਭੂ ਵਿਛੋੜੇ, ਬਿਹਬਲ ਰੋਏ ਬੇਚਾਰਾ;
ਜਿਉਂ ਮਛੇਲੀ ਜਲ ਤੋਂ ਵਿਛੜੀ, ਪਾ ਨਾ ਸਕੇ ਕਿਨਾਰਾ।

ਜਿਸ ਜਨ ਪ੍ਰੀਤਮ ਨਹੀਂ ਪਛਾਤਾ, ਰੁਸ ਜਾਣ ਤਕਦੀਰਾਂ;
ਕੀ ਪੱਟ ਹੰਢਾਵੇ ਉਹ ਜ਼ਿੰਦਗਾਨੀ, ਜੋ ਹੋਈ ਲੀਰਾਂ ਲੀਰਾਂ।

ਆਪੇ ਉਹ ਕਿਰਪਾ ਦਾ ਸਾਗਰ ਆਪੇ ਘੁੰਮਣ ਘੇਰੀ;
ਸਭ ਸੇ ਰਮਜ ਉਚੇਰੀ,
ਨਾ ਤੇਰੀ ਨਾ ਮੇਰੀ,
ਸਭ ਕੇ ਸੰਗ ਵਸੇਰੀ।

ਖ਼ੁਆਹਿਸ਼

—ਇੰਦਰਜੀਤ ਹਸਨਪੁਰੀ

ਜੀ ਕਰਦਾ ਏ ਮੇਰਾ ਕਿ ਮੈਂ
ਫੁੱਲ ਵਾਂਗ ਬਣ ਜਾਵਾਂ
ਹਰ ਪੂਜਕ ਤੋਂ ਪਹਿਲਾਂ ਰੱਬ ਦੇ
ਚਰਨਾ ਦੀ ਛੋਹ ਪਾਵਾਂ
ਖ਼ੁਸ਼ੀ ਕਿਸੇ ਦੀ ਖਾਤਰ ਆਪਣੀ
ਹਿੱਕ 'ਚੋਂ ਸੂਈ ਲੰਘਾਵਾਂ
ਬਣ ਕੇ ਹਾਰ ਗਲੇ ਦਾ ਫਿਰ ਮੈਂ
ਹਾਰ ਨੂੰ ਜਿੱਤ ਬਣਾਵਾਂ
ਜੇ ਕਬਰਾਂ ਤੇ ਕੋਈ ਚੜ੍ਹਾਵੇ
ਤਾਂ ਵੀ ਮਹਿਕ ਖਿੰਡਾਵਾਂ
ਹਸਨਪੁਰੀ ਕੰਮ ਕਿਸੇ ਦੇ ਆ ਕੇ
ਜੀਵਨ ਸਫ਼ਲ ਬਣਾਵਾਂ

ਗੁਰ ਕੀ ਵਡਿਆਈ

—ਮਾ. ਅਮਰੀਕ ਸਿੰਘ

ਗੁਰ ਪੂਰੇ ਦੀ ਇਹ ਵਡਿਆਈ
ਬਲਦੀ ਅੱਗ ਵਿਚ ਠੰਢ ਵਰਤਾਈ,
ਚਿਰੀਂ ਵਿਛੁਨਿਆਂ ਤਾਈਂ ਸਦ ਕੇ,
ਮਿਲ ਬੈਠਣ ਦੀ ਬਣਤ ਬਨਾਈ।
ਹਰ ਹਿਰਦੇ ਨੂੰ ਤ੍ਰਿਪਤੀ ਬਖ਼ਸ਼ੀ
ਹਰ ਬੇਚੈਨੀ ਮਾਰ ਭਜਾਈ,
ਬਿਨ ਬਾਦਲ ਬਰਸਾਤਾਂ ਹੋਈਆਂ,
ਉਜੜੀ ਦੁਨੀਆ ਫੇਰ ਵਸਾਈ,
ਐਸਾ ਕ੍ਰਿਸ਼ਮਾ ਕੀਤਾ ਪ੍ਰਭ ਜੀ,
ਰੁੱਤ ਬਸੰਤੀ ਪਰਤ ਕੇ ਆਈ
ਸਭ ਦੂਸ਼ਨ ਪਰਦੂਸ਼ਨ ਮੁੱਕੇ।
ਵਾਤਾਵਰਨ ਦੀ ਕਰੀ ਸਫ਼ਾਈ
ਦਿਲ ਤੋਂ ਦੂਰ ਵਸੰਦਿਆਂ ਤਾਈਂ,
ਸੱਦ ਕੇ ਧਾ ਗਲਵਕੜੀ ਪਾਈ।
ਚੌੜਾ ਕੀਤਾ ਬਹੁਤ ਕਲਾਵਾ,
ਸਾਰੀ ਦੁਨੀਆ ਵਿਚ ਸਮਾਈ।
ਜਨਮ ਜਨਮ ਦੇ ਕਿਲ ਵਿਖ ਕੱਟ ਕੇ,
ਅੱਜ ਅਮਰੀਕ ਦੇ ਬਣੇ ਸਹਾਈ।

ਦੋ ਗ਼ਜ਼ਲਾਂ

—ਕੁਲਵੰਤ ਜਗਰਾਓ

ਮੈਂ ਜਾਣਾ ਕਿ ਦੇਰ ਨਹੀਂ, ਹੁਣ, ਛੇਤੀ ਹੀ ਤੁਰ ਜਾਣਾ ਹੈ।
ਐਪਰ ਜਦ ਤਕ ਸਾਹ ਬਾਕੀ ਨੇ, ਹੱਸਣਾ ਤੇ ਮੁਸਕਾਣਾ ਹੈ।
ਜੀਵਨ ਸਫਰ ਦੀ ਅੰਤਿਮ ਮੰਜ਼ਿਲ, ਮੌਤ ਨੇ ਆਖਿਰ ਆਣਾ ਹੈ।
ਮੌਤੋਂ ਕਿਸ ਲਈ ਡਰਨਾ ਹੈ, ਮੌਤੋਂ ਕਿਉਂ ਘਬਰਾਣਾ ਹੈ।
ਨਾਲ ਹਨੇਰੇ ਲੜਣਾ ਹੈ ਜੇ, ਦੀਵਾ ਬਨਣਾ ਪੈਣਾ ਏ
ਆਪਣਾ ਆਪ ਜਲਾਣਾ ਪੈਣੈਂ, ਜੇਕਰ ਨ੍ਹੇਰ ਮਿਟਾਣਾ ਹੈ।
ਹਾਰ ਕੇ ਹਿੰਮਤ ਬੈਠ ਗਏ ਜੋ, ਉਨ੍ਹਾਂ ਤਾਈਂ ਉਠਾਣ ਲਈ
ਭੱਖਦੇ ਹੋਏ ਅੰਗਿਆਰਾਂ ਵਰਗੇ ਗੀਤਾਂ ਨੂੰ ਮੈਂ ਗਾਣਾ ਹੈ।
ਉੱਡਦੇ ਪੰਛੀ ਫੜਣ ਵਾਸਤੇ ਜਿਨ੍ਹਾਂ ਜਾਲ ਵਿਛਾਏ ਨੇ
ਨਾਲ ਉਨ੍ਹਾਂ ਦੇ ਸਿਝਣਾ ਪੈਣੈਂ ਤੇ ਹਰ ਜਾਲ ਜਲਾਣਾ ਹੈ।
ਆਇਉਂ ਆ ਕੇ ਤੁਰ ਵੀ ਚਲਿਉਂ, ਸੁਣਿਆ ਕੁਝ ਸੁਣਾਇਆ ਨਾ
ਕੋਲ ਅਸਾਡੇ ਬਹਿ ਜਾ ਸੱਜਣਾਂ ਦਿਲ ਦਾ ਹਾਲ ਸੁਨਾਣਾ ਹੈ।
ਹਾਵੇ ਹੌਕੇ ਗ਼ਮ ਤੇ ਹੰਝੂ ਮਿਲੀਆਂ ਜੋ ਸੌਗਾਤਾਂ ਨੇ
ਇਨ੍ਹਾਂ ਤਾਈਂ ਸਮਝ ਖਿਡਾਉਣੇ ਅਪਣਾ ਮਨ ਪਰਚਾਣਾ ਹੈ।

****

ਆਪਣੀ ਮੰਜ਼ਿਲ ਜੋ ਭੁੱਲ ਕੇ ਬਹਿ ਗਿਆ।
ਠੋਕਰਾਂ ਉਹ ਖਾਣ ਜੋਗਾ ਰਹਿ ਗਿਆ।
ਸ਼ਿਅਰ ਉਹ ਜੋ ਦਰਦ, ਕੁਝ ਦੇਵੇਂ ਦਵਾ
ਸ਼ਿਅਰ ਉਹ ਜੋ ਮਨ ਦੇ ਅੰਦਰ ਲਹਿ ਗਿਆ।
ਕਰ ਸਕੇ ਨਾ ਹੌਂਸਲਾ ਮੇਰਾ ਖਤਮ
ਪੀੜ ਗ਼ਮ ਮੈਂ ਹਰ ਸਿਤਮ ਨੂੰ ਸਹਿ ਗਿਆ।
ਦਰਦ ਕੁਝ ਆਹਾਂ ਤੇ ਹੌਕੇ ਬਣ ਗਿਆ।
ਰਹਿ ਗਿਆ ਜੋ ਬਣ ਕੇ ਹੰਝੂ ਵਹਿ ਗਿਆ।
ਹੱਸ ਰਹੇ ਸਨ ਢਾਹ ਕੇ ਜੋ ਹੋਰਾਂ ਦੇ ਘਰ
ਬਹੁਤ ਰੋਏ ਘਰ ਜਾਂ ਆਪਣਾ ਢਹਿ ਗਿਆ।
ਹੌਂਸਲੇ ਤੇ ਸੂਝ ਦੀ ਮੈਂ ਢਾਲ ਤੇ
ਦੁਸ਼ਮਣਾਂ ਦੇ ਵਾਰ ਸਾਰੇ ਸਹਿ ਗਿਆ।
ਮੁਸਕ੍ਰਾਈਏ ਵੰਡੀਏ ਸਭ ਨੂੰ ਖੁਸ਼ੀ
ਬੋਲ ਇਹ 'ਕੁਲਵੰਤ' ਸਭ ਨੂੰ ਕਹਿ ਗਿਆ।

—8-ਸ਼ਹੀਦ ਕਰਨੈਲ ਸਿੰਘ ਨਗਰ
ਫੇਜ਼-2 ਪੱਖੋਵਾਲ ਰੋਡ, ਲੁਧਿਆਣਾ

ਗ਼ਜ਼ਲ

—ਸਰਵਨ ਰਾਹੀ

ਜੀਵਨ ਉੱਤੇ ਛਾਈ ਧੁੰਦ।
ਆਪਣੀ ਹੋਂਦ ਮਿਟਾਈ ਧੁੰਦ।
ਨ੍ਹੇਰੀ ਨਗਰੀ ਚੌਪਟ ਰਾਜਾ,
ਕੂੜ ਪਸਾਰੇ ਜਾਈ ਧੁੰਦ।
ਲੋੜਾਂ ਖੂਨ-ਖਰਾਬਾ ਕਰਕੇ,
ਜੰਗਲ ਨੂੰ ਅੱਗ ਲਾਈ ਧੁੰਦ।
ਰੁੱਖ ਨਿਪੱਤਰੇ ਕਲਪ ਰਹੇ ਨੇ,
ਪਤਝੜ ਨਾਲ ਲਿਆਈ ਧੁੰਦ।
ਚੋਰ ਬਾਜ਼ਾਰੀ ਰਿਸ਼ਵਤ ਖੋਰੀ,
ਧੋਖਾ ਤੇ ਚਤਰਾਈ ਧੁੰਦ।
ਜੀਣੇ ਦਾ ਅਹਿਸਾਸ ਬੜਾ ਏ,
ਮਰ ਮਰ ਜੋਤ ਜਗਾਈ ਧੁੰਦ।
ਖੇਰੂੰ ਕੰਧ ਵਿਸ਼ਵਾਸਾਂ ਵਾਲੀ,
ਵੇਖ ਵੇਖ ਪਥਰਾਈ ਧੁੰਦ।
ਹਾਦਸਿਆਂ ਨੇ ਮਾਰ ਮੁਕਾਇਆ,
ਵਾਂਗ ਵਰੋਲੇ ਆਈ ਧੁੰਦ।
ਫਰਿਆਦੀ ਫਰਿਆਦਾਂ ਕਰਦੇ,
ਸੁਣਦੀ ਨਾ ਸੁਣਵਾਈ ਧੁੰਦ।
ਲੁੱਟਾਂ, ਖੋਹਾਂ, ਮਾਰਾਂ, ਧਾੜਾਂ,
ਅੱਤ ਸਿਰਾਂ ਦੀ ਚਾਈ ਧੁੰਦ।
ਨਾਲ ਗਰੀਬਾਂ ਧੱਕਾ ਕਰਦੀ,
ਹਾਹਾਕਾਰ ਮਚਾਈ ਧੁੰਦ।
'ਰਾਹੀ' ਜੀਵਨ ਦੇ ਮੋੜਾਂ ਤੇ,
ਮੁੜ ਮੁੜ ਕੇ ਟਕਰਾਈ ਧੁੰਦ।

—ਰੁੜਕਾ ਕਲਾਂ (ਜਲੰਧਰ)
ਫੋਨ-੦੧੮੨੬-੨੭੧੪੪੮

ਸੰਮੂਹ ਲੇਖ ਭੇਜਣ ਵਾਲੇ ਲੇਖਕਾਂ ਨੂੰ ਬੇਨਤੀ ਹੈ ਕਿ ਆਪਣੇ ਲੇਖਾਂ ਵਿਚ ਗੁਰਬਾਣੀ ਦੀਆਂ ਟੂਕਾਂ ਨੂੰ ਪੂਰਨ ਰੂਪ ਵਿਚ ਸੁਧ ਕਰਕੇ ਲਿਖ ਕੇ ਭੇਜਿਆ ਕਰਨ। ਸਿਹਾਰੀਆਂ ਬਿਹਾਰੀਆਂ, ਔਂਕੜਾਂ, ਲਾਵਾਂ, ਦੁਲਾਵਾਂ ਅਤੇ ਦੋਹਰੀਆਂ ਛੋਡੀਆਂ, ਗੁਰਬਾਣੀ ਦੇ ਮੂਲ ਸ੍ਰੋਤ ਨਾਲ ਮੇਲ ਕੇ ਲਿਖਿਆ ਕਰਨ।

—ਸੰਪਾਦਕ

ਅਸਲੀ ਫਕੀਰ

—ਅਜੈਬ ਸਿੰਘ

ਉਹੀ ਅਸਲੀ ਫਕੀਰ ਹੁੰਦੇ ਨੇ,
ਜਿਹੜੇ ਦਿਲ ਦੇ ਅਮੀਰ ਹੁੰਦੇ ਨੇ।

ਲੋੜਵੰਦਾਂ ਲਈ ਮਰ ਮਿਟਣ ਵਾਲੇ,
ਮਾਨਵਤਾ ਦੀ ਜ਼ਮੀਰ ਹੁੰਦੇ ਨੇ।

ਬੇਸਹਾਰਾ ਜੋ ਰੁਲਦੇ ਸੜਕਾਂ ਤੇ,
ਉਨ੍ਹਾਂ ਲਈ ਅਕਸੀਰ ਹੁੰਦੇ ਨੇ।

ਪੂਰੇ ਜਾਣੂੰ ਦੋਹਾਂ ਜਹਾਨਾਂ ਦੇ,
ਜਿਵੇਂ ਬਾਪੋ ਸਫੀਰ ਹੁੰਦੇ ਨੇ।

ਕੁਦਰਤ ਨੂੰ ਸੋਧ ਦਿੰਦੇ ਰਹਿਣ,
ਸੁਪਨਿਆਂ ਦੀ ਤਾਬੀਰ ਹੁੰਦੇ ਨੇ।

ਸਭ ਨੂੰ ਰਾਹ ਵਖਾਵਣ ਵਾਲੇ,
ਰੋਸ਼ਨੀ ਦੀ ਲਕੀਰ ਹੁੰਦੇ ਨੇ।

ਬੰਦੇ ਦੇ ਰੂਪ ਵਿਚ ਅਕਸਰ,
ਬੁੱਧ, ਨਾਨਕ, ਕਬੀਰ ਹੁੰਦੇ ਨੇ।

ਅਸੀਸ ਦੀ ਮਾਲ
ਕਪੂਰਥਲਾ

ਉੱਲੂ ਸਿੱਧਾ

—ਆਦਲ ਦਿਆਲ ਪੁਰੀ

ਤੇਰੇ ਹੱਥ ਹਕੂਮਤ ਦਾ ਤਾਂ ਫਾਇਦਾ
ਰਿਸ਼ਤੇਦਾਰ ਜੇ ਰਹਿਣ ਅਨੰਦ ਕਰਦੇ
ਝੋਲੀ ਚੁੱਕਾਂ ਨੂੰ ਰੱਜ ਕੇ ਖਾਣ ਜੋਗਾ
ਕਿਸੇ ਡੀਪੂ ਦਾ ਪੱਕਾ ਪ੍ਰਬੰਧ ਕਰ ਦੇ
ਕੀਹਨੇ ਪੁੱਛਣਾ ਦੇਖ ਪਲਾਟ ਵਧੀਆ
ਕੋਠੀ ਪੌਣ ਲਈ ਕਿਤੇ ਵੀ ਕੰਧ ਕਰ ਦੇ
ਉੱਲੂ ਆਪਣਾ ਆਦਲਾ ਰੱਖ ਸਿੱਧਾ
ਡੰਗ ਭੁੱਜਦੀ ਦੇਖਣੀ ਬੰਦ ਕਰ ਦੇ

ਸ਼ਾਇਰਾਂ ਦੀ ਮਹਿਫ਼ਿਲ

—ਪੇਸ਼ਕਸ਼ ਸੁਰਜੀਤ ਸਿੰਘ 'ਅਮਰ'

ਛਾਂ ਨੂੰ ਮਿਲਣ ਦੀ ਖਾਤਿਰ ਹਰ ਹਾਲ ਚਲ ਰਿਹਾ ਹਾਂ।
ਸੂਰਜ ਦੇ ਨਾਲ ਭਾਵੇਂ ਪਲ ਪਲ ਪਿਘਲ ਰਿਹਾ ਹਾਂ।
ਭਾਵੇਂ ਘਨਾ ਹਨੇਰਾ ਹੈ ਜ਼ਿੰਦਗੀ 'ਚ ਮੇਰੇ,
ਬਣ ਕੇ ਚਿਰਾਗ ਤੇਰੇ ਰਾਹਾਂ 'ਚ ਬਲ ਰਿਹਾ ਹਾਂ।
ਹਰ ਹਾਦਸੇ 'ਚੋਂ ਮੈਨੂੰ ਇਕ ਰੋਸ਼ਨੀ ਹੈ ਮਿਲਦੀ,
ਤੇਰੀ ਨਜ਼ਰ 'ਚੋਂ ਡਿਗ ਕੇ ਤਾਂਹੀਂ ਸੰਭਲ ਰਿਹਾ ਹਾਂ।

—ਡਾ: ਜਗਤਾਰ

ਰਾਹ ਪੌਣਾਂ ਦਾ ਜਿਸ ਰੋਕਿਆ ਦੋਸਤੋ।
ਰੇਤ ਦੇ ਵਾਂਗ ਉਹ ਉਡ ਗਿਆ ਦੋਸਤੋ।
ਇਹ ਜੋ ਲਗਦੀ ਹੈ ਬਦਲੀ ਹਵਾ ਦੋਸਤੋ।
ਕੀ ਕਰੇਗੀ ਕੀ ਇਸ ਦਾ ਪਤਾ ਦੋਸਤੋ।
ਉਸ ਬੇੜੀ ਨੇ ਕੰਢੇ 'ਤੇ ਲਗਣਾ ਹੈ ਕੀ,
ਕਰ ਰਹੇ ਛੇਕ ਜਿਸ ਵਿਚ ਮਲਾਹ ਦੋਸਤੋ।

—ਕੁਲਵੰਤ ਜਗਰਾਉਂ

ਨਾ ਉਹ ਆਰ ਦੇ ਰਹੇ ਤੇ ਨਾ ਉਹ ਪਾਰ ਦੇ ਰਹੇ।
ਜਿਹੜੇ ਕੰਢੇ ਤੇ ਖਲੋਤੇ ਵਾਜਾਂ ਮਾਰਦੇ ਰਹੇ।
ਉਨ੍ਹਾਂ ਡੋਬੇ ਨੇ ਮੁਸਾਫਰ ਦੇ ਪੂਰ ਦਰ ਪੂਰ,
ਜਿਹੜੇ ਬੇੜੀਆਂ ਵੀ ਖਾਬਾਂ ਵਿਚ ਤਾਰਦੇ ਰਹੇ।
ਥੋੜੇ ਲੋਕ ਨੇ ਜੋ ਬਾਲਦੇ ਨੇ ਬੱਤੀਆਂ ਬਨੇਰੇ,
ਬਹੁਤੇ ਰਾਤ ਦੜ ਵਟ ਕੇ ਗੁਜ਼ਾਰਦੇ ਰਹੇ।

—ਗੁਰਭਜਨ ਗਿੱਲ

ਕਿਸ ਰਾਹ ਤੇ ਚਲ ਪਿਆ ਏ ਇਨਸਾਨ ਹਾਏ ਹਾਏ।
ਜੀਂਦੇ ਜੀ ਢੂੰਡਦਾ ਏ ਸ਼ਮਸ਼ਾਨ ਹਾਏ ਹਾਏ।
ਮੁਜਰਿਮ ਨੂੰ ਜੋ ਬਚਾਏ ਪਾਪਾਂ ਨੂੰ ਪੁਨ ਬਨਾਏ।
ਉਹ ਧਰਮ ਹਾਏ ਹਾਏ ਈਮਾਨ ਹਾਏ ਹਾਏ।
ਜਿਨ੍ਹਾਂ ਦੀ ਮਿਹਰ ਸਦਕਾ ਇਹ ਕਹਿਰ ਹੋ ਰਿਹਾ ਏ,
ਉਹ ਅੱਲਾ ਹਾਏ ਹਾਏ ਭਗਵਾਨ ਹਾਏ ਹਾਏ।

—'ਉਲਫਤ ਬਾਜਵਾ'

ਜਦ ਕਿਸੇ ਨੇ ਜ਼ਿਕਰ ਕੀਤਾ ਪਿਆਰ ਦਾ।
ਦਿਲ ਤੜਪ ਉੱਠਿਆ ਸਤਾਇਆ ਯਾਰ ਦਾ।
ਦਿਲ ਤਾਂ ਮੁਰਝਾਇਆ ਹੈ ਗ਼ਮ ਵਿਚ ਦੋਸਤੋ,
ਫਾਇਦਾ ਕੀ ਹੈ ਖਿੜੀ ਗੁਲਜ਼ਾਰ ਦਾ।
ਆਸ਼ਕਾਂ ਦਾ ਖੂਨ ਪੀ ਪੀ ਕੇ ਸਨਮ,
ਰੰਗ ਨਿਖਰਿਆ ਹੈ ਤੇਰੇ ਰੁਖਸਾਰ ਦਾ।

—ਡੀ. ਆਰ ਧਵਨ

ਚੌਥੀ ਕਿਸ਼ਤ

ਗ੍ਰਹਿਸਤੀ ਸੰਤ

—ਸਾਧੂ ਸਿੰਘ ਕਿਸਾਨ

ਵਤਨ ਵਿਛੋੜ

ਅੰਗ੍ਰੇਜ਼ੀ ਤਰੀਖ ਦਾ ਤਾਂ ਚੇਤਾ ਨਹੀਂ ਉਸ ਦਿਨ ਬਿਕਰਮ ਸੰਮਤ ੨੦੦੪ ਦੇ ਸੌਣ ਦੀ ਸੱਤਵੀਂ ਸੀ, ਜਦੋਂ ਸਾਨੂੰ ਹਿਦੂ ਚੱਕ ਸਦਾ ਲਈ ਤਿਆਗ ਕਰਨਾ ਪਿਆ। ਇਸ ਸੱਤਵੀਂ ਦੀ ਯਾਦ ਮੇਰੇ ਚੇਤਿਆਂ ਵਿਚ ਦੋ ਗੱਲਾਂ ਕਰਕੇ ਵੱਸੀ ਹੋਈ ਹੈ।

ਇਕ ਮਾ. ਅਮਰੀਕ ਸਿੰਘ ਜੀ ਦੇ ਪਿੰਡ 'ਲਾਲੇ ਪੁਰੋਂ, ਦੋ ਕੋਹ ਦੱਖਣ ਵੱਲ 'ਭਾਈ ਕੇ ਮੱਟੂ ਵੱਡਾ ਪਿੰਡ ਵਸਿਆ ਹੋਇਆ ਸੀ। ਏਥੇ ਛੇਵੀਂ ਪਾਤਸ਼ਾਹੀ ਦਾ ਬੜਾ ਮਸ਼ਹੂਰ ਗੁਰਦੁਆਰਾ ਸੀ। ਜਿੱਥੇ ਹਰ ਦੇਸੀ ਮਹੀਨੇ ਦੀ ਸੱਤਵੀਂ ਨੂੰ ਕਾਫ਼ੀ ਮੇਲਾ ਭਰਦਾ ਸੀ। ਰਾਗੀ ਢਾਡੀ ਬੜੇ ਜ਼ੋਰ ਨਾਲ ਵਾਰਾਂ ਗੌਂਦੇ। ਇਕ ਗਾਇਕ ਦੀਆਂ ਸਤਰਾਂ ਅੱਜ ਵੀ ਮੇਰੇ ਚੇਤੇ ਵਿਚ ਜਿਓਂ ਦੀਆਂ ਤਿਓਂ ਨੇ। 'ਸੱਤਵੀਂ ਉਡੀਕਦਿਆਂ ਨੂੰ ਕਈ ਸਾਤੇ ਲੰਘ ਗਏ ਨੇ ਅੱਜ ਦੀ ਸੁਭਾਗੀ ਸੱਤਵੀਂ ਦਰਸ ਦਿਖਾ ਜਾ" ਓਹਦਾ ਗੌਣ ਢੰਗ ਏਸ ਤਰ੍ਹਾਂ ਦਾ ਸੀ ਕਿ ਜਦੋਂ ਉਹ ਆ 'ਦਿਖਾ' ਦੇ ਪਿਛੋਂ 'ਜਾ' ਆਖੇ, ਇੰਜ ਲੱਗੇ, ਜਿਵੇਂ ਓਹ 'ਆ' ਨਾਲੋਂ 'ਜਾ' ਤੇ ਬਹੁਤਾ ਜ਼ੋਰ ਦੇ ਰਿਹਾ ਹੋਵੇ। ਇੱਕ ਸ੍ਰੋਤੇ ਨੇ ਚਿੱਟ ਲਿਖ ਕੇ ਭੇਜ ਦਿੱਤੀ। ਪੜ੍ਹ ਕੇ, ਗੌਣ ਵਾਲੇ ਦਾ ਜਿਵੇਂ ਮੱਚ ਮਾਰਿਆ ਗਿਆ ਹੋਵੇ।

ਦੂਜੀ ਗੱਲ— ਸੌਣ ਦੀ 'ਸੱਤਵੀਂ' ਸਲਾਨਾਂ ਮੇਲਾ ਲੱਗਦਾ ਸੀ। ਪਿਛਲੇ ਸਾਲ ਇਸ ਮੇਲੇ ਤੇ ਢਾਡੀਆਂ ਨੇ ਪੰਜਾਬ ਵੰਡ ਦੇ ਵਿਰੋਧ ਵਿਚ ਬੜੀਆਂ ਜੋਸ਼ੀਲੀਆਂ ਵਾਰਾਂ ਗਾਇਨ ਕੀਤੀਆਂ। ਇਕ ਢਾਡੀ ਬੜਾ ਸੋਹਣਾ ਗੁਰਸਿੱਖ ਨੌਜਵਾਨ ਸੀ ਅਤੇ ਉਸਨੇ ਇਹ ਬੋਲ ਇਹੋ ਜਹੀ ਗੀਤ ਵਿਚ ਬੰਨ੍ਹੇ ਹੋਏ ਸਨ ਕਿ ਸੁਣ ਕੇ ਡੌਲੇ ਫਰਕਣ ਲੱਗ ਪੈਂਦੇ ਬੋਲ ਸਨ।

ਸਥਾਈ: ਮੇਰਾ ਪੰਜਾਬ, ਪਿਆਰਾ ਪੰਜਾਬ ਸੋਹਣਾ ਪੰਜਾਬ-ਪਿਆਰਾ ਪੰਜਾਬ। ਦੁਨੀਆਂ ਦੇ ਦੇਸਾਂ ਤੋਂ ਪਿਆਰਾ ਪੰਜਾਬ ! ਅੰਤਰਾ— ਜਾਨ ਮੈਂ ਦੇਸਾਂ ਪਰ ਜਾਣ ਨਾਂ ਦੇਸਾਂ! ਗੈਰਾਂ ਨੂੰ ਵੰਡੀਆਂ ਪਾਣ ਨਾ ਦੇਸਾਂ! ਬਣਨ ਕਦੇ ਪਾਕਿਸਤਾਨ ਨਾਂ ਦੇਸਾਂ! ਮੇਰਾ ਪੰਜਾਬ-ਪਿਆਰਾ ਪੰਜਾਬ।

ਸੰਗਤ ਅਥਾਹ ਸੀ। ਜੈਕਾਰੇ ਤੇ ਜੈਕਾਰਾ ਬੋਲਿਆ ਜਾ ਰਿਹਾ ਸੀ। ਮਾਹੌਲ ਇਸ ਤਰ੍ਹਾਂ ਦਾ ਬਣਿਆ ਹੋਇਆ ਸੀ ਕਿ ਪਾਕਿਸਤਾਨ ਦਾ ਨਾਂ ਨਿਸ਼ਾਨ ਵੀ ਕਿਤੇ ਨਜ਼ਰ ਨਹੀਂ ਆ ਸਕੇਗਾ। ਏਧਰ ਸਿੰਘ ਸਟੇਜੀ ਸ੍ਰੋ-ਬੜੇ ਜੋਸ਼ੋ-ਖਰੋਸ਼ ਨਾਲ ਕਰੀ ਜਾ ਰਹੇ ਸਨ, ਉਧਰ ਨੇਤਾਗਣ ਵੰਡ ਦੀਆਂ ਲਕੀਰਾਂ ਪੱਕੀਆਂ ਕਰੀ ਜਾ ਰਹੇ ਸਨ। ਤੇ ਲੋਕਾਂ ਦੇ ਵਲਵਲੇ, ਵਿਚ ਹੀ ਮਿੱਧੇ ਮਧੋਲੇ ਗਏ।

ਏਹ 'ਵਤਨ-ਤਿਆਗ' ਦੀ ਪ੍ਰੰਪਰਾ, ਕਦੀ ਲੋੜ ਤੇ ਕਦੀ ਮਜਬੂਰੀ ਨਾਲ ਮਨੁੱਖ ਦੀ ਚੇਤੰਨਤਾ ਦੇ ਸਮੇਂ ਤੋਂ ਹੀ ਜੁੜੀ ਹੋਈ ਹੈ। ਕਬੀਲਾ ਜੁਗ ਤੋਂ ਪਹਿਲਾਂ ਮਾਰ ਖੋਰੇ ਜਾਨਵਰਾਂ ਤੋਂ ਬਚਣ ਅਤੇ ਹਿਰਨ, ਸਹੇ ਆਦਿ ਜਾਨਵਰਾਂ ਦਾ ਸਹਿਲਾ ਸ਼ਿਕਾਰ ਭਾਲਣ ਵਾਸਤੇ ਸਥਾਨ ਬਦਲੀ ਕਰਨੀ ਮਾਨਵ ਜ਼ਾਤ ਦੀ ਮਜਬੂਰੀ ਬਣ ਗਿਆ। ਕਬੀਲਾ ਜੁੱਗ ਵੇਲੇ, ਆਪਣੇ ਪਾਲਤੂ ਪਸ਼ੂਆਂ ਘੋੜਾ, ਗਊ, ਭੇਡ, ਬੱਕਰੀ ਵਗੈਰਾ ਲਈ ਚਰਾਂਦਾ ਟੋਲਦਾ ਮਨੁੱਖ ਨਵੇਂ ਟਿਕਾਣਿਆਂ ਦਾ ਵਾਸੀ ਬਣਦਾ ਰਿਹਾ। ਫੇਰ ਆਪਣਾ ਟਿਕਾਣਾ ਪੱਕਾ ਕਰਕੇ ਨਵੇਂ ਔਂਡਿਆਂ ਤੇ ਕਬਜ਼ਾ ਕਰਨ ਵਾਸਤੇ ਆਪਣੇ ਤੋਂ ਮਾੜਿਆਂ ਨੂੰ ਇਲਕਾਬਦਰ ਕਰਦਾ ਰਿਹਾ।

ਕਬੀਲਿਆਂ ਦੇ ਸਰਦਾਰ ਜਦੋਂ ਰਾਜੇ ਬਣ ਗਏ ਤਾਂ ਆਲੇ ਦੁਆਲੇ ਦੇ ਕਮਜ਼ੋਰਾਂ ਨੂੰ ਭਜਾ ਕੇ ਤਗੜੇ ਰਾਜੇ ਉਹਨਾਂ ਦਾ ਇਲਾਕਾ ਆਪਣੇ ਰਾਜ ਵਿਚ ਸ਼ਾਮਲ ਕਰ ਲੈਂਦੇ, ਪਰ ਪਰਜਾ ਬੈਠੀ ਰਹਿੰਦੀ। ਫਿਰ ਇਕ ਵਰਤਾਰਾ ਚਾਲੂ ਹੋ ਗਿਆ ਲੋਟੂ ਬਿਰਤੀ ਦੇ ਬੰਦਿਆਂ ਆਪਣੇ ਨਾਲ ਓਵੇਂ ਦੇ ਬੰਦਿਆਂ ਦਾ ਟੋਲਾ ਕੱਠਾ ਕਰਕੇ ਲੁੱਟ ਮਾਰ ਕਰਨੀ ਤੇ ਆਪੋ ਵਿਚ ਵੰਡ ਲੈਣੀ। ਫਿਰ ਵਰਤਾਰਾ ਪੱਛਮ ਵਲੋਂ ਹਿੰਦੁਸਤਾਨ ਤੇ ਹੋਏ ਹਮਲਿਆਂ ਦੀ ਸ਼ਕਲ ਵਿਚ ਵੇਖਿਆ ਜਾ ਸਕਦਾ ਹੈ। ਸਾਹਿਬ ਦਸਮ ਪਾਤਸ਼ਾਹ ਦੀ ਅਗਵਾਈ ਹੇਠ ਬੰਦਾ ਬਹਾਦੁਰ ਅਤੇ ਸਿੱਖ ਮਿਸਲਾਂ ਨੇ ਬੜੀ ਮੁਸ਼ਕਲ ਨਾਲ ਇਸਦਾ ਮੂੰਹ ਪਰਤਾਇਆ।

ਲੰਮੇ ਸਮਿਆਂ ਤੋਂ ਇੰਜ ਵਰਤਾਰਾ ਪੱਕ ਗਿਆ ਹੋਇਆ ਸੀ ਕਿ ਰਾਜੇ ਬਦਲ ਜਾਂਦੇ ਪਰਜਾ ਟਿਕੀ ਰਹਿੰਦੀ। ਜੇ ਨਵਾਂ ਮਾਲਕ ਚੰਗਾ ਆ ਜਾਂਦਾ, ਪਰਜਾ ਸੁਖੀ ਹੋ ਜਾਂਦੀ। ਜੇ ਕੋਈ ਮੂਰਖ ਤੇ ਜ਼ਾਲਮ ਹੁੰਦਾ ਪਰਜਾ ਦੁਖੀ ਹੋ ਕੇ ਵਿਰਲੀ ਹੋ ਜਾਂਦੀ। ਪਰ ਘਰ ਘਾਟ-ਡੇਰੇ ਬਸੇਰੇ ਬਣੇ ਰਹਿੰਦੇ।

ਰਾਜ ਤਿਆਗ ਦੇ ਰੰਜ ਪਾਰੋਂ ਅੰਗ੍ਰੇਜ਼ਾਂ ਨੇ, ਐਹੋ ਜਹੇ ਵਰਤਾਰੇ ਦਾ ਮੁੱਢ ਬੰਨ ਧਰਿਆ ਜਿਵੇਂ ਦਾ ਨਜ਼ਾਰਾ ਪਿਛਲੇ

ਹਜ਼ਾਰਾਂ ਸਾਲ ਦੇ ਸਮੇਂ 'ਚ ਕੋਈ ਨਜ਼ਰ ਨਹੀਂ ਔਂਦਾ। ਵਿਰਲੇ ਮੁਸਲਮ ਮਜ਼ਬੀ ਜਨੂੰਨੀਆਂ ਤੋਂ ਬਿਨਾਂ, ਕਿਸੇ ਦੇ ਚਿੱਤ-ਚੇਤਾ ਵੀ ਨਹੀਂ ਸੀ ਕਿ ਪੀੜੀਆਂ ਤੋਂ ਮਿਲਖਾਂ ਮਕਾਨਾਂ ਦੇ ਮਾਲਕਾਂ ਨੂੰ ਇੰਜ ਤੋੜ ਕੇ ਸੁੱਟ ਦਿੱਤਾ ਜਾਇਗਾ, ਜਿਵੇਂ ਗਾਂ ਮੱਝ ਦੇ ਥਣਾਂ ਤੋਂ ਚਿੱਚੜ ਲਾਹ ਕੇ ਮਸਲ ਦੇਈਦੇ ਹਨ। ਹਰ ਇੱਕ ਨੇ ਇਹੋ ਸੋਚਿਆ, ਬੱਸ ਦੋ ਚਾਰ ਦਿਨ ਰੌਲੇ-ਗੌਲੇ ਬਾਦ ਜਦੋਂ ਰਾਜੇ ਥਾਉਂ ਥਾਈਂ ਟਿਕ ਗਏ ਅਸੀਂ ਵੀ ਆਪੋ ਆਪਣੇ ਘਰਾਂ ਬਾਹਰਾਂ ਨੂੰ ਸਾਂਭ ਲਵਾਂਗੇ।

ਜਥੇਦਾਰ ਗੁਰਬਚਨ ਸਿੰਘ ਦੀ ਚੜ੍ਹਾਈ ਬਾਦ ਜੀਵਨ ਨਗਰੋਂ ਬਾਪੂ ਜੀ ਹਿੰਦੂ ਚੱਕ ਪਹੁੰਚੇ ਤਾਂ ਓਥੋਂ ਦਾ ਮਾਹੌਲ ਬੜਾ ਭਖਿਆ ਹੋਇਆ ਸੀ। ਪਹਿਲਾਂ ਤਾਂ ਦੂਰ ਪਸ਼ੌਰ-ਰਾਵਲਪਿੰਡੀ ਵੱਲ ਹੀ ਸਿੱਖ-ਹਿੰਦੂਆਂ ਦੀ ਵੱਢ-ਟੁੱਕ, ਸਾੜ, ਉਜਾੜੇ ਦੀਆਂ ਖ਼ਬਰਾਂ ਹੀ ਸੁਣੀ ਦੀਆਂ ਸਨ। ਹੁਣ ਸਾਡੇ ਪਿੰਡੋਂ ਤਿੰਨ ਕੋਹ, ਸ਼ਹਿਰ ਗੁਜਰਾਂ ਵਾਲੇ ਵੀ ਮਾਰ ਧਾੜ ਦੀਆਂ ਅੱਖੀਂ ਡਿੱਠੀਆਂ ਖਬਰਾਂ ਔਣ ਲੱਗ ਪਈਆਂ। ਰਾਤ ਕੋਠਿਆਂ ਤੇ ਸੌਣਾਂ ਤਾਂ ਸ਼ਹਿਰ ਦੇ ਸੜਦੇ ਮੁਹੱਲਿਆਂ ਦੀਆਂ ਲਾਟਾਂ, ਸਾਫ਼ ਨਜ਼ਰ ਔਣੀਆਂ। ਕੱਲੇ-ਕਾਰੇ ਦਾ ਸ਼ਹਿਰ ਜਾਣਾ ਬੰਦ ਹੋ ਗਿਆ। ਪਿੰਡ ਦੇ ਮੁਸਲਮਾਨ ਮਿਸਤਰੀ ਰੋਜ਼ਾਨਾ ਦਿਹਾੜੀਆਂ ਕਰਨ ਸਾਈਕਲਾਂ ਤੇ ਸ਼ਹਿਰ ਜਾਂਦੇ ਸਨ, ਉਹ ਵੀ ਰੁਕ ਗਏ। ਈਸਾਈਆਂ ਤੇ ਮੁਸੱਲੀਆਂ ਦੇ ਲੱਠ ਮਾਰ ਮੁੰਡੇ ਕਦੀ ਗੇੜਾ ਮਾਰ ਔਂਦੇ, ਪਰ ਦੱਸਦੇ ਓਹ ਵੀ ਕੁਝ ਨਾ। ਦੂ-ਬ-ਦੂ ਲੜਾਈ ਵਿਚ ਸ਼ਹਿਰ ਦੇ ਠਹਿਆਰ ਸਿੰਘਾਂ ਨੇ ਭਾਵੇਂ ਕਾਫ਼ੀ ਮੁਸਲਮਾਨ ਮਾਰੇ, ਪਰ ਕੱਲੇ ਕਾਰੇ ਨੂੰ ਵਸਾਹ ਕੇ ਜਾਂ ਪਿਛੋਂ, ਮੋਮਨ ਮੁੰਡੇ ਹੀ ਛੁਰੇ ਮਾਰਦੇ ਰਹੇ।

ਹਿੰਦੂ ਚੱਕ ਵਿਚ, ਜ਼ਮੀਨ ਦੇ ਮਾਲਕ ਸਾਰੇ ਜੱਟ ਸਿੱਖ ਸਨ। ਚੋਰੀ ਡਾਕਾ ਲੜਾਈ ਝਗੜੇ ਪੱਖੋਂ ਵੀ ਬਾਹਰੇ ਵਿਚ ਮਸ਼ਹੂਰ ਸਨ। ਅੱਧੇ ਕੁ ਤਾਂ ਏਹ ਕੰਮ, ਬਾਕਾਇਦਾ ਵਿਹਾਰ ਵਾਂਗੂੰ ਕਰਦੇ ਸਨ। ਇਸ ਗੱਲ ਦਾ ਲਾਭ ਹੁਣ ਸਾਨੂੰ ਏਹ ਮਿਲਿਆ ਕਿ, ਜਿਵੇਂ ਅਖਾਣ ਹੈ 'ਖੋਟ ਪੈਸਾ ਤੇ ਮਖੱਟੂ ਪੁੱਤਰ ਕੁਵੇਲੇ ਕੰਮ ਔਂਦਾ ਹੈ।' ਸਾਡੇ ਨਾਲੋਂ ਦਸ ਦਸ ਗੁਣਾਂ ਵੱਡੇ, ਮੁਸਲਮਾਨ ਗ਼ਲਬੇ ਵਾਲੇ ਪਿੰਡ ਸਹਿੰਸਰਾ-ਬੁਤਾਲਾ ਸ਼ਰਮ ਸਿੰਘ, ਫਿਰੋਜ਼ ਵਾਲਾ, ਜੰਡਿਆਲਾ, ਕੋਟਲੀ ਮੁਗਲਾਂ ਨੇ ਸਾਡੇ ਪਿੰਡ ਤੇ ਹਮਲੇ ਬਾਰੇ ਸਲਾਹ ਸੋਚ ਵੀ ਨਾ ਕੀਤੀ। ਏਹ ਬਹੁਤੇ ਪਿੰਡ ਸਾਡੀ 'ਗੁਰਾਇਆ' ਗੋਤ ਵਾਲੇ ਹੀ ਸਨ। ਸਹਿੰਸਰੇ ਦਾ ਚੋਧਰੀ ਅਬਦੁਲ ਗੁਰਾਇਆ ਤਾਂ ਜ਼ਿਲ੍ਹੇ ਦਾ ਮੰਨਿਆ ਹੋਇਆ ਕਾਤਲ ਡਾਕੂ, ਪਰ ਅਤ ਸ਼ਰੀਫ਼ ਸੀ। ਏਹ ਬਾਪੂ ਜੀ ਦਾ ਗਹਿਰਾ ਦੋਸਤ ਸੀ।

ਥੋਹੜੀ ਜਹੀ ਗੱਲ ਇਸ 'ਅਬਦੁਲ' ਬਾਰੇ। ਇਹ ਬਾਰਾਂ ਤੇਰਾਂ ਸਾਲ ਦਾ ਕੋਮਲ ਸਨੁੱਖਾ ਅੰਜਾਣਾ ਸੀ, ਜਦੋਂ ਸ਼ਰੀਕਾਂ ਇਸਦੇ ਬਾਪ-ਚੋਧਰੀ ਹੁਸੈਨ ਖਾਂ ਨੂੰ, ਧੋਖੇ ਨਾਲ ਘਰ ਬੁਲਾ ਕੇ ਕੀਮਾਂ ਕਰ ਦਿੱਤਾ। ਝਗੜਾ, ਲੁੱਟ ਕੇ ਲਿਆਂਦੇ ਹੋਏ ਇਕ ਅਮੀਰ ਦੇ ਮਾਲ ਦਾ ਸੀ। ਏਹਦੇ ਤੋਂ ਦੋ ਤਿੰਨ ਸਾਲ ਵੱਡੀ ਏਹਦੀ ਭੈਣ 'ਨਜ਼ੀਰਾਂ' ਤੇ ਏਹ ਦੋਵੇਂ ਰਹਿ ਗਏ। ਸਾਲ ਕੁ ਬਾਦ ਓਹੋ ਸ਼ਰੀਕ ਆਖਣ ਲੱਗੇ-ਅਸਾਂ ਏਹ ਨਜ਼ੀਰਾਂ ਵਿਆਹੁਣੀ ਹੈ, ਹੁਸੈਨ ਸਾਡੇ ਨਾਲ ਬਹੁਤ ਪਹਿਲਾਂ ਦਾ ਰਿਸ਼ਤਾ ਪੱਕਾ ਕਰ ਚੁੱਕਿਆ ਹੈ। ਨਜ਼ੀਰਾਂ ਆਖੇ ਮੈਂ ਪਿਓ ਦੇ ਕਾਤਲਾਂ ਘਰ, ਕਿਸੇ ਕੀਮਤੋਂ ਵੀ ਨਹੀਂ ਜਾਣਾ। ਇਕ ਦਿਨ, ਵਧੇ ਹੋਏ ਜਾਬਰ, ਨਜ਼ੀਰਾਂ ਨੂੰ ਘਰੋਂ ਚੁੱਕਣ ਆ ਪਏ। ਦੋਵੇਂ ਭੈਣ ਭਰਾ ਬਰਛੀਆਂ ਕਿਰਪਾਨਾਂ ਮਾਰਦੇ ਬੇਹੋਸ਼ ਹੋ ਕੇ ਡਿੱਗ ਪਏ। ਅਬਦੁਲ ਨੂੰ ਓਵੇਂ ਈ ਪਿਆ ਛੱਡ ਕੇ ਉਹ ਬੇਹੋਸ਼ ਨਜ਼ੀਰਾਂ ਨੂੰ ਚੁੱਕ ਕੇ ਲੈ ਗਏ। ਡਾਹਢਿਆਂ ਤੋਂ ਡਰਦਿਆਂ, ਬੇਹੋਸ਼ ਪਏ ਦੇ ਮੂੰਹ 'ਚ ਕਿਸੇ ਪਾਣੀ ਨਾ ਪਾਇਆ। ਪਰ ਇਕ ਗਰੀਬ ਨੇ, ਕੋਹ ਵਾਟ ਜਾ ਕੇ, ਹਿੰਦੂ ਚੱਕ ਬਾਪੂ ਜੀ ਨੂੰ ਸਾਰਾ ਮਾਜਰਾ ਬਿਆਨ ਕਰ ਦਿੱਤਾ। ਬਾਪੂ ਜੀ ਓਦੋਂ ਬਾਈ ਚੋਵੀ ਸਾਲ ਦੇ ਭਰ ਜੁਆਨ ਸਨ। ਆਪਣੇ ਨਾਲ ਪੰਜ ਸੱਤ ਮੁੰਡੇ ਲੈ ਕੇ, ਘੋੜੀਆਂ ਤੇ ਸਹਿੰਸਰੇ ਪੁੱਜ ਗਏ। ਬੇਹੋਸ਼ ਅਬਦੁਲ ਨੂੰ ਘੋੜੀ ਤੇ ਲੱਦ ਕੇ ਗੁਜਰਾਂ ਵਾਲੇ ਹਸਪਤਾਲ ਜਾ ਪਾਇਆ। ਦੂਸਰੇ ਦਿਨ ਜਦੋਂ ਉਸ ਨੂੰ ਹੋਸ਼ ਆਈ, ਆਖੇ, ਭਰਾ! ਮੈਨੂੰ ਮਰ ਜਾਣ ਦੇਣਾ ਸੀ। ਮੇਰੀ ਭੈਣ ਨੂੰ ਸ਼ਰੀਕ ਚੁੱਕ ਲਗਏ ਨੇ, ਮੈਂ ਜੀ ਕੇ ਕੀ ਕਰਨਾ ਏਂ।" ਬਾਪੂ ਜੀ ਨੇ ਸਮਝਾ ਕੇ, ਓਹਦੇ ਰੋਹ ਨੂੰ 'ਬਦਲੇ ਵਿਚ ਬਦਲ ਦਿੱਤਾ। ਤੰਦਰੁਸਤ ਹੋ ਕੇ ਉਸ ਅਲੂਏਂ ਮੁੰਡੇ ਨੇ, ਚੋਰੀ, ਭੈਣ ਨਾਲ ਸਲਾਹ ਕਰਕੇ ਭੈਣ ਦੇ ਜ਼ੋਰੀ ਬਣੇ ਖਸਮ ਨੂੰ ਵੱਢ ਕੇ ਨਹਿਰ ਵਿਚ ਰੋਹੜਿਆ। ਓਹਨਾਂ ਕੇਸ ਨਾ ਕੀਤਾ, ਕਿ ਦੋਵੇਂ ਭੈਣ ਭਰਾ ਵੱਢ ਕੇ ਰੋੜ੍ਹ ਦਿਆਂਗੇ। ਨਜ਼ੀਰਾਂ ਕਦੀ ਨਾਨਕੇ ਚਲੀ ਜਾਏ, ਕਦੀ ਹਿੰਦੂ ਚੱਕ ਆ ਜਾਏ। ਅਬਦੁਲ ਬਾਹਰਲੇ ਬੰਦਿਆਂ ਨਾਲ ਰਲ ਗਿਆ। ਇਹ ਬੜੇ ਵੱਡੇ ਜ਼ਿਮੀਦਾਰ ਤੇ ਬਹੁਤ ਵਡੇ ਈ ਡਾਕੂ ਵੀ ਸਨ। ਏਹਨਾਂ 'ਚੋਂ ਇਕ ਮੁੰਡਾ ਨਜ਼ੀਰਾਂ ਨੂੰ ਭਾ ਗਿਆ। ਨਿਕਾਹ ਬਾਦ ਅਬਦੁਲ ਨੇ ਜੀਜੇ ਹੋਰਾਂ ਨਾਲ ਰਲ ਕੇ ਤਿੰਨ ਸ਼ਰੀਕ ਹੋਰ ਨਹਿਰ ਬੁਰਦਾ ਕਰ ਦਿੱਤੇ। ਅਖ਼ੀਰ ਸ਼ਰੀਕ ਪਿੰਡ ਛੱਡ ਕੇ ਪਤਾਂ ਨਹੀਂ ਕਿੱਥੇ ਚਲੇ ਗਏ। ਏਨੇ ਕਤਲਾਂ ਵਿਚ, ਪੁਲਿਸ ਨੇ ਅਬਦੁਲ ਨੂੰ ਵਾਜ ਵੀ ਨਾ ਮਾਰੀ ਤਾਂ ਲੋਕ ਓਹਦੇ ਪਰਛਾਵੇਂ ਤੋਂ ਵੀ ਡਰਨ ਲਗ ਪਏ। ਮੇਰੀ ਸੰਭਾਲ ਵਿਚ ਇਕ ਵਾਰ ਇਹਨਾਂ ਡਾਕੂਆਂ ਸੋਨੇ ਚਾਂਦੀ ਦੀਆਂ ਖੁਰਜੀਆਂ ਸਾਡੇ ਇਕ ਦੁਰਾਡੇ ਖੂਹ ਤੇ

ਲਿਆ ਧਰੀਆਂ। ਬਾਪੂ ਜੀ ਬੁਰਾ ਮਨਾਇਆ ਤਾਂ ਕਹਿਣ ਲੱਗੇ, "ਸਿੰਘ ਜੀ! ਤੇਰੇ ਤੇ ਹਰਫ਼ ਔਣ ਦੀ ਸ਼ਕਲ ਵਿਚ ਅਸੀਂ ਸਾਰੇ ਜਾਨ ਦੇ ਦਿਆਂਗੇ।" ਅਬਦੁਲ ਦੱਸਦਾ ਸੀ ਗਰੀਬ ਮਾਰ ਨਹੀਂ ਕੀਤੀ, ਕਦੀ ਔਰਤ ਦੀ ਬੇਹੁਰਮਤੀ ਨਹੀਂ ਕੀਤੀ। ...ਤਾਂ ਹੀ ਰੱਬ ਰਹਿਮ ਰੱਖਦਾ ਆਇਐ।

ਓਧਰ ਹੋਂਦਿਆਂ, ਸਿਰਸਾ ਇਲਾਕੇ ਨੂੰ ਬੀਕਾਨੇਰ ਹੀ ਆਖਿਆ ਜਾਂਦਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹਾਲਾਤ ਦੇ ਮੱਦੇ ਨਜ਼ਰ, ਮੁਰੱਬੇ ਵਾਰ ਇਕ ਆਦਮੀ, ਚੁਚਾਲ ਔਣ ਬਾਰੇ ਕਰੜਾ ਹੁਕਮ ਕੀਤਾ ਹੋਇਆ ਸੀ। ਕਈ ਲੋਕ ਏਥੇ ਆ ਕੇ, ਭਗੌੜੇ ਹੋ ਚੁੱਕੇ ਸਨ। ਸਾਡੇ ਵਿਚੋਂ ਦੋ ਜਣੇ, ਬਾਪੂ ਜੀ ਤੇ ਬਲੀ ਸਿੰਘ 'ਆਏ ਹੋਏ ਸਨ। ਪਿੱਛੇ ਮੈਂ ਤੇ ਜਥੇਦਾਰ ਗੁਰਬਚਨ ਸਿੰਘ ਹੀ ਸਾਡੇ ਕਾਰ ਵਿਹਾਰ ਦੇ ਜ਼ਿੰਮੇਵਾਰ ਸਾਂ। ਜਥੇਦਾਰ ਦਾ ਸਨੇਹ ਪਹਿਲਾਂ ਹੀ ਮੇਰੇ ਨਾਲ ਬਹੁਤ ਸੀ... ਬਾਪੂ ਜੀ ਦੇ ਬੀਕਾਨੇਰ ਚਲੇ ਜਾਣ ਬਾਦ ਸਾਡਾ ਆਪਸੀ ਨੇੜ ਹੋਰ ਬਹੁਤਾ ਹੋ ਗਿਆ। ਮੈਂ ਜਥੇਦਾਰ ਨੂੰ 'ਚਾਚਾ ਜੀ', ਆਖਿਆ ਕਰਦਾ ਸਾਂ। ਬਾਪੂ ਜੀ ਦਾ ਕਈ ਪੀੜ੍ਹੀਆਂ ਤੋਂ ਹੀ ਨੇੜ ਦਾ ਭਰਾ ਭਾਈ ਕੋਈ ਹੈ ਨਹੀਂ ਸੀ। ਮਨੁੱਖੀ ਇਕਲਾਪੇ ਨੇ ਸੁੰਞ ਪਾਈ ਹੋਈ ਸੀ।

ਏਹ ਜੱਥੇਦਾਰ ਜੀ, ਪਿੱਪਲ ਵਾਲੀ ਪੱਤੀ ਖੁੱਲ੍ਹਿਆਂ ਦੇ ਪਰਿਵਾਰ ਵਿਚ ਸਨ। ਇਹਨਾਂ ਦੇ ਪਿਤਾ ਸ. ਭਾਗ ਸਿੰਘ ਜੀ ਦੋ ਭਾਈ ਸਨ। ਭਾਗ ਸਿੰਘ ਜੀ ਇਕੋ ਲੜਕੇ ਦੇ ਪਿਤਾ ਬਣ ਕੇ ਚੜਾਈ ਕਰ ਗਏ। ਦੂਸਰੇ ਭਾਈ ਦੇ ਚਾਰ ਪੁੱਤਰ ਹੋ ਗਏ। ਜਦੋਂ ਚਾਰੇ ਪੁੱਤਰ ਕੁਝ ਤਗੜੇ ਹੋ ਗਏ ਤਾਂ ਦੋ ਮੁਰੱਬੇ ਜ਼ਮੀਨ ਦੇ ਮਾਲਕ ਇਹ ਚਾਰੇ ਅਤੇ ਦੋ ਮੁਰੱਬੇ ਦਾ ਮਾਲਕ ਇਕੱਲਾ ਗੁਰਬਚਨ ਸਿੰਘ। ਏਹ ਆਖਣ ਸਾਰੀ ਜ਼ਮੀਨ ਸਾਂਝੀ ਕਰ ਕੇ, ਫਿਰ ਪੰਜ ਥਾਈ ਇੱਕੋ ਜਿੰਨੀ ਕਰੀਏ। ਉਹ ਆਖੇ ਤੁਸੀਂ ਆਪਣੇ ਬਾਪ ਵੱਲੋਂ ਮਿਲੀ ਮਾਲਕੀ ਤੇ ਟਿਕੇ ਰਹੋ। ਮੈਂ ਆਪਣੇ ਪਿਤਾ ਵਲੋਂ ਮਿਲੀ ਮਾਲਕੀ ਵਿਚੋਂ ਕਿਵੇਂ ਦੇ ਦਿਆਂ। ਏਹ ਬਹੁਤੇ ਅਤੇ ਸ਼ਰਾਬੀ ਕਬਾਬੀ, ਓਹ ਇਕੱਲਾ ਅਤੇ ਸ਼ਰੀਫ ਜਿਹਾ ਵੀ। ਜਥੇਦਾਰ ਦੀ ਸੁਘੜ ਮਾਤਾ 'ਹੰਜਰਾ' ਨੇ ਸਾਡੀ ਦਾਦੀ ਜੀ ਅੱਗੇ ਝੇਰਾ ਝੁਰਿਆ" ਭੈਣ ਬਾਜੀਏ!(ਸਾਡੇ ਪਿੰਡ, ਬੀਬੀਆਂ ਇਕ ਦੂਜੀ ਨੂੰ ਗੋਤ ਦਾ ਨਾਂ ਲੈ ਬੁਲਾਂਦੀਆਂ ਸਨ) ਮੇਰਾ ਇਕੋ ਇੱਕ ਬੱਚਾ, ਸ਼ਰੀਕਾਂ ਦੀ ਅੱਖ ਵਿਚ ਤਿਣ ਵਾਂਗ ਰੜਕਦਾ ਏ। ਰੱਬ ਏਹਨੂੰ ਲੰਮੀ ਉਮਰ ਦੇਵੇ। ਸ਼ਰੀਕਾਂ ਜੇ ਇਹਨੂੰ ਕਿਸੇ ਵੇਲੇ ਕੁਝ ਕਹਿ ਦਿੱਤਾ ਮੈਂ ਤਾਂ ਕਿਸੇ ਥਾਂ ਜੋਗੀ ਨਾ ਰਹੀ। ਤੁਸੀਂ ਵਡੇ ਬੋਹੜ ਵਾਲੇ ਓ! ਏਹਨੂੰ ਕਿਤੋਂ ਰਿਸ਼ਤਾ ਲਿਆ ਕੇ ਪਰਨਾ ਦਿਓ, ਨਾਲੇ ਕੂਕਾ ਬਣਾ ਲਓ, ਤਾਂ ਮੈਨੂੰ ਬੇ ਫ਼ਿਕਰੀ ਦੀ ਨੀਂਦਾ ਪੈ ਜਾਇ। ਇਹਦਾ ਬਹਿਣ ਉੱਠਣ ਤਾਂ ਸੁੱਖ ਨਾਲ ਨੰਬਰਦਾਰ ਤਰਨ ਸਿੰਘ ਨਾਲ ਅੱਗੇ ਈ ਬਥੇਰਾ ਏ ਹੋਰ ਗੂੜ੍ਹ ਵਧ ਜਾਇਗਾ ਤਾਂ ਕੋਈ ਅੱਖ ਉੱਚੀ ਨਾ ਕਰੇਗਾ।"

ਥੋੜੇ ਚਿਰ ਵਿਚ ਦੋਵੇਂ ਗੱਲਾਂ ਹੋ ਗਈਆਂ। ਸਾਡੀ ਦਾਦੀ ਮਾਤਾ ਜੀਵਾਂ ਜੀ ਨੇ ਆਪਣੀ ਭਾਣਜੀ ਲਿਆ ਕੇ ਪਰਨਾ ਦਿੱਤੀ ਅਤੇ ਬਾਪੂ ਜੀ ਨੇ, ਸੂਬਾ ਅਰੂੜ ਸਿੰਘ ਜੀ ਬੋਰਿਆਂ ਵਾਲੇ ਜਥੇ ਨੂੰ ਬੁਲਾ ਪਿੰਡ ਵਿਚ ਅੰਮ੍ਰਿਤ ਸੰਚਾਰ ਕਰਾ ਕੇ ਗੁਰਬਚਨ ਸਿੰਘ ਨੂੰ ਨਾਮਧਾਰੀ ਸਜਾ ਲਿਆ। ਚਿੱਟੇ ਗੋਲ ਦਸਤਾਰੇ, ਕਲੀਆਂ ਵਾਲੇ ਸਫ਼ੈਦ ਕੁੜਤੇ ਅਤੇ ਚੂੜੀਦਾਰ ਪਜਾਮੇ ਵਿਚ ਸਜੇ ਫੱਬੇ ਸਿੰਘ ਨੂੰ ਵੇਖ ਕੇ ਸੂਬਾ ਜੀ ਦੇ ਮੁਖੋਂ ਸਹਿਜ ਸੁਭਾ ਨਿਕਲਿਆ। ਵਾਹ ਕਿਆ ਸੋਹਣਾ ਤਿਆਰ-ਬਰ-ਤਿਆਰ ਜਥੇਦਾਰ ਫੱਬਿਆ ਹੈ। ਸਾਰੇ ਵੇਖ ਕੇ ਦੰਗ ਰਹਿ ਗਏ। ਉੱਚਾ ਲੰਮਾ ਕੱਦ ਕਾਲਾ ਗੋਲ ਦਾਹੜਾ-ਚੜ੍ਹਦੀ ਜਵਾਨੀ ਲਾਲੀ ਮਿਲਿਆ ਕਣਕ ਵੰਨਾਂ ਰੰਗ ਭਰਵਾਂ ਸਰੀਰ, ਦਹਿਸ਼ਤ ਝੱਲੀ ਨਾਂ ਜਾਇ। ਵਡੇਰੀਆਂ ਮਾਈਆਂ ਕਹਿਣ ਲੱਗ ਪਈਆਂ, ਮੁੰਡੇ ਤੋਂ ਮਿਰਚਾਂ ਵਾਰੋ ਨੀ ਕਿਤੇ ਨਜ਼ਰ ਨਾ ਲੱਗ ਜਾਇ।

ਜਥੇਦਾਰ ਘਰ ਉਤੋਂੜਿਤੀ ਤਿੰਨ ਦੇਵੀਆਂ ਆਈਆਂ। ਵੱਡੀ ਮਹਿੰਦਰੋ (ਜ਼ਿਦਾ, ਨਾਨਕੇ ਪਿੰਡ ਔਂਦੇ, ਗੋਰੇ ਚਿੱਟੇ ਅਮਰੀਕ ਸਿੰਘ (ਹੁਣ ਮਾਸਟਰ) ਨਾਲ ਮੰਗਣਾ ਹੋ ਗਿਆ), ਦੂਸਰੀ ਵੀਰੋ ਤੀਸਰੀ ਪਰਸਿੰਨੋ। ਫਿਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਵਰ ਨਾਲ ਇੱਕ ਲੜਕਾ ਮਹਿੰਦਰ ਸਿੰਘ ਆ ਗਿਆ।

ਓਹਨਾਂ ਸਮਿਆਂ 'ਚ ਕੋਈ ਨਾਂ ਕੋਈ ਰੋਗ ਹਰ ਸਾਲ ਜਨਤਾ ਤੇ ਹਮਲਾਵਰ ਹੋ ਜਾਂਦਾ ਸੀ। ਜੇ ਹੋਰ ਕੋਈ ਨਾ ਆ ਸਕੇ ਤਾਂ ਵੱਡੀ ਮਾਤਾ (ਚੇਚਕ) ਨੇ ਗਰਮੀਆਂ ਵਿਚ ਆ ਕੇ ਵਾਹਵਾ ਵੇਹਲ ਕਰ ਜਾਣੀ। ਇਕ ਸਾਲ ਸਾਡੇ ਘਰ ਵੀ ਚਰਨ ਪਾਇਓ ਸੂ। ਮੇਥੋਂ ਵੱਡੇ ਭੈਣ ਜੀ ਮੈਂ ਤੇ ਬਲੀ ਸਿੰਘ, ਇੱਕ ਸਾਡੇ ਤੋਂ ਨਿੱਕੀ ਮਾੜੇ ਜਹੀ ਲਾਡਲੀ ਭੈਣ ਸਣੇ ਚਾਰ ਗੱਦੀਆਂ ਸੁਸ਼ੋਭਤ ਹੋ ਗਈਆਂ। ਹਾਲਤ ਏਥੋਂ ਤਕ ਪੁੱਜ ਗਈ ਇਕ ਦਿਨ ਮੇਰੀ ਹਾਲਤ ਬਹੁਤੀ ਵਿਗੜ ਜਾਣ ਤੇ ਬਾਪੂ ਜੀ ਨੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ! ਮੇਰਾ ਏਹ ਬੱਚਾ ਬਚਿਆ ਰਹੇ ਕਿਰਪਾ ਸਾਰਿਆਂ ਤੇ ਕਰੋ ਅਗੋਂ ਜਿਵੇਂ ਆਪ ਦੀ ਰਜ਼ਾ।" ਤੀਸਰੇ ਕੁ ਦਿਨ ਨਿੱਕੀ ਦੇਵੀ ਨੇ ਆਪਣੀ ਕੁਰਬਾਨੀ ਦੇ ਕੇ ਸਾਨੂੰ ਵਾਪਸ ਮੋੜ ਦਿੱਤਾ।

ਵੱਡੀ ਮਾਤਾ ਨੂੰ ਪ੍ਰਸੰਨ ਕਰਨ ਵਾਸਤੇ ਬੜੇ ਅਡੰਬਰ ਕੀਤੇ ਜਾਂਦੇ ਪਰ ਸਾਡੇ ਘਰ ਇੱਕ ਗੁਰਬਾਣੀ ਦਾ ਪਾਠ ਤੇ ਮਾਲਾ ਬਿਨਾਂ ਹੋਰ ਕੁਝ ਨਾ ਕੀਤਾ ਗਿਆ। ਇਸ ਰੋਗ ਵਿਚ

ਸਰੀਰ ਸਾਰਾ ਫਲੂਹੋ-ਫਲੂਹੀ ਹੋ ਜਾਂਦਾ। ਸਾੜ ਏਨਾ ਪੈਂਦਾ, ਜਿਵੇਂ ਜਿਸਮ ਤਪਿਆ ਜਾ ਰਿਹਾ ਹੋਵੇ। ਮੈਂ ਤਾਂ ਵੱਡੀ ਐਮਾਂ ਦੀ ਮੇਹਰ ਹੱਡੀਂ ਹੱਡਾ ਕੇ ਵੇਖੀ ਹੋਈ ਹੈ, ਵਾਲ ਵਾਲ ਮੁੱਢ ਛਾਲੇ ਉੱਗ ਪੈਂਦੇ।

ਪਿੱਪਲ ਵਾਲੀ ਪੱਤੀ ਦੇ ਬਹਾਦਰ ਸਿੰਘ ਦੇ ਦੋ ਬੱਚੇ ਸਨ। ਵੱਡਾ ਸੁੱਚਾ ਸਿੰਘ ਮੇਰੇ ਤੋਂ ਤਿੰਨ ਕੁ ਵਰ੍ਹੇ ਵੱਡਾ, ਗੋਰਾ ਰੰਗ ਤਿੱਖੇ ਨੈਣ ਨਕਸ਼ ਆਪਣੀ ਮਾਤਾ ਵਾਂਗ ਜਿਸਮ, ਜਿਵੇਂ ਸੱਚੇ ਵਿਚ ਢਲਿਆ ਹੋਵੇ। ਪਿਤਾ ਸਧਾਰਨ ਜਹੀ ਸ਼ਕਲ ਸੂਰਤ ਵਾਲਾ ਜ਼ਿਮੀਂਦਾਰ ਸੀ, ਪਰ ਪੁੱਤਰ ਜਿਵੇਂ ਅਰਸ਼ੋਂ ਉਤਰਿਆ ਸਰਘੀ ਦਾ ਸਮਰਾਟ ਹੋਵੇ। ਉਸ ਤੋਂ ਛੋਟਾ ਦਲੀਪ ਕਾਲਾ ਕਲੂਟਾ ਖਿੰਡੀਆਂ ਜਟੂਰੀਆਂ ਵਾਲਾ ਮੇਰਾ ਹਾਣੀ ਸੀ। ਉਂਜ ਮੇਰੀ ਸੱਥਰੀ ਵੱਡੇ ਨਾਲ ਪੈਂਦੀ ਸੀ। ਮੈਂ ਜਦੋਂ ੧੫-੧੬ ਸਾਲਾਂ ਦਾ ਹੋ ਗਿਆ, ਪਿੰਡੋਂ ਨੇੜੇ ਹੋਣ ਕਰਕੇ, ਸਾਡੇ ਖੂਹ ਤੇ ਰੋਜ਼ਾਨਾਂ ਮੁੰਡਿਆਂ ਦਾ ਜਮਘਟਾ ਲੱਗ ਜਾਣਾ। ਤੇਲ ਮਲਿਆ ਡੰਡ ਬੈਠਕਾਂ, ਘੋਲ-ਕੌਡੀ ਦੌੜਾਂ ਹੋਣੀਆਂ। ਬਾਕੀ ਸਾਰੇ ਅਸੀਂ ਤਾਂ ਓਵੇਂ ਕਿਵੇਂ ਰਹਿ ਗਏ, ਸੁੱਚਾ ਸਿੰਘ ਕੱਦ ਕਾਠ ਵਲੋਂ ਤਾਂ ਨਹੀਂ ਪਰ ਤਾਕਤ ਅਤੇ ਫੁਰਤੀ ਵੱਲੋਂ ਸਾਰਿਆਂ 'ਚੋਂ ਸਿਰ ਕੱਢ ਗਿਆ। ਇਸ ਦੀ ਅਜੀਬ ਗੱਲ ਏਹ ਸੀ ਕਿ ਬਿਨਾਂ ਕਿਸੇ ਉਸਤਾਦ ਤੋਂ ਸਿਰਫ ਸਾਡੇ ਨਾਲ ਘੁਲਦਾ ਹੋਇਆ ਦੁਰਾਡੇ ਅਖਾੜਿਆਂ ਵਿਚ ਮੱਲਾਂ ਮਾਰਨ ਲੱਗਿਆ। ਅਗਲੇ ਨੇ ਕੋਮਲ ਜਿਹਾ ਵੇਖ ਕੇ ਝੱਟ ਪੱਟ ਮਰੋੜ ਲੈਣ ਦੇ ਇਰਾਦੇ ਨਾਲ ਗਲ ਪੈਣਾਂ, ਇਸ ਨੇ ਬਿਜਲੀ ਵਰਗੀ ਫੁਰਤੀ ਨਾਲ ਬਹੁਤੀ ਵਾਰੀ ਪੱਟੀ ਪੈ ਕੇ ਕੰਡ ਪਰਨੇ ਸੁੱਟ ਕੇ ਆ ਜਾਣਾਂ। ਆਪਣੇ ਪਿੰਡੇ ਨੂੰ ਕਦੀ ਮਿੱਟੀ ਨਾ ਲਗਣ ਦੇਣੀ।

ਏਸ ਤਰ੍ਹਾਂ ਇਕ ਆਦਮੀ ਹੋਰ, ਮੇਰੀ ਜ਼ਿੰਦਗੀ ਵਿਚ ਆਇਆ-ਜਿਸਨੇ ਕੁਦਰ ਤੋਂ ਮਿਲੀ ਸੂਝ ਨਾਲ ਮਿਹਨਤ ਕਰ ਕੇ ਢੋਲਕ ਅਤੇ ਵਾਜਾ ਵਜਾਇਆ ਹੈ। ਗੁਰਮੁਖ ਸਿੰਘ ਖਾਰੇ ਵਾਲਾ, ਜਿਸਦਾ ਨਾਂ 'ਢੋਲਕੀ' ਪੱਕ ਗਿਆ ਸੀ।

ਸੰਤ ਨਗਰ ਆ ਕੇ ਟਿਕ ਜਾਣ ਬਾਦ ਬਾਪੂ ਜੀ ਨੇ ਮੈਨੂੰ ਤੇ ਬਲੀ ਜੀ ਨੂੰ, ਸੰਤ ਹਰਨਾਮ ਸਿੰਘ ਜੀ ਬੱਲ੍ਹੜਕਿਆਂ ਵਾਲਿਆਂ ਕੋਲ ਵਾਜਾ ਸਿੱਖਣ ਵਾਸਤੇ ਬਿਠਾਇਆ। ਇਹ ਸੰਤ ਹਰਨਾਮ ਸਿੰਘ ਜੀ ਸੰਤ ਗਿਆਨਾ ਸਿੰਘ ਜੀ ਵਾਰੇ ਵਾਲੇ ਨਾਲ ਵਾਜਾ ਵਜੋਂਦੇ ਹੋਂਦੇ ਸਨ। ਇਹਨਾਂ ਦੀਆਂ ਗੋਰੀਆਂ ਸੁੰਦਰ ਪਤਲੀਆਂ ਉਂਗਲਾਂ ਇੰਜ ਵਾਜੇ ਤੇ ਫਿਰਨੀਆਂ ਪਤਾ ਨਾ ਲੱਗਣਾਂ ਕਦੋਂ ਕੇਹੜੀ ਸੁਰ ਨੂੰ ਛੇੜਿਆ ਗਿਆ ਹੈ। ਏਹ ਅੱਜ ਵੀ ਨੱਬੇ ਬੰਨਵੇਂ ਸਾਲ ਦੀ ਉਮਰ ਵਿਚ ਉਸੇ ਤਰ੍ਹਾਂ ਗੁਣਾਂ ਦਾ ਭੰਡਾਰ ਅਤੇ ਤੰਦਰੁਸਤ ਹਨ। ਢੋਲਕ ਵਾਜਾ ਕੱਪੜੇ ਸੀਣੇਂ ਹਿਕਮਤ ਆਦਿ ਅਨੇਕਾਂ ਗੁਣ ਇਹਨਾਂ ਦਾ ਪਾਣੀ ਭਰਦੇ ਹਨ। ਅਸਾਂ ਜਦੋਂ ਵਾਜਾ ਸਿੱਖਣਾ, ਬਲੀ ਸਿੰਘ ਦੇ ਹਾਣੀ ਗੁਰਮੁਖ ਸਿੰਘ ਨੇ ਕੋਲ ਬੈਹ ਕੇ ਗੋਡਿਆਂ ਤੇ ਥਾਪਾਂ ਦੇਣੀਆਂ। ਮੈਂ ਤੇ ਏਥੇ ਵੀ ਓਵੇਂ ਕਿਵੇਂ ਰਹਿ ਗਿਆ। ਮੇਹਨਤ ਕਰ ਕੇ ਏਹ ਦੋਵੇਂ ਪਾਰੰਗਤ ਹੋ ਗਏ। ਬਲੀ ਸਿੰਘ ਵਲੋਂ ਵੇਖ-ਵੇਖ ਗੁਰਮੁਖ ਸਿੰਘ ਵਾਜਾ ਵੀ ਵਜਾਣ ਲੱਗ ਪਿਆ। ਢੋਲਕ ਦੀਆਂ ਗਤਾਂ ਇਸਨੇ ਬੇਓੜਕਾਂ ਈ ਕਢ ਲਈਆਂ।

ਇਕ ਦਿਨ ਬਾਪੂ ਜੀ ਦਾ ਕੋਈ ਜਾਣਕਾਰ ਸਾਡੇ ਖੂਹ ਤੇ ਦੁਪੈਹਰਾ ਕੱਟਣ ਠਹਿਰ ਗਿਆ। ਪਿਛਲੇ ਪਹਿਰ ਜਦੋਂ ਜਾਣ ਵਾਸਤੇ ਤਿਆਰ ਹੋਇਆ ਤਾਂ ਏਨੇ ਚਿਰ ਨੂੰ ਜ਼ੋਰ ਕਰਨ ਵਾਲੇ ਮੁੰਡੇ ਕੱਠੇ ਹੋਣੇ ਸ਼ੁਰੂ ਹੋ ਗਏ। ਸੁੱਚਾ ਸਿੰਘ ਨੂੰ ਵੇਖ ਕੇ ਬਾਪੂ ਜੀ ਤੋਂ ਜਾਣਕਾਰੀ ਲੈ ਕੇ ਮੇਰੇ ਕੋਲ ਖਲੋਤਿਆਂ ਕਹਿਣ ਲੱਗਾ, "ਮੇਰੀ ਲੜਕੀ ਇਸ ਬੱਚੇ ਨਾਲੋਂ ਸੁੰਦਰ ਤਾਂ ਨਹੀਂ ਪਰ ਘੱਟ ਵੀ ਨਹੀਂ। ਇਹਦੇ ਮਾਪਿਆਂ ਨੂੰ ਪੁੱਛੋ! ਜੇ ਰਿਸ਼ਤਾ ਪਰਵਾਨ ਕਰ ਲੈਣ ਤਾਂ ਜੋੜੀ ਬੇ ਮਿਸਾਲ ਬਣ ਜਾਏਗੀ। ਬਾਪੂ ਜੀ ਨੇ ਓਸ ਵੇਲੇ ਪਿੰਡੋਂ ਬਹਾਦਰ ਸਿੰਘ ਨੂੰ ਬੁਲਾ ਲਿਆ ਜੋ, ਔਂਦਾ ਹੋਇਆ ਜਥੇਦਾਰ ਨੂੰ ਵੀ ਨਾਲ ਲੈ ਆਇਆ।" ਬਾਪੂ ਜੀ ਨੇ ਸਾਰੀ ਗੱਲ ਖੋਲ੍ਹ ਕੇ ਦੱਸ ਦਿੱਤੀ, ਬਾਬਾ ਵਧਾਵਾ ਸਿੰਘ ਆਦਿ ਹੋਰ ਵੀ ਕਈ ਆ ਗਏ। ਘੋੜੀ ਵਾਲੇ ਨੂੰ ਸਾਰੇ ਜਾਣਦੇ ਸਨ। ਗੱਲ ਕੀ ਰਿਸ਼ਤਾ ਪੱਕਾ ਹੋ ਗਿਆ। ਸਰਦਾਰ ਨੇ ਸੁੱਚਾ ਸਿੰਘ ਦੇ ਹੱਥ ਤੇ ਪੰਜਾਂ ਦਾ ਨੋਟ ਧਰ ਕੇ ਪਿਆਰ ਦੇ ਦਿੱਤਾ। ਵੈਸੇ ਰਿਵਾਜ ਓਦੋਂ ਇਕ ਰੁਪੈ ਦਾ ਹੋਂਦਾ ਸੀ।

ਫੱਗਣ ਚੜ੍ਹੇ ਸੁੱਚਾ ਸਿੰਘ ਨੇ ਵੀਹਵੇਂ ਤੇ ਮੈਂ ਸਤ੍ਹਾਰਵੇਂ 'ਚ ਪੈਰ ਪਾਇਆ। ਘੋੜੀਆਂ ਤੇ ਥ੍ਹਾਤ ਨੋਈਆਂ ਵਾਲੇ ਪੁਹੰਚ ਗਈ। ਪਿੱਪਲ ਵਾਲੀ ਪੱਤੀ ਦੇ ਮੁੰਡੇ ਬਥੇਰੇ ਸਨ, ਪਰ ਹਰ ਵੇਲੇ ਕੱਠੇ ਰਹਿਣ ਕਰਕੇ ਸਰਬਾਲਾ ਬਣਨ ਦਾ ਮਾਣ ਮੈਨੂੰ ਮਿਲਿਆ। ਸੁੱਚੇ ਦੀ ਸੁੰਦਰਤਾ ਦੀ ਹਨੇਰੀ ਓਥੇ ਪਹਿਲਾਂ ਹੀ ਝੁੱਲੀ ਪਈ ਸੀ। ਢੁਕਾ ਹੋਣ ਬਾਦ ਲਾੜੇ ਤੇ ਸਰਬਾਲੇ ਨੂੰ ਕੁੜੀਆਂ ਤੇ ਵਹੁਟੀਆਂ ਨੇ ਆਪਣੇ ਕਬਜ਼ੇ ਕਰ ਲਿਆ। ਜੇ ਕੁਝ ਸਿਆਣੀਆਂ ਬਚਾਅ ਨਾ ਕਰਦੀਆਂ, ਲਾੜੇ ਦਾ ਪੋਟਾ ਪੋਟਾ ਵੀ ਪੂਰਾ ਨਾ ਔਂਦਾ। ਕਈ ਕੁਆਰੀਆਂ ਵਲੋਂ ਲਾੜੀ ਦੀਆਂ ਦਾਸੀਆਂ ਬਣ ਕੇ ਜਾਣ ਦੀਆਂ ਹਾਜ਼ਰ ਫ਼ਰਮੈਸ਼ਾਂ ਆ ਗਈਆਂ। ਮੇਰੇ ਦਿਮਾਗ ਵਿਚ, ਦਸਮ ਗ੍ਰੰਥ ਦੀਆਂ ਦੋ ਸਤਰਾਂ ਗੂੰਜ ਗਈਆਂ।

ਚੰਦਰ ਭਗਾ ਸਰਿਤਾ ਨਿਕਟ ਰਾਂਝਨ ਨਾਮਾਂ ਜਾਟ॥
ਜੋ ਅਬਲਾ ਹੇਰੈ ਤਿਸੈ ਜਾਤ ਸਦਨ ਪਰ ਖਾਟ॥

ਲਾੜੇ ਨਾਲ ਮੈਂ ਭਾਵੇਂ ਠੀਕ ਠਾਕ ਈ ਸਾਂ, ਪਰ ਮੇਰੇ

ਮੰਗਣੇ ਦੀਆਂ ਆਫ਼ਰਾਂ ਵੀ ਔਣ ਲੱਗ ਪਈਆਂ। ਉਸ ਪਿੰਡ ਦੀਆਂ ਕੁੜੀਆਂ ਦੀ ਸੁੰਦਰਤਾ ਜਗੋਂ ਬਾਹਰੀ ਸੀ। ਜਿਦ੍ਹੇ ਵੱਲ ਨਿਗ੍ਹਾ ਕਰੋ ਇਕ ਦੂੰ ਇਕ ਚੜ੍ਹੰਦੀਆਂ।

ਤੀਜੇ ਦਿਨ ਜਦੋਂ ਡੋਲੀ ਸਾਡੇ ਪਿੰਡ ਆਈ ਹਰ ਇਕ ਦੇ ਮੂੰਹ ਵਿਚ ਨਵੀਂ ਨੂੰਹ ਦੀ ਚਰਚਾ ਸੀ। ਸਿਆਣੀਆਂ ਕਹਿਣ ਕੁੜੀ ਤਾਂ ਸੁੱਚੇ ਨਾਲੋਂ ਵੀ ਸੁੱਚੀ ਹੈ। ਜਦੋਂ ਦਿਓਰ ਦਲੀਪਾ ਭਰਜਾਈ ਦੇ ਗੋਡੇ ਮੁੱਢ ਬਹਿਣ ਲੱਗਾ ਕਈ ਹੋਰ ਭਰਜਾਈਆਂ ਰੌਲਾ ਪਾ ਦਿੱਤਾ "ਨੀ, ਹੂਰ ਨੇੜੇ ਲੰਗੂਰ ਨਾ ਬਹਾਇਓ!" ਲਾੜੀ ਨੇ ਵੀ ਮੂੰਹ ਵੱਟਿਆ। ਪਰ ਹੋਣੀ ਜਿਵੇਂ ਨੇੜੇ ਈ ਖੜੀ ਹੱਸ ਰਹੀ ਹੋਵੇ। ਕੁਝ ਮਹੀਨਿਆਂ ਬਾਦ, ਇਹੋ ਦਲੀਪ ਉਸਨੂੰ ਸਿਰ ਧਰਨਾ ਪੈ ਗਿਆ।

ਤਿੰਨ ਮਹੀਨੇ ਮਸਾਂ ਪੂਰੇ ਹੋਏ ਹੋਣਗੇ। ਸਾਰੇ ਏਰੀਏ ਵਿਚ ਚੇਚਕ ਦੀ ਆਫ਼ਤ ਆ ਗਈ। ਵਡੀ ਮਾਤਾ ਨੇ, ਮੋਤੀ ਚੁਣ ਚੁਣ ਕੇ ਹਾਰ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਸਾਡੇ ਪਿੰਡ ਦਾ ਸੁੰਦਰ ਜਵਾਨ ਨੰਦੋ, ਈਸਾਈਆਂ ਦਾ 'ਕੱਕੂ, ਚੇਚਕ ਦਾ ਪਹਿਲਾ ਚੜ੍ਹਾਵਾ ਬਣਿਆ। ਦੂਸਰੇ ਦਿਨ ਈ ਸੁੱਚੇ ਨੂੰ ਬੁਖ਼ਾਰ ਚੜ੍ਹ ਗਿਆ। ਤੀਸਰੇ ਦਿਨ ਤੋਂ ਨਿੱਕੇ ਮੋਤੀ ਨਿਕਲਣੇ ਜਾਰੀ ਹੋ ਗਏ। ਨਿੱਕਾ ਜਿਹਾ ਪਿੰਡ, ਸਾਰੇ ਗੋਗਾ ਫਿਰ ਗਿਆ, ਕੋਈ ਚਾਰਾ ਕਰ ਲੋ! ਨਹੀਂ ਤੇ ਮੁੰਡਾ ਹੱਥੋਂ ਗਿਆ। ਸੁੱਚੇ ਦਾ ਪਿਓ, ਸਿੱਧਾ ਸਾਦਾ ਬੰਦਾ ਆਪ ਘਬਰਾ ਕੇ ਮੰਜਾ ਮੱਲ ਬੈਠਾ। ਆਂਹਦੇ ਨੇ, ਬੀਮਾਰ ਹਮਾਯੂੰ ਦੇ ਮੰਜੇ ਦੁਆਲੇ-ਬਾਬਰ ਨੇ ਸੱਤ ਗੇੜੇ ਲਿਆ ਕੇ, ਰੱਬ ਤੋਂ ਦੁਆ ਮੰਗੀ ਐ ਖੁਦਾ ਮੇਰੇ ਬੇਟੇ ਬਦਲੇ ਮੈਨੂੰ ਮੌਤ ਦੇ ਦੇ! ਤੇ ਦੁਆ ਮੰਨੀ ਗਈ। ਮੇਰੇ ਤੇ ਵੇਖਣ ਦੀਆਂ ਗੱਲਾਂ ਜੇ! ਜੇਹੜੀਆਂ ਲਿਲਕੜੀਆਂ ਬਹਾਦਰ ਸਿੰਘ ਨੇ ਸੁੱਚੇ ਦੇ ਮੰਜੇ ਦੁਆਲੇ ਕਢੀਆਂ, ਤੇ ਉਹ ਨਾਂ ਮੰਨੀਆਂ ਗਈਆਂ। ਮੇਰੇ ਵਰਗੇ ਕਈ ਚਸ਼ਮਦੀਦ ਰੜੇ ਰੱਬ ਤੋਂ ਮੁਨਕਰ ਹੋ ਗਏ। ਜਥੇਦਾਰ ਨੇ ਕੋਈ ਵੈਦ ਹਕੀਮ ਇਲਾਕੇ ਦਾ ਨਹੀਂ ਜਿਸਨੂੰ ਬੁਲਾਇਆ ਨਾ ਹੋਵੇ। ਸਿਰਫ਼ ਇਕ ਮੈਂ ਹੀ ਸਾਂ ਜਿਸ ਨੇ ਅੰਤ ਸਮੇਂ ਤਕ ਸੁੱਚੇ ਦੇ ਮੂੰਹ ਵਿਚ ਪਾਣੀ ਦੇ ਚਿਮਚੇ ਪਾਣੇ, ਕਿਉਂ ਜੋ ਇਹ ਧਾਰਨਾ ਬਣੀ ਹੋਈ ਹੈ ਕਿ ਜਿਸ ਨੂੰ ਇਕ ਵਾਰ ਚੇਚਕ ਨਿਕਲ ਜਾਏ। ਦੁਬਾਰਾ ਨਹੀਂ ਨਿਕਲਦੀ। ਵੈਸੇ ਹੈ ਏਹ ਛੂਤ ਦਾ ਰੋਗ-ਇਕ ਤੋਂ ਦੂਜੇ ਨੂੰ ਚੰਬੜ ਜਾਂਦਾ ਹੈ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਵੀ ਚੇਚਕਿਆਂ ਦੀ ਸੇਵਾ ਕਰਦਿਆਂ, ਆਪਣਾ ਆਪ ਕੁਰਬਾਨ ਕਰ ਦਿੱਤਾ ਸੀ। ਦਿੱਲੀ ਵਿਚ ਏਹ ਵਬਾ ਫੈਲ ਗਈ ਤਾਂ ਖਚਰੇ ਮੁਲਾਣਿਆਂ ਨੇ, ਬਾਦਸ਼ਾਹ ਨੂੰ ਕਹਿ ਕੇ ਮਰੀਜ਼ਾਂ ਦੇ ਟੋਲੇ ਗੁਰੂ ਜੀ ਦੇ ਡੇਰੇ ਵੱਲ ਭੇਜਣੇ ਸ਼ੁਰੂ ਕਰ ਦਿੱਤੇ। ਕੋਮਲ ਜਿਹਾ ਬਾਲ ਗੁਰੂ ਸੁਣਿਐਂ ਹੱਥੀਂ ਸੇਵਾ ਬੜੀ ਕਰਦਾ ਹੈ।

ਮੇਰੀਆਂ ਭੁੱਖੇ ਭਾਣੇ ਦੀਆਂ ਰੋ ਰੋ ਕੇ ਘੁੱਗਾਂ ਬੈਂਹ ਗਈਆਂ। ਕੋਈ ਮੈਨੂੰ ਧੀਰਜ ਦੇਣ ਵਾਲਾ ਵੀ ਤੇ ਨਹੀਂ ਸੀ। ਬਾਪੂ ਜੀ ਬੀਕਾਨੇਰ, ਚਾਚੇ ਗੁਰਬਚਨ ਸਿੰਘ ਨੂੰ ਬੁਖ਼ਾਰ ਨੇ ਘੇਰਿਆ ਹੋਇਆ ਸੀ। ਹਫਤੇ ਬਾਦ ਓਹਨੂੰ ਵੀ ਦਾਣੇ ਨਿਕਲ ਆਏ। ਪਿੰਡ ਵਿਚ ਹਾ ਹਾ ਕਾਰ ਪੈ ਗਈ। ਡਾਕਟਰੀ ਇਲਾਜ ਤੇ ਓਦੋਂ ਕੋਈ ਹੈ ਨਹੀਂ ਸੀ। ਪੰਦਰਾਂ ਵੀਹ ਦਿਨ ਦੇ ਘੋਲ ਬਾਦ ਜ਼ਿੰਦਗੀ ਹਾਰ ਗਈ। ਜਥੇਦਾਰ ਦੀ ਮੰਜੀ ਨਾਲ ਮੈਂ ਮੰਜੀ ਹੋਇਆ ਰਿਹਾ। ਹੁਣ ਵੀ ਜਦੋਂ ਓਹ ਸਮਾਂ ਅੱਖਾਂ ਅੱਗੇ ਆ ਜਾਂਦਾ ਹੈ ਤਾਂ ਝੁਣਝੁਣੀ ਆ ਜਾਂਦੀ ਹੈ। ਉੱਚਾ ਲੰਮਾ ਭਰਵਾਂ ਸਰੀਰ ਚੇਚਕ ਏਨੀ ਭਾਰੀ ਕਿ ਸੋਜ ਨਾਲ ਫੁੱਲ ਕੇ ਹੋਰ ਭਾਰਾ ਹੋ ਗਿਆ। ਬੇ ਸੁਰਤੀ 'ਚ ਸਿਰ ਸੱਜੇ ਖੱਬੇ ਮਾਰੀ ਜਾਣਾਂ। ਹੂੰਗਰਾਂ ਦੀ ਆਵਾਜ਼ ਗਲੀਓਂ ਬਾਹਰ ਤੱਕ ਜਾਣੀ। ਛਾਲੇ ਫਿਸ ਕੇ ਬਦਬੂ ਫੈਲ ਗਈ। ਕੋਲ ਬਹਿਣਾ ਔਖਾ ਹੋ ਗਿਆ।

ਬਾਪੂ ਜੀ ਨੂੰ ਤਾਰਾਂ ਪਾਈਆਂ। ਪਰ ਓਹ ਤਾਂ ਮਾੜੇ ਸੁਪਨੇ ਔਣ ਕਰ ਪਹਿਲਾਂ ਹੀ ਸਤਿਗੁਰੂ ਜੀ ਤੋਂ ਛੁੱਟੀ ਲੈ ਕੇ ਤਿਆਰ ਬੈਠੇ ਸਨ। ਫਿਰ ਵੀ ਓਹਨਾਂ ਦੇ ਔਣ ਤੋਂ ਪਹਿਲਾਂ ਜਥੇਦਾਰ ਦਾ ਸਸਕਾਰ ਹੋ ਚੁਕਿਆ ਸੀ। ਭੁਖ ਤੇ ਰੋਣ ਨਾਲ ਮੈਂ ਵੀ ਮੰਜੀ ਤੇ ਪਿਆ ਹੋਇਆ ਸਾਂ। ਬਾਪੂ ਜੀ ਨੂੰ ਵੇਖ ਕੇ ਸਿਰਫ ਮੇਰੀਆਂ ਹੀ ਡਾਡਾਂ ਨਹੀਂ ਨਿਕਲੀਆਂ ਸਾਰੇ ਜੀਅ, ਸਾਰਾ ਪਿੰਡ ਗਲ ਲੱਗ ਕੇ ਢਾਹੀਂ ਰੋਇਆ। ਮੈਂ ਆਖਾਂ-ਸਾਡਾ ਬਾਦਸ਼ਾਹ ਚਲਾਗਿਆ ਏ। ਬਾਪੂ ਜੀ ਹੌਂਸਲਾ ਦਿੱਤਾ, ਸਾਡਾ ਪਾਤਸ਼ਾਹ ਸਾਡੇ ਸਿਰ ਤੇ ਹਾਜ਼ਰ ਨਾਜ਼ਰ ਹੈ।

ਹੇਠ ਉੱਤੇ ਦੋ ਸਦਮੇਂ ਹੋਣ ਨਾਲ ਮੇਰਾ ਪਿੰਡ ਵਿਚੋਂ ਦਿਲ ਚੁੱਕਿਆ ਗਿਆ। ਬੀਕਾਨੇਰ ਦੇ ਨਾਂ ਤੋਂ ਜੇਹੜਾ ਮੈਂ ਕੰਨਾਂ ਨੂੰ ਹੱਥ ਲਾਂਦਾ ਸਾਂ, ਹੁਣ ਸੋਚਦਾ ਸਾਂ ਕੇਹੜਾ ਵੇਲਾ ਹੋਵੇ ਇਸ ਪਿੰਡ ਨੂੰ ਅਲਵਿਦਾ ਆਖਾਂ। ਬਾਪੂ ਜੀ ਨੂੰ ਕਿਹਾ ਮੈਨੂੰ ਉਥੇ ਪੁਚਾ ਕੇ ਆਪ ਵਾਪਸ ਆ ਜਾਇਓ! ਬਾਪੂ ਜੀ ਸਤਿਗੁਰਾਂ ਦਾ ਹੁਕਮ ਸੁਣਾਇਆ ਕਿ ਚੜ੍ਹੇ ਸੌਣ ਇਕ ਵਾਰ ਸਾਰੇ ਆ ਜਾਓ! ਫੇਰ ਦੀ ਫੇਰ ਵੇਖੀ ਜਾਇਗੀ। ਸਾਡੇ ਦਾਦੀ ਜੀ ਸਾਡੇ ਵੱਡੇ ਬੇਬੇ ਜੀ ਤੇ ਇਹਨਾਂ ਦੇ ਭਾਈ ਮਾਮਾ ਸ਼ਰਧਾ ਸਿੰਘ ਜੀ— ਸਾਡੇ ਨਿਜ ਗੁਰਦੁਆਰੇ ਦੇ ਭਾਈ ਵੀਰ ਸਿੰਘ ਜੀ ਏਹ ਸਾਰੇ ਕਹਿਣ ਅਸੀਂ ਕਿਸੇ ਹਾਲਤ ਵਿਚ ਵੀ, ਪਿੰਡ, ਘਰ ਤੇ ਏਡੀ ਜਾਇਦਾਦ ਛੱਡ ਕੇ ਨਹੀਂ ਜਾਣਾ। ਬਾਪੂ ਜੀ ਹੱਥ ਜੋੜ ਕੇ ਗੁਰੂ ਦਾ ਵਾਸਤਾ ਪਾ ਕੇ ਆਪਣੀ ਮਾਤਾ ਜੀ (ਸਾਡੀ ਦਾਦੀ) ਅਗੇ ਬੇਨਤੀ ਕੀਤੀ ਪਰ ਮਾਈ ਜੀ ਨਾ ਹੀ ਮੰਨੇ। ਹੋਰ ਕੋਈ ਨਿਜੀ ਸਹਾਰਾ ਪਿੰਡ ਵਿਚ ਰਿਹਾ ਨਹੀਂ ਸੀ। ਸਹਿਸਰੇ ਤੋਂ

ਚੌਧਰੀ ਅਬਦੁਲ ਨੂੰ ਬੁਲਾ ਕੇ ਘਰ ਬਾਹਰ ਦੀ ਸਾਰੀ ਜ਼ਿੰਮੇਵਾਰੀ ਸੰਭਾਲ ਦਿੱਤੀ। ਪਿੰਡ ਦਿਆਂ ਰਲ ਕੇ ਆਖਿਆ ਪਿੰਡ ਦਾ ਕੋਈ ਠੁਕ, ਬੰਨ੍ਹ ਜਾਣਾ ਸੀ। ਬਾਪੂ ਜੀ ਕਿਹਾ, ਜੇ ਤਾਂ ਮੇਰੇ ਸਤਿਗੁਰ ਦੇ ਹੁਕਮ ਤੇ ਚਲੋ, ਤਾਂ ਆਓ ਸਾਰੇ ਬੀਕਾਨੇਰ ਚੱਲੀਏ। ਨਹੀਂ ਤੇ ਰਾਮ ਦੀ ਰਜ਼ਾ। ਜਥੇਦਾਰ ਦੇ ਪ੍ਰਵਾਰ ਨੂੰ ਓਹਦੇ ਸੋਹਰਿਆਂ ਗੁਰੂ ਚੱਕੋਂ ਆ ਕੇ, ਆਪਣੀ ਸੰਭਾਲ ਵਿਚ ਲੈ ਲਿਆ।

ਸੱਤਵੀਂ ਸੋਣ ਸਵੇਰੇ, ਜਿੰਨਾ ਸਾਮਾਨ ਆਪੇ ਚੁਕਿਆ ਜਾ ਸਕਦਾ ਸੀ ਲੈ ਕੇ ਆਪਣੇ ਆਪ ਜਲਾ ਵਤਨ ਹੋ ਗਏ। ਬਾਪੂ ਜੀ, ਬਲੀ ਸਿੰਘ ਤੇ ਮੈਂ, ਸਾਡੀ ਤੀਸਰੀ ਮਾਤਾ ਸਾਡੀ ਵਡੀ ਭੈਣ ਭਣੂਜਾ, ਫੁੱਫੜ ਜੀ ਅਮਰ ਸਿੰਘ ਜੀ ਖੱਤਰੀ ਸਮੇਤ ਦੋ ਮੀਲ ਤੇ ਪੈਂਦੇ ਰੇਲਵੇ ਸਟੇਸ਼ਨ ਖੇੜੀ-ਸਾਂਸੀ ਨੂੰ ਤੁਰ ਪਏ। ਮੇਰੇ ਨਾਲ ਦੋ ਜਿਗਰੀ ਯਾਰ ਨਜ਼ੀਰ ਮਿਰਾਸੀ ਤੇ ਬਸ਼ੀਰ ਵੀ ਹੋ ਲਏ ਨਜ਼ੀਰ ਨੇ ਸਿਰ ਤੇ ਸਿਲਾਈ ਮਸ਼ੀਨ ਚੁੱਕੀ ਹੋਈ ਸੀ। ਬਸ਼ੀਰ ਨੇ ਬਾਪੂ ਜੀ ਦਾ ਪੁਸਤਕਾਂ ਦਾ ਝੋਲਾ ਚੁੱਕਿਆ ਹੋਇਆ ਸੀ।

ਪਿੰਡੋਂ ਬਾਹਰ ਮਸੀਤ ਕੋਲੋਂ ਲੰਘਦਿਆਂ ਖਲੋ ਕੇ ਮੈਂ ਬੜੇ ਗੌਰ ਨਾਲ ਵੇਖਿਆ। ਇਸ ਮਸੀਤ ਵਿਚ ਮੈਂ ਛੇ ਕੁ ਸਾਲ ਦੀ ਉਮਰ ਵਿਚ ਅਲਿਫ ਬੇ ਦੀ ਪੜਾਈ ਸ਼ੁਰੂ ਕੀਤੀ ਸੀ। ਇਕ ਦਿਨ ਬਾਪੂ ਜੀ ਨੇ ਕੋਲੋਂ ਲੰਘਦਿਆਂ ਆਵਾਜ਼ ਮਾਰੀ। ਮਸੀਤ ਵਿਚੋਂ ਬਾਹਰ ਨਿਕਣ ਵੇਲੇ ਮੈਂ ਗੋਡਿਆਂ ਤੇ ਪਰਨਾ ਕੀਤਾ ਹੋਇਆ ਸੀ। ਬਾਪੂ ਜੀ ਦੇ ਪੁੱਛਣ ਤੇ ਦੱਸਿਆ ਮੌਲਵੀ ਜੀ ਕਹਿੰਦੇ ਹਨ- ਮਸਜਿਦ ਵਿਚ ਗੋਡੇ ਨੰਗੇ ਕਰਨੇ ਸ਼ਰਾਹ ਦੇ ਉਲਟ ਹੈ। ਹੁਕਮ ਹੋਇਆ, ਮੈਂ ਤਾਂ ਸ਼ਹਿਰ ਚੱਲਿਆ ਹਾਂ - ਤੂੰ ਆਪਣਾ ਬਸਤਾ ਲੈ ਕੇ ਘਰ ਦੌੜ ਜਾ। ਅਸੀਂ ਗੁਰਮਤ ਬਿਨਾਂ ਕਿਸੇ ਸ਼ਰ੍ਹਾ-ਵਰ੍ਹਾ ਦੇ ਪਾਬੰਦ ਨਹੀਂ ਹੋ ਸਕਦੇ। ਮੌਲਵੀ ਸੁਣ ਕੇ ਚੁੱਪ ਹੀ ਰਿਹਾ ਤੇ ਮੈਂ ਪੱਕੀ ਪਹਿਲੀ ਤੋਂ ਪਹਿਲਾਂ ਹੀ ਘਰੇ ਆ ਗਿਆ।

ਹੋਰ ਸਾਰੇ ਜੀਅ ਅਗੇ ਜਾ ਰਹੇ ਸਨ। ਮੈਂ ਆਪਣੇ ਯਾਰਾਂ ਨਾਲ ਗੱਲੀਂ ਪਿਆ ਪਿੱਛੇ ਆ ਰਿਹਾ ਸਾਂ। ਪਿੰਡੋਂ ਫਰਲਾਂਗ ਕੁ ਦੂਰ ਗਏ ਹੋਵਾਂਗੇ, ਮੈਂ ਦੋ ਤਿੰਨ ਵਾਰ ਪਿੱਛੇ ਮੁੜ ਕੇ ਵੇਖਿਆ। ਬਸ਼ੀਰ ਨੇ ਆਖਿਆ ਕੋਈ ਚੀਜ਼ ਰਹਿ ਗਈ ਏ ਤਾਂ ਮੈਂ ਦੌੜ ਕੇ ਲੈ ਆਵਾਂ। ਨਜ਼ੀਰ ਥੋੜ੍ਹਾ ਵੱਡਾ ਵੀ ਸੀ, ਤੇ ਮਿਰਾਸੀ ਹੋਣ ਕਰ ਕੇ ਸਿਆਣਾ ਵੀ ਸੀ, ਮੇਰੇ ਮੂੰਹ ਵੱਲ ਵੇਖ ਕੇ ਆਖਣ ਲੱਗਾ ਚੀਜ਼ ਨਹੀਂ ਰਹਿ ਗਈ ਕੋਈ ਹੋਰ ਗੱਲ ਹੈ, ਓਹਦੇ ਪੁੱਛਣ ਤੇ ਮੈਂ ਕਿਹਾ ਘੜੀ ਮੁੜੀ ਇਸ ਕਰਕੇ ਵੇਖ ਰਿਹਾਂ, ਮੇਰਾ ਦਿਲ ਆਂਹਦਾ ਏ ਏਹ ਪਿੰਡ ਦੁਬਾਰਾ ਨਹੀਂ ਵੇਖਿਆ ਜਾਣਾ ਤੇ ਨਾ ਹੀ ਮੁੜ ਤੁਹਾਡੇ ਨਾਲ ਮੇਲ ਹੋ ਸਕਣਾ ਏਂ। ਅੱਖਾਂ ਮੇਰੀਆਂ ਵੀ ਭਰ ਆਈਆਂ ਤੇ ਬਸ਼ੀਰ ਨਜ਼ੀਰ ਦੀਆਂ ਵੀ।

ਸਟੇਸ਼ਨ ਤੱਕ ਜਾਂਦਿਆਂ ਕਿਸੇ ਤੋਂ ਕੋਈ ਗੱਲ ਨਾ ਹੋ ਸਕੀ। ਰੇਲ ਔਂਦੀ ਜਾਣ ਕੇ ਅਸੀਂ ਤਿਨੇ ਸਾਂਝੀ ਗਲੋਕੜੀ ਚ ਬਗ਼ਲਗੀਰ ਹੋ ਗਏ। ਤਿੰਨਾਂ ਦੀਆਂ ਹੁਬਕੀਆਂ ਨੇ ਵੱਡਿਆਂ ਦੀ ਅੱਖੀਂ ਵੀ ਪਾਣੀ ਲੈ ਆਂਦਾ। ਛੋਟਾ ਸਟੇਸ਼ਨ ਸੀ। ਬਮੁਸ਼ਕਿਲ ਸਾਮਾਨ ਚਾੜ੍ਹਿਆ ਗਿਆ। ਤੁਰਦੀ ਗੱਡੀ ਚੋਂ ਬਾਰੀ ਵਿਚ ਖੜੋਤੇ ਨੂੰ ਵਗਦੇ ਹੰਝੂਆਂ ਵਿਚੋਂ ਦੋ ਝੱਲਿਆਂ ਦੀਆਂ ਉੱਲਰੀਆਂ ਬਾਹੀਂ ਅਜ ਤੱਕ ਓਵੇਂ ਈ ਖਿਲਾ 'ਚ ਲਰਜ਼ਦੀਆਂ ਦਿੱਸਦੀਆਂ ਨੇ। ਉਨਾਠ ਵਰ੍ਹਿਆਂ ਦੀ ਲੰਮੀ ਦੂਰੀ ਵੀ ਓਝਲ ਨਹੀਂ ਕਰ ਸਕੀ।

ਭਾਰਤੀ ਇਤਿਹਾਸ ਦੀ ਸਭ ਤੋਂ ਅਸਾਂਵੀਂ ਤੇ ਵੱਡੀ ਲੜਾਈ ਪਾਰੋਂ ਦਸਮੇਸ਼ ਜੀ ਨੂੰ ਅਨੰਦ ਪੁਰ ਦਾ ਤਿਆਗ ਕਰਨਾ ਪਿਆ। ਸਾਹਿਬਜ਼ਾਦਾ ਅਜੀਤ ਸਿੰਘ ਜੀ ਘੋੜੇ ਤੇ ਸਵਾਰ ਕਦਮ ਬਕਦਮ ਅਨੰਦਪੁਰ ਤੋਂ ਦੂਰ ਹੋ ਰਹੇ ਨੇ। ਮੁੜ ਮੁੜ ਪਿਛਾਂਹ ਵੇਂਹਦਿਆਂ ਨੂੰ ਕਿਸੇ ਸਿੰਘ ਨੇ ਕਾਰਨ ਪੁੱਛ ਲਿਆ। ਅਜੀਤ ਸਿੰਘ ਜੀ ਆਂਹਦੇ ਨੇ— ਏਸ ਅਨੰਦ ਪੁਰ ਦੇ ਸਾਨੂੰ ਦੁਬਾਰਾ ਦਰਸ਼ਨ ਨਹੀਂ ਹੋ ਸਕਣਗੇ। ਬੜੇ ਜੰਗ ਜੂ ਜੋਧਿਆਂ ਦੀਆਂ ਵੀ ਬੁਲਕਾਂ ਨਿਕਲ ਗਈਆਂ। ਏਹ ਵਤਨ ਵਿਛੋਹ ਜਿੰਨਾਂ ਹੱਡੀ ਹੰਢਾਇਐ ਓਹਨਾਂ ਜਿਹਾ ਹੋਰ ਕੌਣ ਜਾਣ ਸਕਦਾ ਏ। ਗੁਰ ਬਾਣੀ ਦਾ ਮੂੰਹ ਚੜ੍ਹਿਆ ਅਖਾਣ ਹੈ ਲਾਗੀ ਹੋਇ ਸੋ ਜਾਨੈ ਪੀਰ।

ਸਾਡੇ ਤੀਸਰੇ ਮਾਤਾ ਜੀ ਦਾ ਪੇਕਾ ਪਰਿਵਾਰ, ਥੋੜਾ ਜਿਹਾ ਮਨ ਬਦਲ ਕੇ, ਓਧਰੇ ਰਹਿ ਗਿਆ। ਓਹਨਾਂ ਵਤਨੀ ਵੱਸਦਿਆਂ ਕਿਊਂ ਪਤਾ ਲੈਣਾ ਸੀ। ਸਾਡੇ ਮਾਤਾ ਜੀ ਇਕ ਵਾਰ ਜਾ ਕੇ ਮਿਲ ਆਏ ਨੇ।

ਮੇਰੀ ਇਹ ਹਿਜਰ ਹੂਕ ਚਾਰ ਸਤਰਾਂ ਵਿਚ ਇਸ ਤਰ੍ਹਾਂ ਵਹਿ ਪਈ

"ਕੁਝਰਾਂ ਵਾਲੇ ਦੀ ਮਿੱਠੀਏ ਬੋਲੀਏ ਨੀ,
ਤੈਨੂੰ ਸੁਣਨ ਸੁਨਾਣ ਤੇ ਜੀ ਕਰਦੈ।
ਗਾਲਾਂ ਮਾਸੀ ਦੀਆਂ ਘਿਓ ਦੀਆਂ ਜਿਵੇਂ ਨਾਲਾਂ,
ਓਥੇ ਜਾ ਕੇ ਖਾਣ ਤੇ ਜੀ ਕਰਦੈ।
ਚਾਚਾ ਅਬਦੁੱਲਾ ਮਿਲੇ ਇਕ ਵਾਰ ਆ ਕੇ,
ਘੁੱਟ-ਘੁੱਟ ਜੱਫੀਆਂ ਪਾਣ ਤੇ ਜੀ ਕਰਦੈ।
ਸੋਹਣੇ ਯਾਰ ਬਸ਼ੀਰ ਨਜ਼ੀਰ ਦੋਵੇਂ,
ਮਿਲ ਕੇ ਰੋਣ-ਰੁਆਣ ਤੇ ਜੀ ਕਰਦੈ।"

ਅਫ਼ਜ਼ੂੰ
ਪਿੰਡ ਤੇ ਡਾਕਖਾਨਾ ਬੁਢੀ ਮਾੜੀ
ਜ਼ਿਲ੍ਹਾ ਸਿਰਸਾ (ਹਰਿਆਣਾ)
ਫੋਨ : 01698-280261

ਤਵਾਰੀਖ਼ ਸੰਤ ਖਾਲਸਾ : ਨਾਮਧਾਰੀ ਸੰਪਰਦਾਇ ਦਾ ਇਤਿਹਾਸ

—ਡਾ. ਕੁਲਦੀਪ ਸਿੰਘ ਧੀਰ

ਨਾਮਧਾਰੀ ਸੰਪਰਦਾਇ ਦਾ ਸੰਸਥਾਈਕਰਨ ਵਰਤਮਾਨ ਦਾ ਸੱਚ ਹੈ ਤੇ ਇਹ ਵੀ ਸੱਚ ਹੈ ਕਿ ਨਾਮਧਾਰੀ ਸਿੰਘਾਂ ਦੀਆਂ ਕੁਰਬਾਨੀਆਂ ਸਿੱਖ ਇਤਿਹਾਸ ਦਾ ਗੌਰਵਮਈ ਹਿੱਸਾ ਹਨ। ਤਵਾਰੀਖ਼ ਸੰਤ ਖਾਲਸਾ ਨਾਮਧਾਰੀ ਸੰਪਰਦਾਇ ਦੇ ਉਦਗਮ ਤੇ ਵਿਕਾਸ ਦਾ ਪ੍ਰਮਾਣੀਕ ਵਰਣਨਾਤਮਕ ਇਤਿਹਾਸ ਹੈ ਜਿਸ ਨੂੰ ਸਾਹਿਤ ਇਤਿਹਾਸ ਦੇ ਉਸ ਲੇਖਕ ਨੇ ਪ੍ਰਸਤੁਤ ਕੀਤਾ ਹੈ ਜਿਸ ਨੂੰ ਨਾਮਧਾਰੀ ਸੰਸਾਰ ਵਿਚ ਵੀ ਮਾਣ ਤੇ ਗੌਰਵ ਹਾਸਲ ਹੈ। ਇਸ ਦੇ ਲੇਖਕ ਕਿਰਪਾਲ ਸਿੰਘ ਕਸੇਲ ਦੀ ਸ਼ਖ਼ਸੀਅਤ ਵਿਚ ਉਦਾਰਤਾ ਤੇ ਸ਼ਰਧਾ ਦੇ ਨਾਲ-ਨਾਲ ਤੱਥਾਂ ਦੀ ਛਾਣ ਬੀਣ ਉਪਰੰਤ ਉਨ੍ਹਾਂ ਨੂੰ ਇਤਿਹਾਸਕ ਮਹਤਵ ਅਨੁਸਾਰ ਕ੍ਰਮ-ਬਧ ਕਰ ਕੇ ਜੋੜਣ ਬੀੜਣ ਦਾ ਲੰਬਾ ਅਨੁਭਵ ਹੈ। ਇਸ ਸੰਪਰਦਾਇ ਦੇ ਸੰਸਥਾਈਕਰਨ ਬਾਰੇ ਆਪੋ ਆਪਣੇ ਮਤ ਵਿਚ ਅੰਤਰ ਨੂੰ ਅਸਾਂ ਦੋਹਾਂ ਨੇ ਸਵੀਕਾਰਿਆ ਹੋਇਆ ਹੈ ਅਤੇ ਇਨ੍ਹਾਂ ਵਿਚ ਵਿਆਪਕ ਤਾਲ ਮੇਲ ਦੀ ਸੰਭਾਵਨਾ ਬਾਰੇ ਕਦੇ ਕਦੇ ਕੋਈ ਵਿਚਾਰ ਵੀ ਅਸੀਂ ਕਰ ਲੈਂਦੇ ਹਾਂ। ਇਸ ਸਿਲਸਿਲੇ ਵਿਚ ਉਨ੍ਹਾਂ ਨਾਲ ਮੇਰੀ ਤਾਜ਼ਾ ਚਰਚਾ ਉਨ੍ਹਾਂ ਦੁਆਰਾ ਰਚੇ ਗ੍ਰੰਥ ਤਵਾਰੀਖ਼ ਸੰਤ ਖਾਲਸਾ ਅਤੇ ਸਪਤਾਹਕ ਸਤਿਜੁਗ ਦੇ ੧੮ ਤੋਂ ੨੪ ਮਈ ੨੦੦੬ ਕੇ ਅੰਕ ਵਿਚ ਪ੍ਰਕਾਸ਼ਿਤ ਸਤਿਗੁਰੂ ਜਗਜੀਤ ਸਿੰਘ ਦੇ ਪ੍ਰਵਚਨ ਦੇ ਪ੍ਰਸੰਗ ਵਿਚ ਹੋਈ।

ਉਕਤ ਪ੍ਰਵਚਨ ਵਿਚ ਨਾਮਧਾਰੀ ਮਹਾਂਪੁਰਖ ਫ਼ੁਰਮਾਂਦੇ ਹਨ ਕਿ ਰੇਲ ਗੱਡੀ ਵਿਚ ਅਸੀਂ ਮਜਬੂਰਨ ਭਾਂਤ ਭਾਂਤ ਦੇ ਬੰਦਿਆਂ ਨਾਲ ਬੈਠਦੇ ਹਾਂ। ਨਾਂ ਚਾਹੁੰਦੇ ਹੋਏ ਵੀ। ਕੀ ਕਾਲੀ ਚਿਟੀ ਪੱਗ ਏਦੂੰ ਵੀ ਮਾੜੀ ਹੈ ਕਿ ਅਸੀਂ ਆਪਸ ਵਿਚ ਰਲ ਕੇ ਨਹੀਂ ਬੈਠ ਸਕਦੇ। ਉਹ ਦਸਦੇ ਹਨ ਕਿ ਮਹਾਰਾਜ ਪ੍ਰਤਾਪ ਸਿੰਘ ਜੀ ਦੀ ਆਦਤ ਸੀ ਕਿ ਜਿਥੇ ਵੀ ਜਾਣ ਗੁਰਦਵਾਰੇ ਜ਼ਰੂਰ ਜਾਂਦੇ ਸਨ। ੧੯੩੪ ਵਿਚ ਆਪ ਰੰਗੂਨ ਗਏ ਤੇ ਉਥੇ ਗੁਰਦਵਾਰੇ ਨੂੰ ਜਿੰਦਾ ਲਗਾ ਵੇਖ ਕੇ ਬੜੇ ਦੁਖੀ ਹੋਏ। ਇਥੇ ਤੇ ਨਾਮਧਾਰੀਆਂ ਤੇ ਅਕਾਲੀਆਂ ਦਾ ਰੌਲਾ ਨਹੀਂ, ਫਿਰ ਝਗੜਾ ਕੀ ਹੈ। ਪਤਾ ਲਗਾ ਕਿ ਝਗੜਾ ਪ੍ਰਧਾਨਗੀ ਦਾ ਹੈ। ਵਾਪਸ ਭੈਣੀ-ਸਾਹਿਬ ਆ ਕੇ ਉਨ੍ਹਾਂ 'ਨਾਨਕ ਨਾਮ ਲੇਵਾ' ਕਾਨਫਰੰਸ ਬੁਲਾਈ। ਕੁਛ ਲੋਕਾਂ ਨੇ ਸ਼ਰਤ ਲਈ ਕਿ ਅਸੀਂ ਤਾਂ ਆਵਾਂਗੇ ਜੇ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਹੋਵੇਗੀ। ਮਹਾਂਪੁਰਖਾਂ ਨੇ ਕਿਹਾ ਭਾਈ ਜਦੋਂ ਤੁਸਾਂ ਕਰਨੀ ਹੋਈ ਦਸਾਂ ਦੀ ਕਰ ਲਿਓ। ਜਦੋਂ ਅਸੀਂ ਕਰਨੀ ਹੋਈ ਬਾਰਾਂ ਦੀ ਕਰ ਲਵਾਂਗੇ। ਰੌਲੇ ਵਾਲੀ ਕੋਈ ਗੱਲ ਨਹੀਂ। ਤਿੰਨ ਚਾਰ ਦਿਨ ਦੇ ਸਮਾਗਮ ਵਿਚ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ, ਜਥੇਦਾਰ ਤੇਜਾ ਸਿੰਘ ਭੁੱਚਰ ਵਰਗੇ ਉਸ ਸਮੇਂ ਦੇ ਸਾਰੇ ਸਿਖ ਲੀਡਰ ਆਏ। ਨਿਹੰਗ ਨਿਰਮਲੇ ਤੇ ਉਦਾਸੀ ਵੀ ਆਏ। ਭਾਈ ਅਰਜਨ ਸਿੰਘ ਬਾਗੜੀਆਂ ਨੇ ਸਾਰੇ ਸਮਾਗਮਾਂ ਵਿਚ ਅਰਦਾਸ ਕੀਤੀ ਤੇ ਹਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਰਿਹਾ। ਆਪ ਕਹਿੰਦੇ ਹਨ ਕਿ ਜੇ ਅਸੀਂ ਦੂਸਰਿਆਂ ਲਈ ਉਸ ਤਰ੍ਹਾਂ ਕਰ ਦੇਈਏ ਜਿਸ ਨਾਲ ਉਨ੍ਹਾਂ ਨਾਲ ਪਿਆਰ ਵਧੇ ਤੇ ਅਸੀਂ ਇਕਠੇ ਹੋ ਕੇ ਬਹਿ ਸਕੀਏ ਤਾਂ ਸਾਨੂੰ ਕੋਈ ਫ਼ਰਕ ਨਹੀਂ ਪੈਂਦਾ। ਇਸ ਨਾਲ ੭੦-੭੫ ਫ਼ੀ ਸਦੀ ਇਕਠੇ ਹੋਣ ਦਾ ਮੌਕਾ ਬਣਿਆ।

੧੯੫੯ ਵਿਚ ਜਦੋਂ ਮਹਾਰਾਜ ਪ੍ਰਤਾਪ ਸਿੰਘ ਜੀ ਦਾ ਸਰੀਰ ਸ਼ਾਂਤ ਹੋਇਆ ਤਾਂ ਗਿਆਨੀ ਕਰਤਾਰ ਸਿੰਘ ਨੇ ਭੈਣੀ ਸਾਹਿਬ ਵਿਚ ਪਹੁੰਚ ਕੇ ਇਹ ਕਿਹਾ ਕਿ— ਮਹਾਰਾਜ ਪ੍ਰਤਾਪ ਸਿੰਘ ਨੇ ਇਕ ਮੀਲ ਪੱਥਰ ਗੱਡਿਆ ਹੈ। ਕੋਈ ਇਸ ਤੋਂ ਅੱਗੇ ਹੋਵੇਗਾ ਤਾਂ ਵੇਖਾਂਗੇ। ਉਨ੍ਹਾਂ ਨੇ ਸਾਨੂੰ ਏਥੇ ਸਦ ਕੇ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਕਰਵਾਈ ਹੈ ਜੋ ਇਕ ਬਹੁਤ ਵੱਡਾ ਕੰਮ ਹੈ।

ਵਰਤਮਾਨ ਮਹਾਂ ਪੁਰਖਾਂ ਦੇ ਪ੍ਰਵਚਨ ਦੇ ਇਸ ਲੰਬੇ ਹਵਾਲੇ ਦਾ ਪ੍ਰਯੋਜਨ ਆਪ ਦੇ ਮਨ ਮਸਤਕ ਵਿਚ ਨਾਮਧਾਰੀ ਸੰਪਰਦਾਇ ਦੇ ਸਿੱਖ ਮੂਲ ਧਾਰਾ ਨਾਲ ਅਟੁਟ ਸੰਬੰਧ ਜੋੜਣ ਦੀ ਤੀਬਰ ਆਕਾਂਖਿਆ ਅਤੇ ਉਸਾਰੂ ਸੋਚਣੀ ਵਲ ਹਰ ਨਾਨਕ ਨਾਮ ਲੇਵਾ ਦਾ ਧਿਆਨ ਦੁਆਣਾ ਹੈ। ਕਸੇਲ ਸਾਹਿਬ ਦੁਆਰਾ ਰਚੀ ਤਵਾਰੀਖ਼ ਸੰਤ ਖਾਲਸਾ ਦਾ ਦੀਰਘ ਅਧਿਐਨ ਕਰਨ ਉਪਰੰਤ ਮੈਂ ਇਸੇ ਪਾਸੇ ਪ੍ਰੋ. ਕਸੇਲ ਦਾ ਧਿਆਨ ਆਕਰਸ਼ਿਤ ਕੀਤਾ। ਉਨ੍ਹਾਂ ਦੇ ਦੱਸਿਆ ਕਿ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਇਸ ਪਾਸੇ ਕਾਫ਼ੀ ਯਤਨ ਕੀਤੇ ਸਨ ਤੇ ਇਨ੍ਹਾਂ ਬਾਰੇ ਉਹ ਇਸ ਇਤਿਹਾਸ ਦੇ ਦੂਜੇ ਭਾਗ ਵਿੱਚ ਵੇਰਵੇ ਨਾਲ ਗੱਲ ਕਰਨਗੇ। ਇਸ ਦੇ ਬਾਵਜੂਦ ਨਾਮਧਾਰੀ ਸੰਪਰਦਾਇ ਦੇ ਸੰਸਥਾਈਕਰਨ ਨੂੰ ਅੰਤਿਮ ਸੱਚ ਮੰਨ ਕੇ ਸ਼ਰਧਾਵਾਨ ਨਾਮਧਾਰੀ ਸਿਖ ਦੇ ਦ੍ਰਿਸ਼ਟੀਕੋਣ ਉਤੇ ਪਹਿਰਾ ਦੇਣਾ ਕਸੇਲ ਸਾਹਿਬ ਦੀ ਜੀਵਨ ਤੇ ਲਿਖਣ ਸ਼ੈਲੀ ਦਾ ਆਧਾਰ ਹੈ। ਮੈਨੂੰ ਲਗਦਾ ਹੈ ਕਿ ਇਹ ਸੱਚ ਅੰਤਿਮ ਸੱਚ ਨਹੀਂ - ਕੇਵਲ ਵਰਤਮਾਨ ਦਾ ਸੱਚ ਹੈ। ਨਾਮਧਾਰੀ ਮਹਾਂ ਪੁਰਖਾਂ ਦੇ ਜੀਵਨ ਬਿਰਤਾਂਤ ਤੇ ਇਤਿਹਾਸ ਦੀ ਦੀਰਘ ਛਾਣ ਬੀਣ ਸ਼ਾਇਦ ਇਸ ਗੁੰਝਲ ਦਾ ਨਿਤਾਰਾ ਕਰ ਕੇ ਇਸ ਸੰਪਰਦਾਇ ਨੂੰ ਸਿੱਖ ਮੂਲ ਧਾਰਾ ਦਾ ਮਾਣ ਯੋਗ ਹਿੱਸਾ ਬਣਾ ਦੇਣ ਵਿਚ ਸਹਾਈ ਹੋਵੇ।

ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਤਵਾਰੀਖ਼ ਸੰਤ ਖਾਲਸਾ ਵਿਚ ਨਾਮਧਾਰੀ ਸੰਪਰਦਾਇ ਨੂੰ ਨਾ ਪੰਜਾਬ ਦੇ ਇਤਿਹਾਸ ਦੀ ਮੁਖ ਧਾਰਾ ਤੋਂ ਤੋੜ ਕੇ ਵੇਖਿਆ ਹੈ ਤੇ ਨਾ ਸਿੱਖ ਇਤਿਹਾਸ

ਦੀ ਪ੍ਰਾਣ-ਧਾਰਾ ਤੋਂ ਹੀ ਵਿਛੁੰਨਿਆ ਹੈ। ਇਸ ਗ੍ਰੰਥ ਦੇ ਆਦਿ ਕਥਨ ਦਾ ਸਿਰਲੇਖ ਪੰਜਾਬ ਜਿਊਂਦਾ ਗੁਰਾਂ ਦੇ ਨਾਂ ਤੇ ਵੀ ਇਕ ਸੰਯੁਕਤ ਉਸਾਰੂ ਦ੍ਰਿਸ਼ਟੀ ਵਲ ਸੰਕੇਤ ਕਰਦਾ ਹੈ। ਪ੍ਰੋ. ਕਸੇਲ ਦਾ ਉਦੇਸ਼ ਹੈ ਸਿਖ ਇਤਿਹਾਸ ਤੇ ਪੰਜਾਬ ਦੇ ਇਤਿਹਾਸ ਵਿਚ ਗੌਰਵਮਈ ਨਾਮਧਾਰੀ ਇਤਿਹਾਸ ਦੇ ਕਾਂਡ ਨੂੰ ਢੁਕਵਾ ਥਾਂ ਦਿਵਾਣਾ ਅਤੇ ਇਸ ਵਿਚ ਉਹ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ। ਉਸ ਦੀ ਸਰਲ, ਸਪਸ਼ਟ ਸ਼ੈਲੀ ਇਤਿਹਾਸਕ ਸੋਮਿਆਂ ਦਾ ਵਿਸ਼ਾਲ ਅਧਿਐਨ ਤੇ ਆਪਣੇ ਕਾਰਜ ਪ੍ਰਤੀ ਨਿਸ਼ਠਾ ਸਚ ਮੁਚ ਹੀ ਪ੍ਰਸ਼ੰਸਾ ਯੋਗ ਹਨ।

ਪ੍ਰੋ. ਕਸੇਲ ਨੇ ਨਾਮਧਾਰੀ ਸੰਪਰਦਾਇ ਦੇ ਆਪਣੇ ਇਤਿਹਾਸ ਨੂੰ ਤਵਾਰੀਖ਼ ਸੰਤ ਖ਼ਾਲਸਾ ਦਾ ਨਾਮ ਦਿੱਤਾ ਹੈ। ਸੰਤ ਖ਼ਾਲਸਾ ਦੀ ਸਾਜਣਾ ੧੨ ਅਪ੍ਰੈਲ ੧੮੫੭ ਦੇ ਵਿਸਾਖੀ ਵਾਲੇ ਦਿਨ ਇਸ ਸੰਪਰਦਾਇ ਦੇ ਮਹਾਂਪੁਰਖ ਬਾਬਾ ਰਾਮ ਸਿੰਘ ਜੀ ਨੇ ਕੀਤੀ। ਕਸੇਲ ਸਪਸ਼ਟ ਕਹਿੰਦਾ ਹੈ ਕਿ ਨਾਮਧਾਰੀ ਇਤਿਹਾਸ ਕਿਉਂਕਿ ਗੁਰੂ ਨਾਨਕ ਦੀ ਚਲਾਈ ਮਰਿਆਦਾ ਦਾ ਹੀ ਵਿਸਥਾਰ ਹੈ, ਇਸ ਲਈ ਇਸ ਨੂੰ ਮੁਖ ਸਿਖ ਇਤਿਹਾਸ ਤੋਂ ਅੱਡਰਾ ਕਰ ਕੇ ਵਾਚਣਾ ਨਾ ਤਾਂ ਇਤਿਹਾਸਕ ਤੌਰ ਤੇ ਯੋਗ ਹੈ ਅਤੇ ਨਾ ਨਿਆਇ ਉਚਿਤ। ਇਸੇ ਲਈ ਉਸ ਨੇ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਦੇ ਇਤਿਹਾਸ ਨੂੰ ਬਾਬਾ ਬੰਦਾ ਬਹਾਦਰ, ਸਿਖ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਹਰ ਪੜਾਅ ਵਿਚ ਇਸ ਇਤਿਹਾਸ ਦੇ ਸਮਾਨਾਂਤਰ ਤੋਰਿਆ ਹੈ। ਇਹ ਹੀ ਨਹੀਂ ਉਸ ਨੇ ਗੁਰੂ ਨਾਨਕ ਆਗਮਨ ਦੀ ਪਿਠਭੂਮੀ ਵਿਚ ਪਈ ਵੇਦਾਂ, ਉਪਨਿਸ਼ਦਾਂ, ਜੈਨ ਤੇ ਬੁਧ ਧਰਮ, ਖਟ ਦਰਸ਼ਨ, ਸਿਧਾਂ ਜੋਗੀਆਂ ਤੇ ਭਗਤੀ ਧਾਰਾ ਦੀ ਲੰਬੀ ਪਰੰਪਰਾ ਦਾ ਸੰਖਿਪਤ ਬਿਰਤਾਂਤ ਵੀ ਇਸ ਇਤਿਹਾਸ ਦਾ ਅੰਗ ਬਣਾਇਆ ਹੈ। ਇਸ ਬਿਰਤਾਂਤ ਨੂੰ ਡਾ. ਹਰੀ ਰਾਮ ਗੁਪਤਾ, ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ, ਮੈਕਾਲਿਫ਼, ਮੁਹੰਮਦ ਲਤੀਫ਼, ਕ੍ਰਿਪਾਲ ਸਿੰਘ ਨਾਰੰਗ ਪ੍ਰੋ. ਹਰਬੰਸ ਸਿੰਘ ਤੇ ਏ.ਸੀ. ਅਰੋੜਾ ਆਦ ਕਿੰਨੇ ਹੀ ਨਵੇਂ ਪੁਰਾਣੇ ਇਤਿਹਾਸਕਾਰਾਂ ਦੇ ਹਵਾਲਿਆਂ ਨਾਲ ਪ੍ਰਮਾਣਿਕ ਬਣਾਉਣ ਦਾ ਉਪਰਾਲਾ ਉਸਨੇ ਕੀਤਾ ਹੈ। ਪੁਸਤਕ ਦੇ ਪੰਨਾ ੨੯੫ ਤਕ ਮੁੱਖ ਧਾਰਾ ਦਾ ਇਤਿਹਾਸ ਆਪਣੇ ਪੂਰੇ ਜਲੌ ਤੇ ਗੌਰਵ ਨਾਲ ਰੂਪਮਾਨ ਹੁੰਦਾ ਦਿਸਦਾ ਹੈ।

ਲੇਖਕ ਗੁਰੂ ਗੋਬਿੰਦ ਸਿੰਘ ਦੇ ਨੰਦੇੜ ਵਿਚ ਜੋਤੀ ਜੋਤ ਸਮਾਣ ਦੇ ਬਿੰਦੂ ਤੋਂ ਨਾਮਧਾਰੀ ਪਰੰਪਰਾ ਦੀ ਵਖਰੀ ਧਾਰਾ ਦੀ ਗੱਲ ਤੋਰਦਾ ਹੈ। ਉਹ ਇਹ ਮਤ ਪੇਸ਼ ਕਰਦਾ ਹੈ ਕਿ ਦਸਮ ਪਾਤਸ਼ਾਹ ਅਕਤੂਬਰ ੧੭੦੮ ਵਿਚ ਨੰਦੇੜ ਵਿਚੋਂ ਅਲੋਪ ਹੋ ਗਏ ਤੇ ੧੮੧੨ ਈ. ਤਕ ਗੁਪਤ ਹੀ ਵਿਚਰਦੇ ਰਹੇ। ਉਹ ਇਸ ਗੁਪਤ ਸਰੂਪ ਨੂੰ ਨਾਭਾ ਦੇ ਬਾਬਾ ਅਜਾਪਾਲ ਸਿੰਘ ਨਾਲ ਜੋੜਦਾ ਹੈ। ਜਿਨ੍ਹਾਂ ੧੮੧੨ ਵਿਚ ਸਰੀਰ ਤਿਆਗਿਆ। ਇਸ ਮਤ ਦੀ ਪੰਜ ਸਤ ਪੰਨੇ ਵਿਚ ਪੇਸ਼ਕਾਰੀ ਉਪਰੰਤ ਕਸੇਲ ਨੇ ਮੁੜ ਮੁਖ ਧਾਰਾ ਦੇ ਇਤਿਹਾਸ ਦੀ ਤੰਦ ਫੜੀ ਹੈ। ਉਸ ਨੇ ਮਹਾਰਾਜਾ ਰਣਜੀਤ ਸਿੰਘ ਦਾ ਬਿਰਤਾਂਤ ਪੇਸ਼ ਕਰਦੇ ਹੋਏ ਪੰਨਾ ੩੧੪ ਤੋਂ ੩੨੦ ਤੱਕ ਨਾਮਧਾਰੀ ਸੰਪਰਦਾਇ ਦੇ ਪ੍ਰਥਮ ਮਹਾਂਪੁਰਖ ਮਹਾਰਾਜ ਬਾਲਕ ਸਿੰਘ ਬਾਰੇ ਸੰਖੇਪ ਜਾਣਕਾਰੀ ਦਿਤੀ ਹੈ। ਉਨ੍ਹਾਂ ਦੇ ਗੁਰੂ ਗੋਬਿੰਦ ਸਿੰਘ ਮਹਾਰਾਜ ਤੋਂ ਵਰੋਸਾਏ ਹੋਣ ਦੀ ਨਾਮਧਾਰੀ ਪਰੰਪਰਾ ਨੂੰ ਉਸ ਨੇ ਸੰਤ ਇੰਦਰ ਸਿੰਘ ਚਕਰਵਰਤੀ ਦੀ ਲਿਖਤ ਦੇ ਆਧਾਰ ਉਤੇ ਪੇਸ਼ ਕੀਤਾ ਹੈ। ਇਸ ਦੇ ਨਾਲ ਹੀ ਮਹਾਂਪੁਰਖਾਂ ਦੇ ਜੀਵਨ, ਨਾਮ ਅਭਿਆਸ, ਸੱਚੇ ਸੁੱਚੇ ਜੀਵਨ ਤੇ ਕਰਾਮਾਤੀ ਵਿਅਕਤਿਤਵ ਦੀ ਸੰਖੇਪ ਚਰਚਾ ਵੀ ਉਕਤ ਪੰਨਿਆਂ ਵਿਚ ਕੀਤੀ ਹੈ। ਇਸ ਉਪਰੰਤ ਮਹਾਰਾਜਾ ਰਣਜੀਤ ਸਿੰਘ ਉਪਰੰਤ ਪਤਨ ਵਲ ਵਧਦੇ ਸਿੱਖ ਰਾਜ ਤੇ ਸਿੱਖ ਆਚਰਣ ਦਾ ਚਿਤਰ ਇਸ ਬਿਰਤਾਂਤ ਵਿਚ ਪੇਸ਼ ਕੀਤਾ ਗਿਆ ਹੈ।

ਪ੍ਰੋ. ਕਸੇਲ ਦੀ ਇਸ ਤਵਾਰੀਖ਼ ਦਾ ੩੭੩ ਪੰਨੇ ਤੋਂ ੯੦੦ ਪੰਨੇ ਤਕ ਦਾ ਵਿਵਰਣ ਨਾਮਧਾਰੀ ਸੰਪਰਦਾਇ ਦੇ ਵਧਦੇ ਪ੍ਰਭਾਵਾਂ, ਇਸ ਸੰਪਰਦਾਇ ਦੇ ਸੰਸਥਾਈਕਰਨ, ਸਿਖ ਸਮਾਜਕ ਜੀਵਨ ਵਿਚ ਆਏ ਵਿਗਾੜਾਂ ਦੇ ਸੁਧਾਰ ਲਈ ਯੋਜਨਾਬਧ ਯਤਨ ਤੇ ਦੇਸ਼ ਆਜ਼ਾਦੀ ਲਈ ਦ੍ਰਿੜ੍ਹ ਤੇ ਲੰਬੇ ਅਨਿਕ ਮੁਖੀ ਸੰਘਰਸ਼ ਦਾ ਮਾਰਮਿਕ ਬਿਰਤਾਂਤ ਹੈ। ਇਸ ਬਿਰਤਾਂਤ ਦੇ ਪ੍ਰਮੁੱਖ ਸਰੋਕਾਰ ਹਨ ਸਿਖ ਸਮਾਜ ਵਿਚ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਆਦਰਸ਼ਾਂ ਤੋਂ ਵਿਪਥਨ, ਉਸ ਵਿਪਥਨ ਨੂੰ ਦੂਰ ਕਰ ਕੇ ਸਿੱਖਾਂ ਨੂੰ ਉਚੀ ਸੁਚੀ ਸਵੱਛ ਜੀਵਨ ਜਾਂਚ ਨਾਲ ਜੋੜਣ ਦੀ ਚਿੰਤਾ, ਵਿਦੇਸ਼ੀ ਭਾਸ਼ਾ ਜੀਵਨ ਜਾਚ ਤੇ ਗੁਲਾਮੀ ਦਾ ਵਿਰੋਧ, ਮਾਤ ਭਾਸ਼ਾ ਤੇ ਸਵਦੇਸ਼ੀ ਅਧਾਰਾਂ ਵਾਲੀ ਸਵੈ ਨਿਰਭਰ ਜੀਵਨ ਸ਼ੈਲੀ ਦਾ ਪ੍ਰਚਾਰ ਪ੍ਰਸਾਰ, ਆਪਣੇ ਵਿਸ਼ਵਾਸ ਅਤੇ ਆਪਣੀ ਆਜ਼ਾਦੀ ਲਈ ਮਰ ਮਿਟਣ ਦੀ ਪ੍ਰੇਰਣਾ ਇਨ੍ਹਾਂ ਸਰੋਕਾਰਾਂ ਦੇ ਸੰਦਰਭ ਵਿਚ ਹੀ ਨਾਮਧਾਰੀ ਮਹਾਂ ਪੁਰਖਾਂ ਦੇ ਜੀਵਨ ਬਿਰਤਾਂਤਾਂ ਦੇ ਪ੍ਰਮੁੱਖ ਵੇਰਵੇ ਪ੍ਰੋ. ਕਸੇਲ ਨੇ ਇਸ ਗ੍ਰੰਥ ਵਿਚ ਪੇਸ਼ ਕੀਤੇ ਹਨ। ਇਤਿਹਾਸਕ ਸਰੋਕਾਰਾਂ ਨੂੰ ਪ੍ਰਮਾਣੀਕ ਬਣਾਉਣ ਲਈ ਉਸ ਨੇ ਹਰ ਸੰਭਵ ਇਤਿਹਾਸਕ ਦਸਤਾਵੇਜ਼ ਦਾ ਸਹਾਰਾ ਲਿਆ ਹੈ ਅਤੇ ਨਾਮਧਾਰੀ ਸੰਪਰਦਾਇ ਨਾਲ ਜੁੜੀ ਹਰ ਮਹੱਤਵਪੂਰਨ ਘਟਨਾ ਨੂੰ ਇਸ ਪ੍ਰਸੰਗ ਵਿਚ ਯਥਾ ਸਥਾਨ ਅੰਕਿਤ ਕੀਤਾ ਹੈ।

ਨਾਮਧਾਰੀ ਇਤਿਹਾਸ ਬਾਰੇ ਕਸੇਲ ਸਾਹਿਬ ਦੇ ਇਸ ਅਦੁਤੀ ਗ੍ਰੰਥ ਵਿਚ ਨਾਮਧਾਰੀ ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰ ਹਰੀ ਸਿੰਘ ਦੇ ਜੀਵਨ ਤੇ ਸੰਘਰਸ਼ ਨੂੰ ਬੜੀ ਮਿਹਨਤ ਨਾਲ ਪੇਸ਼ ਕੀਤਾ ਗਿਆ ਹੈ। ਬਚਪਨ ਅਤੇ ਜੁਆਨੀ ਤੋਂ ਜ਼ਿੰਦਗੀ ਦੇ ਨਾਜ਼ੁਕ ਤੇ ਫੈਸਲਾਕੁਨ ਪੜਾਵਾਂ ਵਲ ਵਧਦੀ ਮਹਾਪੁਰਖਾਂ ਦੀ ਸ਼ਖ਼ਸੀਅਤ ਇਸ ਗ੍ਰੰਥ ਵਿਚ ਸਾਕਾਰ ਹੁੰਦੀ ਹੈ। ਅੰਗ੍ਰੇਜ਼ ਸਰਕਾਰ ਦੇ ਗੁਪਤ ਦਸਤਾਵੇਜ਼, ਪੁਲੀਸ ਰਿਪੋਰਟਾਂ ਅਫ਼ਸਰਾਂ ਦੀਆਂ ਟਿਪਣੀਆਂ, ਚਿੱਠੀਆਂ ਤੇ ਨਾਮਧਾਰੀ ਸਾਹਿਤ ਵਿਚ ਪ੍ਰਾਪਤ ਮੌਖਿਕ ਅਤੇ ਲਿਖਿਤ ਬਿਰਤਾਂਤ ਨੂੰ ਸੰਗਠਿਤ ਕਰਨ ਦਾ ਕਾਰਜ ਕਸੇਲ ਸਾਹਿਬ ਨੇ ਬੜੀ ਸੂਝ ਨਾਲ ਕੀਤਾ

ਹੈ। ਆਜ਼ਾਦੀ ਦੇ ਸੰਘਰਸ਼ ਵਿਚ ਨਾਮਧਾਰੀਆਂ ਦੇ ਯੋਗਦਾਨ, ਉਨ੍ਹਾਂ ਦੁਆਰਾ ਸਹੇ ਤਸੀਹੇ, ਸ਼ਹੀਦੀਆਂ ਦ੍ਰਿੜਤਾ ਤੇ ਉਚ ਆਚਰਣ ਦਾ ਪ੍ਰਭਾਵ ਇਹ ਬਿਰਤਾਂਤ ਸਿਰਜਦਾ ਹੈ। ਬਦਲਦੇ ਰਾਜਸੀ ਸਮਾਜਕ ਘਟਨਾਕ੍ਰਮ ਵਿਚ ਸਰਕਾਰੀ ਜਬਰ ਜ਼ੁਲਮ ਸਮੇਂ ਅਪਣਾਏ ਗਏ ਦਾਅ ਪੇਚ ਵੀ ਕਸੇਲ ਸਾਹਿਬ ਦੀ ਨਜ਼ਰ ਤੋਂ ਨਹੀਂ ਬਚੇ। ਉਨ੍ਹਾਂ ਅਨੁਸਾਰ ਸਤਿਗੁਰ ਰਾਮ ਸਿੰਘ ਤੇ ਸਤਿਗੁਰ ਹਰੀ ਸਿੰਘ ਦਾ ਯੋਗਦਾਨ ਇਕ ਪ੍ਰਕਾਰ ਨਾਲ ਪੂਰਕ ਹੈ। ਇਕ ਦੀ ਕਾਰਜ ਭੂਮੀ ਪੰਜਾਬ ਹੈ ਤੇ ਦੂਜੇ ਦੀ ਪੰਜਾਬ ਤੋਂ ਬਾਹਰ ਦੋਹਾਂ ਨੇ ਆਜ਼ਾਦੀ ਦੀ ਜੋਤਿ ਨੂੰ ਜਗਦੇ ਰੱਖਣ ਵਿਚ ਯਾਦਗਾਰੀ ਯੋਗਦਾਨ ਦਿਤਾ। ਅਤਿ ਕਠਿਨ ਤੇ ਪ੍ਰਤਿਕੂਲ ਪਰਿਸਥਿਤੀਆਂ ਵਿਚ ਭੈਣੀ ਸਾਹਿਬ ਦੇ ਕੇਂਦਰ ਨੂੰ ਵਿਕਸਿਤ ਕਰਨ, ਨਾਮ ਬਾਣੀ ਦੇ ਪ੍ਰਵਾਹ ਨੂੰ ਜਾਰੀ ਰੱਖਣ, ਗਊ ਹੱਤਿਆ, ਨਾਗਰਿਕ ਅਧਿਕਾਰਾਂ ਤੇ ਆਜ਼ਾਦੀ ਲਈ ਸੰਘਰਸ਼ ਨੂੰ ਲਾਮਬੰਦ ਕਰਨ ਨਾਮਧਾਰੀ ਸੰਪਰਦਾਇ ਦੇ ਕਾਰਜ ਨੂੰ ਵਿਸ਼ਵਾਸ ਤੇ ਚੜ੍ਹਦੀ ਕਲਾ ਵਿਚ ਰੱਖਣ ਇਨ੍ਹਾਂ ਦੋਹਾਂ ਮਹਾਂਪੁਰਖਾਂ ਦੇ ਹਿਸੇ ਆਏ ਅਤੇ ਇਨ੍ਹਾਂ ਨੂੰ ਆਪ ਨੇ ਦ੍ਰਿੜ ਨਿਸਚੇ ਨਾਲ ਪੂਰਾ ਕੀਤਾ।

੧੯੦੬ ਤਕ ਦਾ ਨਾਮਧਾਰੀ ਸੰਪਰਦਾਇ ਦਾ ਇਹ ਇਤਿਹਾਸ ਨਾ ਕੇਵਲ ਨਾਮਦਾਰੀ ਸੰਪਰਦਾਇ ਦੇ ਸ਼ਰਧਾਲੂਆਂ ਲਈ ਇਕ ਨਾਯਾਬ ਤੋਹਫ਼ਾ ਹੈ, ਸਗੋਂ ਪੰਜਾਬ ਤੇ ਸਿੱਖ ਇਤਿਹਾਸ ਦੇ ਪਾਠਕਾਂ ਲਈ ਵੀ ਇਤਿਹਾਸਕ ਮਹੱਤਵ ਵਾਲਾ ਗ੍ਰੰਥ ਹੈ। ਨੌ ਸੋ ਪੰਨੇ ਦੇ ਇਸ ਇਤਿਹਾਸ ਦੇ ਦੂਜੇ ਭਾਗ ਦੀ ਪਾਠਕਾਂ ਨੂੰ ਉਡੀਕ ਰਹੇਗੀ।

—ਸਾਬਕਾ ਪ੍ਰੋਫੈਸਰ ਤੇ ਡੀਨ ਅਕਾਦਮਿਕ ਮਾਮਲੇ ਪੰਜਾਬੀ ਯੂਨੀਵਰਸਿਟੀ ਪਟਿਆਲਾ
(ਹਾਊਸ ਨੰ.੨ ਸਟਰੀਟ ਨੰ. ੬ ਗੁਰੂ ਨਾਨਕ ਨਗਰ, ਪਟਿਆਲਾ)

ਕੇਂਦਰੀ ਪੰਜਾਬੀ ਲੇਖਕ ਦਾ ਸਲਾਹਕਾਰ ਬੋਰਡ

ਕੇਂਦਰੀ ਪੰਜਾਬ ਲੇਖਕ ਸਭਾ (ਰਜਿ.) ਦੀ ਕਾਰਜਕਾਰਨੀ ਦੀ ਪਹਿਲੀ ਬੈਠਕ ਮਿਤੀ ੨੩-੪-੨੦੦੬ ਨੂੰ ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ ਵਿਖੇ ਸਭਾ ਦੇ ਮੀਤ ਪ੍ਰਧਾਨ ਸ੍ਰੀ ਸੁਲੱਖਣ ਸਰਹੱਦੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਰਵ ਸ੍ਰੀ, ਕਰਨੈਲ ਸਿੰਘ ਨਿੱਝਰ, ਤਲਵਿੰਦਰ ਸਿੰਘ, ਸ਼ਬਦੀਸ਼, ਕਰਮ ਸਿੰਘ ਵਕੀਲ, ਸ੍ਰੀਮਤੀ ਗੁਰਚਰਨ ਕੌਰ ਕੋਚਰ, ਸੁਸ਼ੀਲ ਦੁਸਾਂਝ, ਦੇਸਰਾਜ ਕਾਲੀ, ਤਰਲੋਚਨ ਲੋਚੀ, ਡਾ, ਲਾਭ ਸਿੰਘ ਖੀਵਾ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਮੇਹਰ ਮਾਣਕ, ਸੂਫੀ ਅਮਰਜੀਤ, ਹਰਮੰਦਰ ਸਿੰਘ ਕੋਹਾਰਵਾਲਾ, ਹਰਵਿੰਦਰ ਭੰਡਾਲ, ਰਾਜਿੰਦਰ ਕੌਰ ਚੋਹਕਾ, ਪ੍ਰੋ. ਰਮਨ, ਹਰਵਿੰਦਰ ਗੁਲਾਬਾਸੀ, ਸੁਰਿੰਦਰ ਪ੍ਰੀਤ ਘਣੀਆਂ ਅਤੇ ਮਹਿੰਦਰਦੀਪ ਗਰੇਵਾਲ ਸ਼ਾਮਲ ਹੋਏ।

ਸ਼ੁਰੂਆਤ ਵਿੱਚ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਪੰਜਾਬੀ ਦੇ ਸਿਰਮੌਰ ਨਾਟਕਕਾਰ ਅਤੇ ਸਭਾ ਦੇ ਸਾਬਕਾ ਪ੍ਰਧਾਨ ਡਾ. ਹਰਚਰਨ ਸਿੰਘ ਅਤੇ ਹਿੰਦੀ ਦੇ ਨਾਮਵਰ ਨਾਵਲਕਾਰ ਸ਼ਿਆਮ ਮਨੋਹਰ ਜੋਸ਼ੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਸਭ ਤੋਂ ਪਹਿਲਾਂ ਗੰਭੀਰ ਵਿਚਾਰ ਵਟਾਂਦਰੇ ਉਪਰੰਤ ਕੇਂਦਰੀ ਸਭਾ ਦੇ ਸਲਾਹਕਾਰ ਬੋਰਡ ਦਾ ਗਠਨ ਕੀਤਾ ਗਿਆ ਜਿਸ ਵਿੱਚ ਪ੍ਰੋ. ਪ੍ਰੀਤਮ ਸਿੰਘ, ਪ੍ਰੋ. ਗੁਰਦਿਆਲ ਸਿੰਘ, ਡਾ. ਸੁਰਜੀਤ ਪਾਤਰ, ਡਾ, ਜਗਤਾਰ, ਹਰਭਜਨ ਸਿੰਘ ਹੁੰਦਲ, ਡਾ. ਐਸ. ਪੀ. ਸਿੰਘ, ਪਰਮਿੰਦਰਜੀਤ, ਰਾਮ ਸਰੂਪ ਅਣਖੀ, ਪ੍ਰੋ. ਕਿਰਪਾਲ ਸਿੰਘ ਕਸੇਲ, ਸੰਤੋਖ ਸਿੰਘ ਧੀਰ, ਡਾ, ਸੁਤਿੰਦਰ ਸਿੰਘ ਨੂਰ ਡਾ. ਕਰਨਜੀਤ ਸਿੰਘ, ਡਾ. ਰਵੇਲ ਸਿੰਘ (ਤਿੰਨੇ ਦਿੱਲੀ) ਡਾ. ਵਰਿਆਮ ਸਿੰਘ ਸੰਧੂ, ਜਗਦੀਸ਼ ਸਿੰਘ ਵਰਿਆਮ, ਗੁਬਖ਼ਸ਼ ਸਿੰਘ ਬਨੂੰਆਣਾ, ਡਾ. ਉ. ਪੀ. ਵਸ਼ਿਸ਼ਟ, ਡਾ. ਲਖਵਿੰਦਰ ਜੌਹਲ, ਡਾ. ਕਰਮਜੀਤ ਸਿੰਘ (ਕੁਰੂਕਸ਼ੇਤਰ) ਡਾ. ਐਸ. ਐਸ. ਜੌਹਲ, ਖ਼ਾਲਿਦ ਹੁਸੈਨ, ਕੰਵਲ ਕਸ਼ਮੀਰੀ (ਦੋਵੇਂ ਜੰਮੂ-ਕਸ਼ਮੀਰ), ਸੁਖਬੀਰ (ਮੁੰਬਈ), ਹਰਦੇਵ ਸਿੰਘ ਗਰੇਵਾਲ (ਕਲਕੱਤਾ), ਨਿਰਪਿੰਦਰ ਰਤਨ, ਡਾ. ਅਮਰੀਕ ਸਿੰਘ ਪੂੰਨੀ, ਡਾ. ਰਮਾ ਰਤਨ, ਡਾ. ਜਸਵਿੰਦਰ ਸਿੰਘ, ਗੁਰਨਾਮ ਕੰਵਰ, ਮੁਖਤਾਰ ਗਿੱਲ, ਗੁਰਭਜਨ ਗਿੱਲ, ਨਵਾਂ ਜ਼ਮਾਨਾ, ਜੱਗ ਬਾਣੀ, ਅਜੀਤ, ਪੰਜਾਬੀ ਟ੍ਰਿਬਿਊਨ ਅਤੇ ਦੇਸ਼ ਸੇਵਕ ਅਖ਼ਬਾਰਾਂ ਦੇ ਮੁੱਖ ਸੰਪਾਦਕ ਜਾਂ ਉਹਨਾਂ ਦੇ ਪ੍ਰਤੀਨਿੱਧ, ਬੇਅੰਤ ਸਿੰਘ ਸਰਹੱਦੀ, ਡਾ. ਸੇਵਾ ਸਿੰਘ, ਕੁਲਦੀਪ ਸਿੰਘ ਬੇਦੀ, ਸਤਨਾਮ ਮਾਣਕ, ਸੁਰਜੀਤ ਜੱਜ, ਪ੍ਰੋ. ਲੋਕਨਾਥ ਅਤੇ ਰਾਜਿੰਦਰ ਛਾਬੜਾ ਸ਼ਾਮਲ ਕੀਤੇ ਗਏ। ਪ੍ਰਵਾਸੀ ਪੰਜਾਬੀ ਲੋਕਾਂ ਨੂੰ ਕੇਂਦਰੀ ਸਭਾ ਦੀਆਂ ਸਰਗਰਮੀਆਂ ਨਾਲ ਜੋੜਨ ਲਈ ਉਹਨਾਂ ਦੀਆਂ ਨਾਮਜ਼ਦਗੀਆਂ ਅਗਲੀ ਮੀਟਿੰਗ ਵਿੱਚ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ।

ਸਰਵਸੰਮਤੀ ਨਾਲ ਇਹ ਫੈਸਲਾ ਵੀ ਕੀਤਾ ਗਿਆ ਵਿਸ਼ੇਸ਼ ਨਿਮੰਤ੍ਰਿਤ ਮੈਂਬਰ ਨਾਮਜ਼ਦ ਕਰਨ ਦੀ ਥਾਂ ਸਮੂਹ ਸਾਹਿਤ ਸਭਾਵਾਂ ਨੂੰ ਬੇਨਤੀ ਕੀਤੇ ਜਾਵੇ ਕਿ ਹਰ ਸਭਾ ਇੱਕ-ਇੱਕ ਪ੍ਰਤੀਨਿਧ ਨਿਮੰਤ੍ਰਿਤ ਮੈਂਬਰ ਦੇ ਤੌਰ ਤੇ ਕੇਂਦਰੀ ਸਭਾ ਨੂੰ ਭੇਜਣ ਤਾਂ ਕਿ ਸਭਾਵਾਂ ਅਤੇ ਸਕੱਤਰੇਤ ਵਿਚਾਲੇ ਤਾਲਮੇਲ ਮਜ਼ਬੂਤ ਕੀਤਾ ਜਾ ਸਕੇ।

ਲੂਣ ਪੁਰਾਣ

—*ਕਰਤਾਰ ਸਿੰਘ ਨੀਲਧਾਰੀ ਚੰਡੀਗੜ੍ਹ*

ਸਾਰਾ ਬ੍ਰਹਮਾਂਡ ਇਕ ਨਿਸ਼ਚਿਤ ਵਿਧਾ ਵਿਚ ਗਤੀਸ਼ੀਲ ਹੈ। ਆਪਣੇ ਸੂਰਜ ਮੰਡਲ ਵਲ ਝਾਤ ਪਾਈਏ ਤੇ ਸੂਰਜ ਸਥਿਰ ਹੈ ਪਰ ਅਸਲ ਵਿਚ ਬਾਕੀ ਬ੍ਰਹਮਾਂਡ ਦੀ ਸਾਖੇਪਤਾ ਵਿਚ ਇਹ ਗਤੀਸ਼ੀਲ ਹੈ ਅਤੇ ਵਿਗਿਆਨੀਆਂ ਅਨੁਸਾਰ ਸਾਰਾ ਬ੍ਰਹਮਾਂਡ ਇਕ ਨਿਸਚਿਤ ਦਿਸ਼ਾ ਵਲ ਵੱਧ ਰਿਹਾ ਹੈ। ਸੂਰਜ ਮੰਡਲ ਵਿਚ ਸਾਡੀ ਧਰਤੀ ਤੇ ਹੀ ਪ੍ਰਾਣੀਆਂ ਦਾ ਵਾਸਾ ਹੈ ਤੇ ਇਹ ਧਰਤੀ ਇਕ ਤਾਂ ਅਪਣੇ ਧੁਰੇ ਤੇ ਘੁੰਮ ਰਹੀ ਹੈ ਜਿਸ ਨਾਲ ਦਿਨ ਰਾਤ ਦੀ ਬਣਤਰ ਹੁੰਦੀ ਹੈ, ਦੂਜੇ ਇਹ ਸੂਰਜ ਦੇ ਗਿਰਦ ਆਂਡੇ ਵਰਗੇ ਘੇਰੇ ਵਿਚ ਗੇੜੇ ਕਟ ਰਹੀ ਹੈ ਜਿਸ ਨਾਲ ਮੌਸਮ ਬਦਲਦੇ ਹਨ। ਰਾਤ ਦੇ ਸਮੇਂ ਸਾਨੂੰ ਚੰਦ੍ਰਮਾ ਦੀ ਸ਼ੀਲਤਾ ਮਿਲਦੀ ਹੈ ਅਤੇ ਸੂਰਜ ਪ੍ਰਕਾਸ਼ ਵਿਚ ਪਰਿਸ਼੍ਰਮ ਕਰਕੇ ਖਰਚ ਕੀਤੀ ਊਰਜਾ ਚੰਦ੍ਰ ਪ੍ਰਕਾਸ਼ ਵਿਚ ਸੌਂਕੇ ਦੁਬਾਰਾ ਪ੍ਰਾਪਤ ਹੁੰਦੀ ਹੈ। ਚੰਦ੍ਰਮਾ ਪ੍ਰਿਥਵੀ ਦੇ ਦੁਆਲੇ ਗੇੜੇ ਕੱਟ ਰਿਹਾ ਹੈ ਅਤੇ ਆਪਣੀ ਸਥਿਤੀ ਅਨੁਸਾਰ ਇਸ ਦੇ ਵੱਡੇ ਛੋਟੇ ਦਰਸ਼ਨ ਹੁੰਦੇ ਹਨ।

ਅਮਾਵਸ ਨੂੰ ਪੂਰਾ ਹਨ੍ਹੇਰਾ ਚੰਨ ਹੁੰਦਾ ਹੈ ਫੇਰ ਪ੍ਰਕਾਸ਼ ਅੰਗ ਵਧਦਾ ਜਾਂਦਾ ਹੈ ਇਸ ਨੂੰ ਚਾਨਣਾ ਜਾਂ ਸ਼ੁਕਲ (ਸਫੈਦ) ਪੱਖ ਕਹਿੰਦੇ ਹਨ। ਚੋਦਾਂ ਦਿਨਾਂ ਵਿਚ ਚੰਦ੍ਰਮਾ ਦੇ ਪੂਰਨ ਦਰਸ਼ਨ ਹੋ ਜਾਂਦੇ ਹਨ ਜਿਸ ਨੂੰ ਪੂਰਨਿਮਾ ਜਾਂ ਪੂਰਨਮਾਸ਼ੀ ਕਹਿੰਦੇ ਹਨ। ਇਸ ਤੋਂ ਬਾਅਦ ਚੰਦ੍ਰਮਾ ਘਟਨਾ ਸ਼ੁਰੂ ਹੋ ਜਾਂਦਾ ਹੈ ਤੇ ਅਖੀਰ ੧੪ ਦਿਨ ਬਾਅਦ ਅਮਾਵਸ ਆ ਜਾਂਦੀ ਹੈ। ਇਸ ਪੱਖ ਨੂੰ ਹਨ੍ਹੇਰਾ ਜਾਂ ਕ੍ਰਿਸ਼ਨ ਪੱਖ ਕਹਿੰਦੇ ਹਨ। ਵਿਗਿਆਨਕ ਗਤੀ ਸ਼ੀਲਤਾ ਤੇ ਵੇਰਵੇ ਨਾ ਦਿੰਦੇ ਹੋਏ ਇਥੇ ਇਹ ਦਸਣਾ ਜ਼ਰੂਰੀ ਹੈ ਕਿ ਅਮਾਵਸ ਵਾਲੇ ਦਿਨ ਸਮੁੰਦਰ ਪੂਰਨ ਸ਼ਾਂਤ ਹੋ ਜਾਂਦੇ ਹਨ ਅਤੇ ਲਹਿਰਾਂ ਸੀਮਤ ਹੋ ਜਾਂਦੀਆਂ ਹਨ ਇਸ ਨੂੰ ਭਾਟਾ ਕਹਿੰਦੇ ਹਨ। ਚੰਦ੍ਰਮਾ ਦੇ ਵਧਣ ਨਾਲ ਲਹਿਰਾਂ ਵੱਡੀਆਂ ਹੁੰਦੀਆਂ ਜਾਂਦੀਆਂ ਹਨ ਅਤੇ ਪੂਰਨਮਾਸ਼ੀ ਵਾਲੇ ਦਿਨ ਪੂਰੇ ਵਿਸਤਾਰ ਵਿਚ ਹੁੰਦੀਆਂ ਹਨ ਵਿਸ ਨੂੰ ਜਵਾਰ ਕਹਿੰਦੇ ਹਨ। ਸਾਰੇ ਸਮੁੰਦਰੀ ਤੂਫਾਨ ਪੂਰਨਮਾਸ਼ੀ ਨੂੰ ਹੀ ਪ੍ਰਬਲ ਹੁੰਦੇ ਹਨ।

ਇਹ ਵੀ ਹਕੀਕਤ ਹੈ ਕਿ ਸਮੁੰਦਰ ਦਾ ਪਾਣੀ ਬਹੁਤ ਖਾਰਾ ਹੁੰਦਾ ਹੈ। ਲੈਟਿਨ ਭਾਸ਼ਾ ਵਿਚ ਚੰਦ੍ਰਮਾ ਨੂੰ ਲੂਨਾ ਕਹਿੰਦੇ ਹਨ ਅਤੇ ਜਿਸ ਮਨੁੱਖ ਦਾ ਚੰਦ੍ਰਮਾ ਗ੍ਰਹਿ ਦੇ ਤੀਬਰ ਪ੍ਰਭਾਵ ਹੇਠ ਜਨਮ ਹੁੰਦਾ ਹੈ ਉਸਦੇ ਪਾਗਲ ਜਾਂ ਸਨਕੀ ਹੋਣ ਦੇ ਆਸਾਰ ਵਧੇਰੇ ਹੁੰਦੇ ਹਨ ਅਜਿਹੇ ਬੰਦੇ ਨੂੰ ਲੂਨੈਟਿਕ ਕਹਿੰਦੇ ਹਨ। ਅਸੀਂ ਨਮਕ ਨੂੰ ਲੂਨ ਕਹਿੰਦੇ ਹਾਂ ਇਸ ਤਰ੍ਹਾਂ ਲੂਨਾ, ਲੂਨ (ਸਮੁੰਦਰੀ ਦਾ) ਤੇ ਲੂਨੈਟਿਕ ਮਨੁੱਖ ਦੀ ਸੁਭਾਇਕ ਰਿਸ਼ਤੇਦਾਰੀ ਦਾ ਵਿਵੇਚਨ ਸੰਭਵ ਹੈ।

ਸੂਰਜ ਮੰਡਲ ਦਾ ਹਰੇਕ ਗ੍ਰਹਿ ਇਕ ਮਿਕਨਾਤੀਸੀ ਬਣਤਰ ਵਿਚ ਆਪਣੇ ਆਪਣੇ ਧੁਰੇ ਤੇ ਸਥਿਰ ਜਾਂ ਗਤੀਸ਼ੀਲ ਹੋ ਕੇ ਵੀ ਸੂਰਜ ਦੇ ਗਿਰਦ ਗੇੜੇ ਕਢ ਰਿਹਾ ਹੈ। ਜਿਊਤਿਸ਼ ਗਣਨਾ ਅਨੁਸਾਰ ਅਸੀਂ ਮਨੁੱਖੀ ਜਨਮ ਜੀਵਨ ਨਾਲ ਜੁੜੀ ਗ੍ਰਹਿ ਦਿਸ਼ਾਵਾਂ ਦੇ ਪ੍ਰਭਾਵਾਂ ਦਾ ਨਿਖੇਧ ਕਰ ਵੀ ਦੇਈਏ ਤਾਂ ਵੀ ਚੰਦਰ ਤੇ ਸੂਰਜ ਦੇ ਸਿੱਧੇ ਪ੍ਰਭਾਵਾਂ ਤੋਂ ਅਸੀਂ ਮੁਨਕਰ ਨਹੀਂ ਹੋ ਸਕਦੇ। ਚੰਦਰਮਾ ਕਿਸ ਤਰ੍ਹਾਂ ਸਾਡੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦਾ ਹੈ ਇਸਦਾ ਗੰਭੀਰ ਅਧਿਐਨ ਰਿਸ਼ੀ ਕਹੇ ਜਾਣ ਵਾਲੇ ਵਿਗਿਆਨਕਾਂ ਨੇ ਹਜ਼ਾਰਾਂ ਸਾਲ ਪਹਿਲਾਂ ਕੀਤਾ ਸੀ।

ਚੰਦਰਮਾ ਦੇ ਅਮਾਵਸ ਤੋਂ ਪੂਰਨਿਮਾ ਤੱਕ ਦੇ ਸਫ਼ਰ ਲਈ ਸੋਲਾਂ ਸ਼ਕਲਾਂ ਬਦਲ ਦੀਆਂ ਹਨ ਤੇ ਪੂਰਨਮਾਸ਼ੀ ਤੋਂ ਅਮਾਵਸ ਤੱਕ ਦੇ ਸਫਰ ਲਈ ਸੋਲਾਂ ਪਰੀਵਰਤਨ ਹੁੰਦੇ ਹਨ। ਇਹੋ ਸੋਲਾਂ ਕਲਾਵਾਂ ਹਨ ਜਿਨ੍ਹਾਂ ਦੀ ਪਰਿਪੂਰਨਤਾ ਨਾਲ ਸੋਲਹ ਕਲਾਂ ਸੰਪੂਰਨ ਅਵਤਾਰ ਦੀ ਕਲਪਨਾ ਕੀਤੀ ਗਈ ਹੈ। ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਸੋਲਾਂ ਕਲਾਵਾਂ ਨੂੰ ਸੋਲਾਂ ਵੱਖ-ਵੱਖ ਗੁਣਾਂ ਦੇ ਰੂਪ ਵਿਚ ਦਰਜ ਕੀਤਾ ਗਿਆ ਹੈ। ਸਾਧਾਰਨ ਮਨੁੱਖ ਉਤੇ ਚੰਦਰਮਾ ਦੀਆਂ ਸੋਲਾਂ ਕਲਾਵਾਂ ਦੇ ਪ੍ਰਭਾਵ ਦਾ ਆਕਲਨ ਕਰਨ ਤੋਂ ਪਹਿਲਾਂ ਕੁਝ ਵਿਗਿਆਨਕ ਤੱਥਾਂ ਦੀ ਵਿਚਾਰ ਜ਼ਰੂਰੀ ਹੈ।

ਮਨੁੱਖੀ ਆਹਾਰ ਵਿਚ ਨਮਕ ਦੀ ਮਾਤਰਾ ਸਭ ਭੋਜਨ ਪਦਾਰਥਾਂ ਨਾਲੋਂ ਘੱਟ ਹੁੰਦੀ ਹੈ। ਮਨੁੱਖ ਨੂੰ ਜੋ ਪਸੀਨਾ ਆਉਂਦਾ ਹੈ ਉਹ ਖਾਰਾ ਹੁੰਦਾ ਹੈ। ਪਸੀਨਾ ਸਪਸ਼ਟ ਨਾ ਵੀ ਆਵੇ ਤਾਂ ਵੀ ਚਮੜੀ ਨੂੰ ਚੱਟਿਆਂ ਖਾਰਾਪਨ ਮਹਿਸੂਸ ਹੁੰਦਾ ਹੈ। ਅੱਖਾਂ ਵਿਚੋਂ ਨਿਕਲਨ ਵਾਲੇ ਅਥਰੂ ਖਾਰੇ ਹੁੰਦੇ ਹਨ। ਮੂੰਹ ਵਿੱਚ ਨਿਕਲਨ ਵਾਲਾ ਥੁੱਕ ਅਤੇ ਖੰਘਾਰ ਤੇ ਨੱਕ ਵਿਚੋਂ ਨਿਕਲਨ

ਵਾਲਾ ਕਫ ਵੀ ਖਾਰਾ ਹੁੰਦਾ ਹੈ। ਇਥੋਂ ਤਕ ਕੇ ਇਸਤ੍ਰੀ ਪੁਰਖ ਦੇ ਸੰਭੋਗ ਸਮੇਂ ਹੋਣ ਵਾਲੇ ਸ੍ਰਾਵ ਵੀਰਜ ਤੇ ਰਜ ਵੀ ਖਾਰੇ ਹੁੰਦੇ ਹਨ। ਮਨੁੱਖੀ ਖ਼ੂਨ ਵੀ ਖਾਰਾ ਹੁੰਦਾ ਹੈ।

ਇਹ ਵੀ ਵਿਗਿਆਨਕ ਤੱਥ ਹੈ ਕਿ ਸ਼ਰੀਰ ਦੀ ਸਭ ਵੱਡੀ ਛੋਟੀ ਬੀਮਾਰੀਆਂ ਵਿਚ ਲੂਨ ਦੀ ਵਰਤੋਂ ਘਟਾਈ ਜਾਂਦੀ ਹੈ ਜਾਂ ਹਟਾਈ ਜਾਂਦੀ ਹੈ। ਮਹਾਤਮਾ ਗਾਂਧੀ ਅਨੁਸਾਰ ਸਾਡੇ ਭੋਜਨ ਵਿਚ ਨਮਕ ਦਾ ਪ੍ਰਵੇਸ਼ ਇਕ ਅਵਾਂਛਿਤ ਰਸ ਹੈ, ਜਿਸ ਦਾ ਗੁਣ ਕੋਈ ਨਹੀਂ ਪਰ ਔਗੁਣ ਅਗਿਣਤ ਹਨ। ਹਾਈ ਬਲਡਪ੍ਰੈਸ਼ਰ ਵਿਚ, ਹਿਰਦੇ ਰੋਗਾਂ ਵਿਚ ਤੇ ਕਿਡਨੀ ਰੋਗਾਂ ਵਿਚ ਨਮਕ ਦੀ ਵਰਤੋਂ ਧੀਮਾ ਜ਼ਹਿਰ ਹੀ ਹੈ। ਹਾਈ ਬਲਡ ਪ੍ਰੈਸ਼ਰ ਵਿਚ ਨਮਕ ਬੰਦ ਕਰਾਇਆ ਜਾਂਦਾ ਹੈ। ਇਹ ਵੀ ਹਕੀਕਤ ਹੈ ਕਿ ਸਾਡਾ ਸਰੀਰ ਸਮੁੰਦਰ ਦਾ ਹੀ ਛੋਟਾ ਮਾਡਲ ਹੈ ਕਿਉਂਕਿ ਇਸ ਦਾ ਹਰੇਕ ਨਿਕਾਸੀ ਪਦਾਰਥ ਨਮਕੀਨ ਹੈ, ਇਸ ਲਈ ਇਸ ਉਤੇ ਚੰਦ੍ਰਮਾ ਦੇ ਪ੍ਰਕਾਸ਼ ਨਾਲ ਮਾਨਸਿਕ ਜਵਾਰ ਭਾਟੇ ਆਉਣੇ ਸੁਭਾਵਿਕ ਹਨ। ਪੁਰਾਤਨ ਪਰੰਪਰਾ ਵਿਚ ਪੂਰਨਮਾਸ਼ੀ ਨੂੰ ਇਸੇ ਲਈ ਵਰਤ ਰੱਖਾਇਆ ਜਾਂਦਾ ਸੀ ਕੇ ਮਾਨਸਿਕ ਜਵਾਰ ਸ਼ਾਂਤ ਰਹਿਣ ਜਦਕਿ ਅਮਾਵਸ ਨੂੰ ਭੋਜਨ ਮੇਲੇ ਵਾਂਗ ਮਨਾਇਆ ਜਾਂਦਾ ਸੀ। ਇਹ ਮਾਨਿਆਤਾਵਾਂ ਵਿਗਿਆਨਕ ਪਿਛੋਕੜ ਨੂੰ ਭੁਲਾ ਕੇ ਭੇਡਚਾਲ ਬਣ ਗਈਆਂ ਤੇ ਹਕੀਕਤੀ ਪ੍ਰਭਾਵ ਔਹਲੇ ਹੋ ਗਏ। ਸਾਤਵਿਕ ਭੋਜਨ ਵਿਚ ਮਿਰਚ-ਮਸਾਲਿਆਂ ਤੇ ਖੱਟੇ ਦੀ ਕੋਈ ਥਾਂ ਨਹੀਂ ਅਤੇ ਨਮਕ ਦੀ ਘੱਟ ਤੋਂ ਘੱਟ ਵਰਤੋਂ ਕੀਤੀ ਜਾਂਦੀ ਹੈ। ਕਈ ਸਾਧਕ ਤੇ ਯੋਗੀ ਨਮਕ ਦੀ ਵਰਤੋਂ ਬੰਦ ਕਰ ਕੇ ਸਰੀਰ ਨੂੰ ਇਸ ਧੀਮੇ ਜ਼ਹਿਰ ਤੋਂ ਬਚਾ ਕੇ ਦੀਰਘ ਰੋਗ ਨਿਰੋਧਕ ਸ਼ਕਤੀ ਸੰਚੇ ਕਰ ਲੈਂਦੇ ਹਨ। ਨਮਕ ਦੇ ਪ੍ਰਤੱਖ ਪ੍ਰਭਾਵ ਤੋਂ ਅਲਾਵਾ ਅਪ੍ਰੱਤਖ ਰੂਪ ਵਿਚ ਮਾਨਸਿਕਤਾ ਉਤੇ ਜ਼ਿਆਦਾ ਘਾਤਕ ਪ੍ਰਭਾਵ ਪੈਂਦਾ ਹੈ। ਆਹਾਰ ਵਿਚੋਂ ਨਿਮਕ ਘਟਾ ਕੇ ਜਾਂ ਹਟਾ ਕੇ ਅਸਵਾਦ ਦਾ ਸੰਜਮ ਪੈਦਾ ਹੁੰਦਾ ਹੈ ਜੋ ਮਾਨਸਿਕ ਏਕਾਗ੍ਰਤਾ ਸਮ੍ਰਿਤੀ ਅਤੇ ਸ਼ਾਤੀ ਦਾ ਪਹਿਲਾ ਕਦਮ ਹੈ। ਮੁਕਦੀ ਗੱਲ ਇਹ ਹੈ ਕਿ ਲੂਨ ਦੀ ਵਰਤੋਂ ਘਟਾ ਕੇ ਅਨੇਕਾਂ ਸ਼ਰੀਰਕ ਰੋਗਾਂ ਤੇ ਮਾਨਸਿਕ ਵਿਕਾਰਾਂ ਤੋਂ ਸੁਰਖਿਅਤ ਰਿਹਾ ਜਾ ਸਕਦਾ ਹੈ। ਇਸ ਲਈ ਲੂਨ ਦੀ ਵਰਤੋਂ ਦੇ ਜ਼ਹਿਰੀਲੇ ਪ੍ਰਭਾਵਾਂ ਤੋਂ ਬਚਣ ਲਈ ਇਸ ਦੀ ਵਰਤੋਂ ਘੱਟ ਕਰਨ ਵਾਲੇ ਸੁੱਖੀ ਤੇ ਸ਼ਾਂਤ ਰਹਿ ਸਕਦੇ ਹਨ।

ਮਾਤਾ ਨਛੱਤਰ ਕੌਰ ਨਮਿਤ ਭੋਗ

ਮਾਤਾ ਨਛੱਤਰ ਕੌਰ ਸੁਪਤਨੀ ਸੰਤ ਰਵਿੰਦਰ ਸਿੰਘ ਚੱਚਰਾੜੀ ਜੋ ਪਿਛਲੇ ਸਾਲ ਸਵਾ ਸਾਲ ਤੋਂ ਬਿਮਾਰ ਚਲੇ ਆ ਰਹੇ ਸਨ ੧੯.੫.੨੦੦੬ ਨੂੰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ। ਆਪ ਦੇ ਨਮਿਤ ਪਾਠ ਦਾ ਭੋਗ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣੇ ਵਿਖੇ ਪਾਇਆ ਗਿਆ। ਮਾਤਾ ਜੀ ਦਾ ਜਨਮ ਸੰਨ ੧੯੪੪ ਵਿਚ ਸਹਿਰਾਲੀ ਕਾਜੀਆਂ (ਜਲੰਧਰ) ਵਿਖੇ ਪਿਤਾ ਸ. ਦਲੀਪ ਸਿੰਘ ਮਾਤਾ ਸਵਰਨ ਕੌਰ ਦੇ ਪਰਿਵਾਰ ਵਿਚ ਹੋਇਆ। ਪੜਾਈ, ਅਤੇ ਪਾਲਣ ਪੋਸਨ ਪਲਵਲ ਹਰਿਆਣਾ ਵਿਚ ਹੋਇਆ। ੧੯੬੬ ਵਿਚ ਸੰਤ ਰਵਿੰਦਰ ਸਿੰਘ ਸਪੁੱਤਰ ਸੰਤ ਸੇਵਾ ਸਿੰਘ ਚਚਰਾੜੀ ਨਾਲ ਵਿਆਹ ਤੋਂ ਬਾਅਦ ਬੀਬੀ ਜੀ ਨਾਮਧਾਰੀ ਸੱਜ ਗਏ ਅਤੇ ੧੯੭੯ ਵਿਚ ਲੁਧਿਆਣੇ ਆ ਵੱਸੇ। ਪਰਿਵਾਰ ਵਿਚ ਇਕ ਲੜਕਾ ਪ੍ਰਦੀਪ ਸਿੰਘ ਅਤੇ ਚਾਰ ਲੜਕੀਆਂ ਹਨ। ਅਖੀਰ ਤੱਕ ਧਿਆਨ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜਿਆ ਰਿਹਾ। ਆਏ ਗਏ ਦੀ ਸੇਵਾ ਬੜੇ ਚਾਅ ਨਾਲ ਕਰਨੀ ਉਨ੍ਹਾਂ ਦੇ ਸੁਭਾਅ ਵਿਚ ਸੀ।

੨੮ ਮਈ ੨੦੦੬ ਨੂੰ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਪਾਏ ਭੋਗ ਤੇ ਉਚੇਚੇ ਤੌਰ 'ਤੇ ਜਥੇਦਾਰ ਸੇਵਾ ਸਿੰਘ ਦਿੱਲੀ ਵਾਲਿਆਂ ਨੇ ਗੁਰਬਾਣੀ ਦੇ ਆਧਾਰ 'ਤੇ ਕੀਰਤਨ ਕਰ ਬੀਬੀ ਜੀ ਦੇ ਜੀਵਨ ਬਾਰੇ ਦੱਸਿਆ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਸਾਖੀਆਂ ਸੁਣਾਕੇ ਸਾਦਾ ਤੇ ਸਵੱਛ ਜੀਵਨ ਜੀਣ ਦੀ ਪ੍ਰੇਰਣਾ ਕੀਤੀ। ਜਥੇਦਾਰ ਜੀ ਦੱਸਿਆ ਕਿ ਮਾਤਾ ਜੀ ਪਿਛਲੇ ਸਾਲ ਸਵਾ ਸਾਲ ਤੋਂ ਕੈਂਸਰ ਦੀ ਲਾਇਲਾਜ ਬਿਮਾਰੀ ਨਾਲ ਲੜ ਰਹੇ ਸਨ ਪਰ ਹਰ ਵੇਲੇ ਸ੍ਰੀ ਸਤਿਗੁਰੂ ਜੀ ਬਾਰੇ ਬਚਨ ਕਰਨੇ ਅਤੇ ਸੁਣਦੇ ਰਹਿਣਾ। ਜਥੇਦਾਰ ਸੇਵਾ ਸਿੰਘ ਜੀ ਤੋਂ ਇਲਾਵਾ ਜਥੇਦਾਰ ਮੋਹਣ ਸਿੰਘ ਲਾਇਲ, ਸੰਤ ਅਮਰੀਕ ਸਿੰਘ ਅਤੇ ਸੰਤ ਸੁਖਵਿੰਦਰ ਸਿੰਘ ਲਾਇਲ ਨੇ ਕੀਰਤਨ ਕੀਤਾ। ਉਪਰੰਤ ਨੌਵੇਂ ਪਾਤਸ਼ਾਹ ਜੀ ਦੇ ਸਲੋਕ ਪੜ੍ਹ ਭੋਗ ਪਾਇਆ ਗਿਆ। ਸੂਬਾ ਹਰਭਜਨ ਸਿੰਘ, ਸੁਰਿੰਦਰ ਸਿੰਘ ਨਾਮਧਾਰੀ, ਸੰਤ ਸਾਧਾ ਸਿੰਘ ਦਿੱਲੀ, ਸੰਤ ਸੁਰਿੰਦਰ ਸਿੰਘ ਦਿੱਲੀ, ਪਰਧਾਨ ਲਖਬੀਰ ਸਿੰਘ ਸਰਸਾ, ਸੰਤ ਗਿਆਨ ਸਿੰਘ ਪਧਾਣਾ (ਐਕਸੀਐਨ ਰਿ:) ਗੁਰਮੁਖ ਸਿੰਘ ਰਹਿਬਰ, ਅਜੀਤ ਸਿੰਘ ਨਾਮਧਾਰੀ, ਅਜੀਤ ਸਿੰਘ ਲਾਇਲ, ਸੁਰਿੰਦਰ ਸਿੰਘ ਭਾਈ ਜੀ, ਸੂਬਾ ਜਸਬੀਰ ਸਿੰਘ, ਸੂਬਾ ਬਲਵਿੰਦਰ ਸਿੰਘ ਝੱਲ, ਸੰਤ ਨਵਤੇਜ ਸਿੰਘ ਆਦਿ ਉਚੇਚੇ ਤੌਰ 'ਤੇ ਆਏ।

—ਬਲਵੀਰ ਸਿੰਘ ਨਾਮਧਾਰੀ
ਲੁਧਿਆਣਾ

ਅੰਦਰੋਂ ਉੱਠੀ ਇਕ ਟੀਸ ਜਿਹਨਾਂ ਭੁਗਤਿਆ ਉਹਨਾਂ ਵਲੋਂ

—ਮਹਿੰਦਰ ਸਿੰਘ ਮਠਾੜੂ 'ਚਿਤਾਰ'

੨੦ ਅਕਤੂਬਰ ਨੂੰ ਅਸੀਂ ਦਾਨੀ ਸਾਂ ਅਤੇ ੨੧ ਅਕਤੂਬਰ ਨੂੰ ਲੈਣ ਵਾਲਿਆਂ ਵਿਚ ਗਿਣੇ ਜਾਣ ਲਗ ਪਏ। ਇਹ ਉਦਗਾਰ, ਜਦੋਂ ਟੇਲੀਫੋਨ ਰਾਹੀਂ ਸਾਡੇ ਸਤਿਕਾਰ-ਯੋਗ ਸਿਆਣਿਆਂ ਨਾਲ ਸੰਤ ਜਗਦੀਸ਼ ਸਿੰਘ ਵਰਿਆਮ ਜੀ ਲਿਖਤ ਜੀਵਨ ਗਾਥਾ "ਖਿਲਰੇ-ਪੱਤਰੇ" ਦਾ ਜ਼ਿਕਰ ਆਇਆ ਜੋ ਉਹਨਾਂ ਦੇ ਆਗ੍ਰਹ ਕਾਰਣ ਮੈਨੂੰ ਇਹ ਪੁਸਤਕ ਪ੍ਰਾਪਤ ਹੋਈ। ਸੰਤ ਜੀ ਦੀ ਲੇਖਨੀ ਤੋਂ ਪ੍ਰਭਾਵਤ ਹੋ ਮੇਰੇ ਜੀਵਨ ਵਿਚ ਘਟੀਆ ਘਟਨਾਵਾਂ ਦਾ ਲੇਖ ਜੋ ਸੰਤ ਜਗਦੀਸ਼ ਸਿੰਘ ਜੀ ਦੀ ਹੌਸਲਾ ਅਫਜਾਈ ਕਾਰਣ 'ਵਰਿਆਮ' ਦੇ ਮਾਰਚ ੨੦੦੬ ਦੇ ਅੰਕ ਵਿਚ "ਖਿੱਲਰੇ-ਪੱਤਰੇ" ਲੇਖ ਹੇਠ ਛਪਿਆ, ਸਿਆਣਿਆਂ ਦਾ ਗੱਲ ਕਰਨ ਦਾ ਢੰਗ ਆਮ ਗੱਲ-ਬਾਤ ਕਰਨ ਦੀ ਤਰ੍ਹਾਂ ਹੀ ਸੀ। ਪਰ ਅੰਦਰਲੀ ਟੀਸ ਮੈਂ ਭਾਰਤ ਵਿਚ ਬੈਠਾ ਮਹਿਸੂਸ ਕਰ ਰਿਹਾਂ ਸਾਂ ਭਾਵੇਂ ਰੂ-ਬਰੂ ਹੋਇਆਂ ਨੂੰ ੨੫ ਸਾਲ ਬੀਤ ਚੁੱਕੇ ਹਨ ਬਜ਼ੁਰਗਾਂ ਦੀ ਕਈ ਸਾਲਾਂ ਦੀ ਬਣੀ ਬਣਾਈ ਕਾਰੋਬਾਰੀ ਅਤੇ ਆਨੰਦਮਈ ਪਰਵਾਰਿਕ ਜ਼ਿੰਦਗੀ ਵਿਚ ਇਕਦਮ ਤੂਫਾਨ ਆ ਸਭ ਕੁਝ ਬਦਲ ਗਿਆ। ਕੰਪਾਲਾ ਯੁਗਾਂਡਾ ਤੋਂ ਇੰਗਲੈਂਡ ਆਣਾ ਪਿਆ। ਜਦਕਿ ਸਵੇਰ ਦਾ ਨਾਸ਼ਤਾ ਦੇਸੀ ਘਿਉ ਦੇ ਪਰਾਠਿਆਂ ਨਾਲ ਮੱਖਣ ਅਤੇ ਸਬਜ਼ੀ ਤੋਂ ਸ਼ੁਰੂ ਕੀਤਾ ਜਾਂਦਾ ਸੀ ਅਤੇ ਕਿਤੇ ਬਰੇਡ ਅਤੇ ਥ੍ਰੀਸ ਜਿਹਨਾਂ ਨੂੰ ਕਦੇ ਹੱਥ ਨਹੀਂ ਸੀ ਲਾਇਆ, ਖਾਣਾ ਪਿਆ ਠੰਡ ਦੀ ਬਹੁਤਾਤ ਕਰਕੇ ਕੋਟ ਉਪਰ ਕੋਟ ਪਾਣੇ ਪਏ। ਅੱਗੇ ਕਹਿੰਦੇ ਹਨ ਮੈਂ ਆਪ ਦੋ ਵਾਰੀ ਲੇਖ ਪੜ੍ਹਿਆ ਹੈ ਜੋ ਤੂੰ ਲਿਖਿਆ ਹੈ ਇਹ ਕਹਿ ਆਸ਼ੀਰਵਾਦ ਦਾ ਇਹਸਾਸ ਜੋ ਮੈਨੂੰ ਅਤੇ ਮੇਰੀ ਲੇਖਨੀ ਨੂੰ ਮਿਲਿਆ ਅਗਾਂਹ ਇਸੇ ਤਰ੍ਹਾਂ ਜਾਰੀ ਰੱਖਣ ਦਾ ਹੁਕਮ ਮੇਰੇ ਜਹੇ ਢਿੱਲੜ ਨੂੰ ਵੀ ਹੋਇਆ ਅਤੇ ਆਖਿਆ ਇਸ ਤਰ੍ਹਾਂ ਦੀਆਂ ਘਟਨਾਵਾਂ ਹਰ ਇਕ ਦੇ ਜੀਵਨ ਵਿਚ ਵੱਖ-ਵੱਖ ਤਰੀਕੇ ਨਾਲ ਘਟਦੀਆਂ ਹੀ ਹਨ, ਇਹੋ ਹੀ ਇਨਸਾਨੀਅਤ ਨੂੰ ਅਕਾਲ-ਪੁਰਖ ਦੀ ਦੇਣ ਹੈ ਜੋ ਮੁੜ ਇਨਸਾਨ ਨੂੰ ਇਨਸਾਨ ਨਾਲ ਜੋੜਦੀ ਹੈ।

ਇਸ ਪਰਿਵਾਰ ਨਾਲ ਮੈਂ ਉਸ ਵੇਲੇ ਜੁੜਿਆਂ ਜਦੋਂ ਘਰ ਦੀ ਵੰਡ-ਵੰਡਾਈ ਕਾਰਣ ਪਿੰਡ ਰਸੂਲਪੁਰ ਰਹਿਣਾ ਪਿਆ ਪਿਤਾ ਜੀ ਦੀ ਦੂਰ-ਅੰਦੇਸ਼ੀ ਕਾਰਣ ਲਾਗੇ ਦੇ ਪਿੰਡ ਨਗਰ ਦੇ ਖਾਲਸਾ ਹਾਈ ਸਕੂਲ ਵਿਚ ਮਿਡਲ ਅਤੇ ਮੈਟ੍ਰਿਕ ਦੀ ਪੜ੍ਹਾਈ ਲਈ ਦਾਖਲਾ ਦਿਲਾ ਦਿੱਤਾ ਗਿਆ। ਪਹਿਲਾਂ ਕੁਝ ਸਮਾਂ ਫ਼ਿਲੌਰ ਦੇ ਪੋਸਟ-ਆਫਿਸ ਲਾਗੇ ਸਕੂਲ ਵਿਚ ਪੜ੍ਹਿਆ ਸਾਂ। ਆਣ-ਜਾਣ ਦੇ ਸਾਧਨ ਬਾਈਸਾਈਕਲ ਦੀ ਸਕੂਲੋਂ ਚੋਰੀ ਹੋਣ ਕਰਕੇ ਸਕੂਲ ਛੱਡ ਦਿੱਤਾ। ਸਿਆਣੇ ਬਜ਼ੁਰਗਾਂ ਨਾਲ ਦੋ ਪਹਿਲੀਆਂ ਮੁਲਾਕਾਤਾਂ ਹੋਈਆਂ ਇਸੇ ਤਰ੍ਹਾਂ ਵਿਆਹ ਦੇ ਕਾਰਜ ਵਿਚ ਤਿੰਨ ਵਾਰੀ ਚਾਰ ਸਾਲਾਂ ਬਾਦ ਸਿਰਫ ਇਕ ਰਾਤ ਲਈ ਜਦੋਂ ਸਾਡੇ ਪੂਨੇ ਦੇ ਪੁਰਾਣੇ ਨਿਵਾਸ ਅਸਥਾਨ ਤੇ ਪਧਾਰੇ ਸਨ। ਹੁਣ ਤਾਂ ਲਗਭਗ ਢਾਈ ਦਸ਼ਕਾਂ ਦਾ ਫਰਕ ਪੈ ਗਿਆ ਹੈ ਮੁਲਾਕਾਤ ਹੋਈ ਨੂੰ ਪਰ ਆਪਣਾਪਣ ਅਜ ਵੀ ਉਸੇ ਤਰ੍ਹਾਂ ਕਾਇਮ ਹੈ।

ਕੰਪਾਲੇ ਤੋਂ ਇੰਗਲੈਂਡ ਵਿਚ ਆ ਵਸੇ ਗੁਰਸਿੱਖਾਂ, ਖਾਸ ਕਰਕੇ ਨਾਮਧਾਰੀ ਅਤੇ ਉਹਨਾਂ ਨਾਲ ਜੁੜੇ ਸਿੰਘਾਂ ਦਾ "ਸਿੱਖੀ ਦੀ ਆਨ" ਨੂੰ ਸੰਭਾਲਣ ਵਿਚ ਬੜਾ ਯੋਗਦਾਨ ਸੀ ਜੋ ਅੱਜ ਵੀ ਖਾਸ ਮਹੱਤਵ ਰੱਖਦਾ ਹੈ ਜਿਸਦਾ ਸਿਆਣੇ ਬਜ਼ੁਰਗਾਂ ਨੂੰ ਬਹੁਤ ਮਾਣ ਹੈ। ਉਸਤੋਂ ਵੀ ਵੱਡੀ ਮਹਾਨਤਾ ਦੀ ਗੱਲ ਜੋ ਪੂਰੇ ਸੰਸਾਰ ਵਿਚ ਵਸੇ ਨਾਮਧਾਰੀਆਂ ਲਈ ਇਕ ਖਾਸ ਜਗ੍ਹਾ ਬਣਾਉਂਦੀ ਹੈ। ਸਤਿਜੁਗ ਜਗਜੀਤ ਸਿੰਘ ਜੀ ਵਲੋਂ ਬਖਸ਼ੀ ਨਾਮ-ਸਿਮਰਨ ਮਾਲਾ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਆਪ ਬੜੀ ਸੰਜੀਦਗੀ ਨਾਲ ਲੈਣ ਦੀ ਤਸਵੀਰ "ਸਤਿਜੁਗ" ਵਿਚ ਛਪੀ।

ਅੱਜ ਸਿੱਖੀ ਕਿਸ ਦੌਰ ਤੋਂ ਗੁਜ਼ਰ ਰਹੀ ਹੈ ਸ਼ਾਇਦ ਸ਼ਬਦਾਂ ਵਿਚ ਲਿਖਣਾ ਕੁਝ ਕੁ ਸਨਮਾਨ ਨੂੰ ਠੇਸ ਪਹੁੰਚਾ ਸਕਦਾ ਹੈ। ਸਾਡੇ ਗੁਰੂਆਂ ਸਾਨੂੰ ਗੁਰਮੁਖੀ ਸ਼ਬਦ ਰਚਨਾ ਕਰ ਦਿੱਤੇ ਇਕ ਖਾਸ ਮਾਨ-ਸਨਮਾਨ ਵਾਲੀ ਬੋਲੀ ਬਖਸ਼ੀ ਮਹਾਨ ਬਾਣਾ ਬਖਸ਼ਿਆ। ਆਤਮਕ ਸ਼ੁੱਧੀ ਲਈ ਸੰਸਾਰਿਕ ਜੀਵਨ ਤੋਂ ਹਸ਼ੀਂ-ਖੁਸ਼ੀ ਪਾਰ ਲੰਘਣ ਲਈ "ਬਾਣੀ" ਬਖਸ਼ੀ। ਸਤਿਗੁਰ ਰਾਮ ਸਿੰਘ ਜੀ ਨੇ "ਬਾਣੇ" ਦੀ ਸ਼ੁੱਧਤਾ ਨੂੰ ਮੁੱਖ ਰੱਖ ਚਿੱਟੀ ਦਸਤਾਰ ਤੇ ਚਿੱਟਾ ਬਾਣਾ ਬਖਸ਼ਿਆ। ਇਸ ਚਿੱਟੇ ਦੁੱਧ ਵਰਗੇ ਆਸਮਾਨੀ ਬਾਣੇ ਨੇ ਅੱਜ ਦੀ ਧਰਤੀ ਨੂੰ ਚਾਰੇ ਪਾਸਿਉਂ ਚਕਿਆ ਹੋਇਆ ਹੈ ਭਾਵੇਂ ਕਿਤੇ ਦਿਨ ਹੋਵੇ ਜਾਂ ਰਾਤ। ਕਈ ਮੁਲਕਾਂ ਵਿਚ ਤਾਂ ਸਿੱਖ ਆਪਣੀ ਹੋਂਦ ਲਈ ਉਸ ਦੇਸ਼ ਦੀ ਸਰਕਾਰਾਂ ਤੇ ਆਸ ਲਗਾਈ ਬੈਠੇ ਹਨ ਪਰ ਕੁਝ ਵੀ ਨਹੀਂ ਹੋ ਰਿਹਾ।

ਅਕਾਲ-ਪੁਰਖ ਨੇ ਨਾਮਧਾਰੀ ਜਾਂ ਨਾਮਧਾਰੀ ਪੰਥ ਨਾਲ ਜੁੜੇ ਗੁਰਸਿੱਖਾਂ ਜਾਂ ਸੱਜਣਾ ਨੇ ਭਾਵੇਂ ਤ੍ਰਾਸਦੀ ਝੱਲੀ ਹੋਵੇ ਪਰ ਆਪਣੀ ਮਰਿਆਦਾ ਰੱਖੀ। ਮੈਂ ਜਾਣਦਾ ਹਾਂ ਉਸ ਸਮੇਂ ਯੂਰਪ ਵਿਚ ਸ਼ਾਕਾਹਾਰੀ ਸ਼ਬਦ ਸਲਾਦਾਂ ਦੇ ਪੱਤਿਆਂ ਜਾਂ ਕੁਝ ਕੁ ਸਬਜ਼ੀਆਂ ਤੱਕ ਹੀ ਸੀਮਿਤ ਸੀ। ਨਮਸਤਕ ਹਾਂ ਉਹਨਾਂ ਵੱਡੇ ਵਡੇਰਿਆਂ ਦਾ ਜਿਹਨਾਂ ਸਿੱਖੀ ਦੀ ਸ਼ੁੱਧਤਾ ਰੱਖੀ "ਬਾਣਾ" ਸੰਭਾਲ ਰਖਿਆ "ਬਾਣੀ" ਨਾਲ ਜੁੜੇ ਹੋਏ ਹਨ। ਅੰਤ ਵਿਚ ਫੇਰ ਸੰਤ ਜਗਦੀਸ਼ ਸਿੰਘ ਵਰਿਆਮ ਜੀ ਜਿਹਨਾਂ "ਖਿੱਲਰੇ-ਪੱਤਰੇ" ਦੁਆਰਾ ਸਿੱਖੀ ਦੀ ਸ਼ੁੱਧਤਾ ਦੀ ਵੀ ਪਹਿਚਾਨ ਕਰਵਾਈ ਅਤੇ ਵਡਿਆਂ ਦੇ ਪ੍ਰੇਮ ਭਰੇ ਸ਼ਬਦਾਂ ਨੇ ਲਿਖਤ ਵਿਚ ਲਿਖਣ ਦਾ ਮੈਨੂੰ ਆਸ਼ੀਰਵਾਦ ਬਖਸ਼ਿਆ।

ਦਾਪੋਡੀ, ਪੂਨਾ (ਮਹਾਂਰਾਸ਼ਟਰ)

ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ

—ਸਤਨਾਮ ਸਿੰਘ, ਦਿੱਲੀ

ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ॥
ਸਚੀ ਭਗਤੀ, ਸਚ ਰਤੇ, ਦਰ ਸਚੈ ਸਚਿਆਰ॥
ਆਏ ਸੇ ਪਰਵਾਣ ਹੈ, ਸਭ ਕੁਲ ਕਾ ਕਰਹਿ ਉਧਾਰ॥
–ਸਿਰੀ ਰਾਗ ਮਾ ੩

ਨਾਮਧਾਰੀ ਪੰਥ ਵਿਚ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਦੀ ਇਕ ਪ੍ਰਮੁੱਖ ਪਹਿਚਾਨ ਰਹੀ ਹੈ। ਹਰ ਮਾਈ ਭਾਈ, ਬੱਚੇ ਬੁੱਢੇ, ਨਾਲ ਉਹਨਾ ਦੀ ਪਹੁੰਚ ਰਹੀ ਹੈ। ਆਪ ਇਕ ਸੰਤ ਰੂਪ, ਪ੍ਰਚਾਰਕ, ਲੇਖਕ, ਅਤੇ ਅਗਵਾਈ ਕਰਨ ਵਾਲੇ ਵਿਅਕਤੀ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਕਰ ਕੇ ਆਪ ਨੇ ਗੁਰਮਤਿ ਧਾਰਨੀ ਇਕ ਧੀਰਜ ਵਾਲੇ ਗੁਰਸਿੱਖ ਦਾ ਜੀਵਨ ਜੀਵਿਆ। ਸਤਿਗੁਰੂ ਦਾ ਹੁਕਮ ਸਤਿ ਸਤਿ ਕਰਕੇ ਮੰਨਿਆ ਅਤੇ ਜੀਵਨ ਦੀਆਂ ਉਚਾਈਆਂ ਪ੍ਰਾਪਤ ਕੀਤੀਆਂ। ਅੰਗਰੇਜ਼ੀ ਹਕੂਮਤ ਸਮੇਂ ਮਾਸਟਰ ਹੁੰਦਿਆ ਨੌਕਰੀ ਦੀ ਨਾ ਪਰਵਾਹ ਕਰਦੇ ਹੋਏ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਵਿਚ ਰਹੇ। ਸ੍ਰੀ ਗੁਰੂ ਹਰੀ ਸਿੰਘ ਵਿਦਿਆਲਾ ਵਿਚ ਹੈਡਮਾਸਟਰ ਦੀ ਸੇਵਾ ਨਿਭਾਈ।

ਇਸੇ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਵਿਚ ਭੀ ਜੋ ਭੀ ਸੇਵਾ ਮਿਲੀ, ਉਸ ਵਿਚ ਮਾਸਟਰ ਜੀ ਖਰ ਉੱਤਰੇ। ਆਪ ਦੇ ਹਿੱਸੇ ਵਿਚ, ਕੁਝ ਸਮਾਂ ਸਤਿਜੁਗ ਅਡੀਟਰ ਦੀ ਸੇਵਾ ਆਈ। ਨਾਮਧਾਰੀ ਵਿਦਿਅਕ ਜਥੇ ਦਾ ਨਿਰਮਾਣ ਹੋਇਆ ਤਾਂ ਆਪ ਨੂੰ ਵਿਦਿਅਕ ਜਥੇ ਦਾ ਪ੍ਰਧਾਨ ਥਾਪ ਦਿੱਤਾ ਗਿਆ ਫਿਰ ਆਪ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਦਰਬਾਰ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ। ਆਪ ਜੀ ਦੀ ਨਿਰਮਾਣ ਸੇਵਾ ਸਦਕਾ ਆਪ ਦੀ ਪਛੇਤਰੀ ਆਯੂ ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ ਪ੍ਰਾਪਤ ਪੰਥ ਰਤਨ ਦੀ ਪਦਵੀ ਵਿਚ ਸਫ਼ਲਤਾ ਸਹਿਤ ਪੂਰੀ ਹੋਈ ਹੈ।

ਧੰਨ ਹਨ ਸਤਿਗੁਰੂ ਜੀ,ਅਤੇ ਧੰਨ ਹਨ ਗੁਰੂ ਦੇ ਸਿੱਖ।

ਸਤਿਗੁਰੂ ਜੀ ਦਾ ਚਰਨ ਛੋਹ ਪ੍ਰਾਪਤ ਕਰਕੇ, ਜੀਵ ਦਾ ਉਤਮ ਜੀਵਨ ਬਣ ਜਾਂਦਾ ਹੈ। ਜੀਵਨ ਸਫ਼ਲ ਹੋ ਜਾਂਦਾ ਹੈ।

ਲੋਹੇ ਨੂੰ ਪਾਰਸ ਕਰ ਦੇਵੇ, ਅਤੇ ਖਾਲੀ ਝੋਲਾਂ ਭਰ ਦੇਵੇ॥
ਮੰਗਤੇ ਸਿਰ ਤਾਜ ਵੀ ਧਰ ਦੇਵੇ,
ਖੁਸ਼ੀਆਂ ਦਾ ਅਸਲ ਖਜਾਨਾ ਹੈ॥
ਮਾਸਟਰ ਜੀ ਦੀ ਪੁਸਤਕ ਵਿਚ ਲਿਖੀ ਰੁਬਾਈ ਅਨੁਸਾਰ,
ਬਚਨ ਅਮੋਲਕ ਸਤਿਗੁਰੂ ਜੀ ਦੇ,
ਸਿੱਖ ਨੂੰ ਮਾਰਗ ਪਾਵਨ।
ਮਨ ਮਤ ਵੱਲੋਂ ਮੋੜਦੇ ਇਹ ਮਨ, ਗੁਰੂ ਮਤ ਵਲ ਲਾਵਨ।
ਪੜ ਸੁਣ ਜੋ ਉਪਦੇਸ਼ ਗੁਰਾਂ ਦਾ, ਇਸ ਤੇ ਅਮਲ ਕਮਾਵੇ॥
ਦੁਨੀਆ ਵਿਚ ਆਤਮਾ ਉਸਦੇ, ਪੂਰਨ ਭਾਗ ਹੋ ਜਾਵਨ।



ਮਾਸਟਰ ਜੀ ਨੇ ਵਿਦਿਆ ਦਾਨ ਦੇ ਨਾਲ ਨਾਲ ਜੋ ਗੁਰੂ ਇਤਹਾਸ,ਅਤੇ ਗੁਰਸਿੱਖਾਂ ਦਾ ਜੀਵਨ, ਸੰਗਤ ਤੋਂ ਪੁਛ ਪੁੱਛ ਕੇ ਪੁਸਤਕ ਰੂਪ ਵਿਚ ਦਿੱਤਾ ਹੈ। ਇਹ ਪੁਸਤਕ ਭੰਡਾਰ ਸਾਧ ਸੰਗਤ ਵਿਚ ਹਰ ਮਾਈ ਭਾਈ ਨੂੰ ਭਾਇਆ ਹੈ। ਬੱਚਿਆ ਨੂੰ ਬੱਚਿਆਂ ਦੀਆਂ ਅਤੇ ਵਡਿਆਂ ਨੂੰ ਨਾਮਧਾਰੀ ਇਤਿਹਾਸ ਦੀਆਂ ਪੱਖੀ ਪੁਸਤਕਾਂ ਮਾਸਟਰ ਜੀ ਨੇ ਲਿਖ ਕੇ ਛਪਵਾਈਆ ਹਨ। ਜਿਵੇਂ ਕਿ :-

* ਬਾਲ ਸਿੱਖਿਆ ਭਾਗ-੧ ੨. ਵਿਦਿਆ ਪੋਥੀ * ਸਤਿਗੁਰੂ ਰਾਮ ਸਿੰਘ ਜੀ * ਬਾਈਕਾਟ * ਸੀਤਲਤਾ ਦਾ ਸਰੋਤ * ਦਾਨੇ ਮਸਤਾਨੇ * ਸਤਿਗੁਰ ਸਾਖੀਆਂ * ਚੋਜੀ ਪ੍ਰੀਤਮ * ਕੂਕਿਆਂ ਦਾ ਪੰਥ ਨਿਰਾਲਾ * ਬੇਅੰਤ ਲੀਲਾ * ਮਾਤਾਵਾਂ * ਰਤਨ ਮਾਲਾ * ਤੋਪਾਂ ਗਜਦੀਆਂ ਗਈਆਂ ਕੂਕ ਵਧਦੇ ਗਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ , ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਚਰਨਰਜ ਸਦਕਾ, ਮਾਸਟਰ ਜੀ ਵਰਗੇ ਵਿਦਵਾਨ, ਮਹਾਪੁਰਸ਼ਾਂ ਦੀ ਸੰਗਤ ਪ੍ਰਾਪਤ ਹੋਣ ਦਾ ਦਾਸ (ਸਤਿਨਾਮ ਸਿੰਘ) ਨੂੰ ਇਹ ਸੁਭਾਗ ਪ੍ਰਾਪਤ ਹੋਇਆ ਹੈ ਕਿ ਪੰਥ ਰਤਨ ਮਾਸਟਰ ਨਿਹਾਲ ਸਿੰਘ ਯਾਦ ਵਿਚ ਪੰਜਵਾਂ ਸਨਮਾਨ (ਅਵਾਰਡ) ਮਿਲਿਆ ਹੈ। ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕਰਦਾ ਹੋਇਆ ਬੇਨਤੀ ਕਰਦਾ ਹਾਂ। ਸਮੇਂ ਦੇ ਰਹਿਬਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮੇਰੇ ਤੇ ਕਿਰਪਾ ਕਰਨ। ਅਪਣਾ ਮੋਹਰ ਭਰਿਆ ਹੱਥ ਮੇਰੇ ਸਿਰ ਤੇ ਸਦਾ ਰੱਖਣ। ਸੇਵਾ ਕਰਦੇ ਰਹੀਏ।

"ਸਾ ਬੁਧਿ ਦੀਜੈ, ਜਿਤੁ ਵਿਸਰਹਿ ਨਾਹੀ॥
ਸਾ ਮਤਿ ਦੀਜੈ ਜਿਤੁ ਤੁਧੁ ਧਿਆਈ॥
ਸਾਸ ਸਾਸ ਤੇਰੇ ਗੁਣ ਗਾਵਾ,
ਓਟ ਨਾਨਕ ਗੁਰੁ ਚਰਣਾ ਜੀਉ॥

(੯ ਅਪ੍ਰੈਲ ੨੦੦੬ ਨੂੰ ਸਨਮਾਨ ਮਿਲਣ ਤੇ ਕੀਤਾ ਭਾਸ਼ਣ)

ਖ਼ਬਰਨਾਮਾ

ਸ. ਹਰੀ ਸਿੰਘ ਵਡਾਣਾ ਨਮਿੱਤ ਪਾਠ ਦਾ ਭੋਗ ਅਤੇ ਮੇਲਾ

ਸ੍ਰੀ ਜੀਵਨ ਨਗਰ-੩ ਜੂਨ ੨੦੦੬ ਈ. ਦਿਨ ਸਨਿਚਰਵਾਰ ਨੂੰ ਇਥੋਂ ਕੋਈ ੧੪ ਕਿਲੋਮੀਟਰ ਪੱਛਮ ਵੱਲ ਸਥਿਤ ਥੇਹੜ ਵਡਾਣੀਆਂ (ਜੋ ਪਿੰਡ ਕਰੀ ਵਾਲੇ ਦੀ ਜੂਹ ਵਿਚ ਦੱਖਣ ਦਿਸ਼ਾ ਵੱਲ ਪਿੰਡ ਤੋਂ ੪ ਕਿਲੋਮੀਟਰ ਦੂਰ ਘੱਗਰ ਨਾਲੀ ਦੇ ਦੂਸਰੇ ਕਿਨਾਰੇ ਤੇ ਵਸਿਆ ਹੈ) ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਲ ਸਖਾ, ਨਾਮਧਾਰੀ ਪੰਥ ਦੇ ਅਣਥੱਕ ਸੇਵਕ, ਇਲਾਕੇ ਦੇ ਉੱਘੇ ਸਮਾਜ ਸੇਵੀ, ਪਿੰਡ ਦੇ ਪਹਿਲੇ ਸਰਪੰਚ ਅਤੇ ਲੰਬੜਦਾਰ, ਕੋਆਪ੍ਰੇਟਿਵ ਬੈਂਕ ਰਾਣੀਆਂ, ਡਿਸਟ੍ਰਿਕਟ ਬੋਰਡ ਹਿਸਾਰ ਅਤੇ ਪੰਚਾਇਤ ਸਮਿਤੀ ਰਾਣੀਆਂ ਆਦਿ ਅਨੇਕਾਂ ਅਦਾਰਿਆਂ ਦੇ ਸਰਗਰਮ ਮੈਂਬਰ ਰਹਿਣ ਵਾਲੇ, ਸ. ਹਰੀ ਸਿੰਘ ਵਡਾਣੀਆਂ ਨਮਿੱਤ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਧਾਰਨ ਪਾਠ ਦਾ ਭੋਗ ਪਾ ਕੇ ਇਕ ਵੱਡਾ ਮੇਲਾ ਅਤੇ ਸ਼ਰਧਾਂਜਲੀ ਸਮਾਗਮ ਉਨ੍ਹਾਂ ਦੀ ਨਿੱਘੀ ਯਾਦ ਵਿਚ ਕੀਤਾ ਗਿਆ। ਸ. ਜੀ ੯੨ ਵਰ੍ਹਿਆਂ ਦੀ ਉਮਰ ਵਿਚ ੨੫ ਮਈ ਬਾਅਦ ਦੁਪਹਿਰ ਚਲਾਣਾ ਕਰ ਗਏ ਸਨ ਅਤੇ ਅੱਜ ਹਰਿਆਣਾ, ਪੰਜਾਬ, ਰਾਜਸਥਾਨ, ਦਿੱਲੀ ਆਦਿ ਦੀਆਂ ਸੰਗਤਾਂ ਦੇ ਵਿਸ਼ਾਲ ਇਕੱਠ ਵਿਚ ਉਨ੍ਹਾਂ ਨਮਿਤ ਅੰਤਿਮ ਰਸਮਾਂ ਅਦਾ ਕੀਤੀਆਂ ਗਈਆਂ। ਸਭ ਤੋਂ ਪਹਿਲਾਂ ਜਥੇਦਾਰ ਸੁਖਦਰਸ਼ਨ ਸਿੰਘ ਅੰਮ੍ਰਿਤਸਰ ਕਲਾਂ ਨੇ ਹੱਲੇ ਦਾ ਦੀਵਾਨ ਸਜਾਇਆ ਅਤੇ ਲੰਬੜਦਾਰ ਜੀ ਦੇ ਗੁਰੂ ਹੁਕਮ ਵਿਚ ਬਿਤਾਏ ਸਾਰਥਕ ਜੀਵਨ ਸਬੰਧੀ ਗੁਰਬਾਣੀ ਵਿਚੋਂ ਪ੍ਰਮਾਣ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਰਾਗੀ ਭਾਈ ਬਿਸ਼ਨ ਦਾਸ ਐਲਨਾਬਾਦ ਨੇ ਮਾਸਟਰ ਅਮਰੀਕ ਸਿੰਘ ਦੁਆਰਾ ਲਿਖਤ ਗੁਰੂ ਮਹਿਮਾ ਵਾਲੇ ਗੀਤ ਦਾ ਗਾਇਨ ਕੀਤਾ। ਸ੍ਰੀ ਭੈਣੀ ਸਾਹਿਬ ਤੋਂ ਹੁਕਮ ਅਨੁਸਾਰ ਪਹੁੰਚੇ ਹਜ਼ੂਰੀ ਰਾਗੀ ਜਥੇ ਨੇ ਸੰਤ ਹਰਬੰਸ ਸਿੰਘ ਘੁੱਲਾ ਦੀ ਅਗਵਾਈ ਵਿਚ ਮਨੋਹਰ ਵੈਰਾਗਮਈ ਕੀਰਤਨ ਕਰ ਕੇ ਸੰਗਤਾਂ ਨੂੰ ਵਿਸਮਾਦ ਵਿਚ ਲੈ ਆਂਦਾ। ਆਪ ਨਾਲ ਤਬਲੇ ਤੇ ਸੰਤ ਅਜੈਪਾਲ ਸਿੰਘ ਅਤੇ ਤਾਰ ਸ਼ਹਿਨਾਈ ਤੇ ਸ. ਦਵਿੰਦਰ ਸਿੰਘ ਸਨ। ਆਪ ਨੇ 'ਮਰਨ ਲਿਖਾਏ ਮੰਡਲ ਮਹਿ ਆਏ' ਅਤੇ 'ਸੇਵਕ ਕੀ ਓੜਕ ਨਿਬਹੀ ਪ੍ਰੀਤ' ਪੰਚਮ ਪਾਤਸ਼ਾਹ ਦੇ ਦੋ ਸ਼ਬਦ ਅਤੇ ਭਾਈ ਗੁਰਦਾਸ ਜੀ ਦਾ 'ਗੁਰਮੁਖਿ ਜਨਮੁ ਸੁਆਰਿ ਦਰਗਹ ਚੱਲਿਆ' ਦਾ ਗਾਇਨ ਕੀਤਾ। ਇਸ ਤੋਂ ਬਾਅਦ ਕਾਮਰੇਡ ਸੁਵਰਨ ਸਿੰਘ ਵਿਰਕ ਦੇ ਮੰਚ ਸੰਚਾਲਨ ਤਹਿਤ ਸ਼ਰਧਾਂਜਲੀ ਸਮਾਗਮ ਅਰੰਭ ਹੋਇਆ ਜਿਸ ਦੇ ਨਾਲ ਹੀ ਇਕ ਘੰਟਾ ਨਾਮ ਸਿਮਰਨ ਦੀ ਅਰਦਾਸ ਵੀ ਹੋ ਗਈ। ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਨਾਮਧਾਰੀ ਦਰਬਾਰ ਦੇ ਪ੍ਰਧਾਨ, ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ, ਸਾਬਕਾ ਐਮ. ਪੀ. ਨੇ ਦੱਸਿਆ ਕਿ ਉਹ ਸ੍ਰੀ ਸਤਿਗੁਰੂ ਜੀ ਦੇ ਵਿਸ਼ੇਸ਼ ਹੁਕਮ ਤਹਿਤ ਇਸ ਸਮਾਗਮ ਵਿਚ ਸੰਤ ਅਵਤਾਰ ਸਿੰਘ ਅਤੇ ਸ. ਜਸਵਿੰਦਰ ਸਿੰਘ ਹਿਸਟੋਰੀਅਨ ਆਦਿ ਸਹਿਤ ਸ਼ਾਮਿਲ ਹੋਏ ਹਨ। ਸ. ਹਰੀ ਸਿੰਘ ਹੁਰਾਂ ਦੇ ਉਹ ਪਹਿਲਾਂ ਵੀ ਦਰਸ਼ਨ ਕਰ ਗਏ ਸਨ। ਉਹ ਚੱਲਦਾ ਫਿਰਦਾ ਨਾਮਧਾਰੀ ਇਤਿਹਾਸ ਸਨ ਜਿਨ੍ਹਾਂ ਨੇ ਸਤਿਗੁਰੂ ਸਾਹਿਬਾਨ ਦੀ ਹਜ਼ੂਰੀ ਵਿਚ ਸੇਵਾ ਕਰਦਿਆਂ ਜੀਵਨ ਯਾਤਰਾ ਸਫਲ ਕੀਤੀ। ਭਾਵੇਂ ਸਰਦਾਰ ਜੀ ਸਤਿਜੁਗ ਦੇ ਵਿਸ਼ੇਸ਼ ਅੰਕਾਂ ਵਾਸਤੇ ਉਨ੍ਹਾਂ ਦੇ ਕਹਿਣ 'ਤੇ ਉਚੇਚੇ ਲੇਖ ਲਿਖ ਕੇ ਭੇਜਦੇ ਰਹੇ ਹਨ ਪਰ ਅਜੇ ਵੀ ਪਰਿਵਾਰ ਪਾਸ ਜਿਹੜਾ ਮੌਖਿਕ ਇਤਿਹਾਸ ਹੈ ਉਸ ਨੂੰ ਸਾਂਭ ਲੈਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੀਆਂ ਨਸਲਾਂ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਸਫਲ ਜੀਵਨ ਜਾਚ ਸਿੱਖ ਸੱਕਣ। ਇਸ ਤੋਂ ਪਹਿਲਾਂ ਹਰਿਆਣਾ ਯੋਜਨਾ ਬੋਰਡ ਦੇ ਉਪ ਪ੍ਰਧਾਨ ਚੌ. ਰਣਜੀਤ ਸਿੰਘ ਚੌਟਾਲਾ ਐਕਸ. ਐਮ. ਪੀ. ਨੇ ਵੀ ਵਡਾਣੀਆਂ ਜੀ ਨੂੰ ਇਲਾਕੇ ਦੇ ਇਕ ਨੇਕ ਹਰਦਿਲ ਅਜ਼ੀਜ਼ ਸੁਲਾਹਕੁਨ ਵਿਅਕਤੀ ਦੇ ਤੌਰ 'ਤੇ ਯਾਦ ਕੀਤਾ। ਲੋਕ ਪੰਚਾਇਤ ਦੇ ਪ੍ਰਧਾਨ ਕਾ. ਜਸਵੰਤ ਸਿੰਘ ਜੋਸ਼ ਨੇ ਆਪ ਨੂੰ ਲੋਕ ਪੰਚਾਇਤ ਪ੍ਰਤੀ ਨਿਭਾਹੀਆਂ ਸੇਵਾਵਾਂ ਲਈ ਭਰਪੂਰ ਸ਼ਰਧਾਂਜਲੀ ਭੇਟ ਕੀਤੀ। ਸਮਾਗਮ ਨੂੰ ਸਿਰਸਾ ਦੇ ਲੋਕ ਸਭਾ ਮੈਂਬਰ ਸ: ਆਤਮਾ ਸਿੰਘ ਗਿੱਲ, ਇਲਾਕੇ ਦੇ ਪ੍ਰਸਿੱਧ ਕਾਂਗਰਸ ਨੇਤਾ ਚੌ. ਓਮ ਪ੍ਰਕਾਸ਼ ਕੇਹਰਵਾਲਾ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਸਰਪ੍ਰਸਤ ਮਾ. ਸੰਪੂਰਨ ਸਿੰਘ ਰਾਣੀਆਂ ਅਤੇ ਇਸੇ ਕਮੇਟੀ ਦੇ ਹਰਿਆਣਾ ਦੇ ਜਨਰਲ ਸਕੱਤਰ ਸ. ਮਲਕੀਤ ਸਿੰਘ ਖੋਸਾ, ਇਨੈਲੋ ਹਲਕਾ ਐਲਨਾਬਾਦ ਦੇ ਪ੍ਰਧਾਨ ਕਸ਼ਮੀਰ ਸਿੰਘ ਕਰੀਵਾਲਾ, ਕੁਲਦੀਪ ਸਿੰਘ ਕਰੀਵਾਲਾ, ਗਿਆਨੀ ਕਰਨੈਲ ਸਿੰਘ ਐਲਨਾਬਾਦ, ਗੁਰਬਖਸ਼ ਸਿੰਘ ਰਾਮਪੁਰੀ, ਸਾਧੂ ਸਿੰਘ ਕਿਸਾਨ, ਮਾਸਟਰ ਅਮਰੀਕ ਸਿੰਘ, ਸੁਖਚੈਨ ਸਿੰਘ ਕੱਕੜ ਭੰਬੂਰ ਨੇ ਵੀ ਸੰਬੋਧਨ ਕੀਤਾ। ਕਾਮਰੇਡ ਸੁਵਰਨ ਸਿੰਘ ਵਿਰਕ ਦੁਆਰਾ ਲਿਖਤ

ਲੰਬੜਦਾਰ ਜੀ ਬਾਰੇ ਇਕ ਪੁਸਤਿਕਾ ਵੀ ਪਰਿਵਾਰ ਵੱਲੋਂ ਛਪਵਾ ਕੇ ਹਾਜ਼ਰ ਇਕੱਠ ਵਿਚ ਵੰਡੀ ਗਈ।

—ਚਰਨਜੀਤ ਸਿੰਘ ਚਾਨਣਾ

ਕਰੀਵਾਲਾ (ਸਿਰਸਾ)

'ਪੇਂਡੂ ਰੰਗਮੰਚ ਦਾ ਸ਼ਾਹ ਸਵਾਰ' ਪ੍ਰੋ. ਔਲਖ ਦਾ ਸਨਮਾਨ

ਕਹਿਣ ਨੂੰ ਤਾਂ ਮਾਨਸਾ ਜ਼ਿਲ੍ਹਾ ਤਕਰੀਬਨ ਹਰ ਖੇਤਰ ਵਿਚ ਬਹੁਤ ਪਛੜਿਆ ਹੋਇਆ ਹੈ ਪਰ ਕੁਝ ਸਮਾਂ ਪਹਿਲਾਂ ਭਾਰਤੀ ਸੰਗੀਤ ਤੇ ਨਾਟਕ ਅਕੈਡਮੀ ਦਿੱਲੀ ਵੱਲੋਂ ਸ਼ਿਰੋਮਨੀ ਨਾਟਕਕਾਰ ਪ੍ਰੋ. ਅਜਮੇਰ ਔਲਖ ਦਾ ਕੀਤਾ ਸਨਮਾਨ ਜ਼ਿਲ੍ਹੇ ਦੇ ਪਿਛੜੇਪਨ ਤੇ ਪਰਦਾ ਪਾ ਗਿਆ। ਭਾਰਤ ਦੇ ਮਹਾਮਹਿਮ ਰਾਸ਼ਟਰਪਤੀ ਸ੍ਰੀ ਏ. ਪੀ. ਜੇ. ਅਬਦੁਲ ਕਲਾਮ ਵੱਲੋਂ ਇਹ ਸਨਮਾਨ ਪ੍ਰੋ. ਔਲਖ ਨੂੰ ਭੇਟ ਕੀਤਾ ਗਿਆ। ਮਾਨਸਾ ਸ਼ਹਿਰ ਦੇ ਪੂਰੇ ਨਿਵਾਸੀਆਂ ਖਾਸ ਕਰਕੇ ਸਾਹਿਤ ਪ੍ਰੇਮੀਆਂ ਦਾ ਸਿਰ ਮਾਣ ਨਾਲ ਉੱਚਾ ਹੋ ਗਿਆ।

ਇਸੇ ਸਬੰਧ ਵਿਚ ੧੮.੪.੦੬ ਨੂੰ ਕੰਬੋਜ ਪੈਲੇਸ ਥੀਏਟਰ ਮਾਨਸਾ ਵਿਖੇ ਡਾ. ਜੰਗੀਰ ਸਿੰਘ ਜੋਗਾ ਚੈਰੀਟੇਬਲ ਸੁਸਾਇਟੀ ਵੱਲੋਂ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਡਾ. ਔਲਖ ਨੂੰ "ਪੇਂਡੂ ਰੰਗਮੰਚ ਦਾ ਸ਼ਾਹ ਸਵਾਰ" ਦੇ ਖਿਤਾਬ ਨਾਲ ਨਿਵਾਜਣ ਲਈ ਇਕ ਚੰਗੇ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਰਜਿੰਦਰ ਸਿੰਘ ਆਈ. ਪੀ. ਐਸ. ਆਈ ਜੀ ਫਰੀਦਕੋਟ ਰੇਂਜ ਸਨ। ਸਮਾਗਮ ਦੀ ਪ੍ਰਧਾਨਗੀ ਸ੍ਰੀ ਅਮਿਤ ਪ੍ਰਸਾਦ ਆਈ. ਪੀ. ਐਸ. ਐਸ. ਐਸ. ਪੀ. ਮਾਨਸਾ ਨੇ ਕੀਤੀ। ਸ੍ਰੀ ਹੁਸਨ ਲਾਲ ਆਈ. ਏ. ਐਸ. ਡਿਪਟੀ ਕਮਿਸ਼ਨਰ ਮਾਨਸਾ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਿਲ ਹੋਏ।

ਇਸ ਸਮਾਗਮ ਵਿਚ ਪ੍ਰੋ. ਔਲਖ ਨੂੰ ਵਧਾਈ ਦੇਣ ਲਈ ਜ਼ਿਲ੍ਹੇ ਦੇ ਸਿਵਲ ਤੇ ਪੁਲਿਸ ਅਫਸਰ ਮੌਜੂਦ ਸਨ। ਨਗਰ ਪਿਤਾ ਸ੍ਰੀ ਨਰੋਤਮ ਸਿੰਘ ਚਹਿਲ, ਸ੍ਰੀ ਅਜੀਤਇੰਦਰ ਸਿੰਘ ਮੋਫਰ, ਸ੍ਰੀ ਰਾਮ ਪਾਲ ਢੈਪਈ, ਕਾ. ਬੂਟਾ ਸਿੰਘ ਤੋਂ ਇਲਾਵਾ ਸ਼ਹਿਰ ਦੇ ਪਤਵੰਤੇ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚੇ ਹੋਏ ਸਨ। ਇਸ ਮੌਕੇ ਭਾਰਤੀ ਕਲਾਸੀਕਲ ਨ੍ਰਿਤ ਦੀ ਉਭਰਦੀ ਕਲਾਕਾਰ ਜੋਬਨ ਚਾਹਲ ਨੇ ਕੱਥਕ ਦੀ ਪੇਸ਼ਕਾਰੀ ਕੀਤੀ। ਲੋਕ ਕਲਾ ਮੰਚ ਮੁਲਾਂਪੁਰ ਵੱਲੋਂ "ਮਿੱਟੀ ਰੁਦਨ ਕਰੇ" ਤੇ ਲੋਕ ਕਲਾ ਮੰਚ ਮਾਨਸਾ ਵੱਲੋਂ ਪ੍ਰੋ. ਔਲਖ ਦਾ ਲਿਖਿਆ ਨਾਟਕ "ਆਪਣਾ ਆਪਣਾ ਹਿੱਸਾ" ਖੇਡੇ ਗਏ। ਸ੍ਰੀ ਕੇ. ਕੇ. ਸਿੰਗਲਾ ਨੇ ਸਟੇਜ ਸਕੱਤਰੀ ਕੀਤੀ। ਪ੍ਰਸਿੱਧ ਕਹਾਣੀਕਾਰ ਸ੍ਰੀ ਜਸਵੀਰ ਢੰਡ ਵੱਲੋਂ ਸਨਮਾਨ ਪੱਤਰ ਪੜ੍ਹਿਆ ਗਿਆ। ਆਏ ਪਤਵੰਤਿਆਂ ਨੂੰ ਡਾ. ਹਰਮੰਦਰਜੀਤ ਕੌਰ ਜੋਗਾ, ਪ੍ਰਧਾਨ ਕਾ. ਜੰਗੀਰ ਸਿੰਘ ਜੋਗਾ ਚੈਰੀਟੇਬਲ ਸੁਸਾਇਟੀ ਨੇ ਜੀ ਆਇਆਂ ਕਿਹਾ। ਸ੍ਰੀ ਅਮਿਤ ਪ੍ਰਸਾਦ ਐਸ. ਐਸ. ਪੀ. ਮਾਨਸਾ ਵੱਲੋਂ ਇਸ ਸਮਾਗਮ ਦੇ ਨਿਰਵਿਘਨ ਸਮਾਪਤ ਹੋਣ ਤੇ ਸਾਰੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ।

ਵਿਸ਼ਵ ਪੰਜਾਬੀ ਕਵੀ ਸਭਾ ਦਾ ਪੁਨਰਗਠਨ

ਲੁਧਿਆਣਾ-ਵਿਸ਼ਵ ਪੰਜਾਬੀ ਕਵੀ ਸਭਾ ਦੀ ਇਕੱਤਰਤਾ ਨਵੀਂ ਕਚਿਹਰੀ ਦੇ ਚੈਂਬਰ ਨੰਬਰ: ੭੪੮ ਵਿਖੇ ਕਿਰਪਾਲ ਸਿੰਘ ਕਾਲੜਾ ਐਡਵੋਕੇਟ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸਰਵਸੰਮਤੀ ਨਾਲ ਡਾ. ਸੁਰਜੀਤ ਪਾਤਰ ਨੂੰ ਮੁੱਖ ਸਰਪ੍ਰਸਤ, ਪ੍ਰੋ. ਕਰਤਾਰ ਸਿੰਘ ਕਾਲੜਾ, ਪ੍ਰੋ. ਕੁਲਵੰਤ ਜਗਰਾਉਂ, ਇੰਦਰਜੀਤ ਹਸਨਪੁਰੀ, ਹਰਜੀਤ ਸਿੰਘ ਭੰਵਰਾ ਅਤੇ ਅਜੀਤ ਸਿੰਘ ਲਾਇਲ ਨੂੰ ਸਰਪ੍ਰਸਤ. ਕਿਰਪਾਲ ਸਿੰਘ ਕਾਲੜਾ, ਐਡਵੋਕੇਟ ਨੂੰ ਚੇਅਰਮੈਨ, ਗੁਰਚਰਨ ਕੌਰ ਕੋਚਰ ਨੂੰ ਉਪ-ਚੇਅਰ ਪਰਸਨ, ਜੋਗਿੰਦਰ ਸਿੰਘ ਕੰਗ ਨੂੰ ਪ੍ਰਧਾਨ, ਚਰਨਜੀਤ ਸਿੰਘ ਦੋਸ਼ੀ ਸੀਨੀਅਰ ਮੀਤ ਪ੍ਰਧਾਨ, ਅਮਰਜੀਤ ਕੌਰ ਨਾਜ਼ ਅਤੇ ਬੀਬਾ ਕੁਲਵੰਤ ਨੂੰ ਮੀਤ ਪ੍ਰਧਾਨ, ਗੁਰਦੀਪ ਸਿੰਘ ਮੱਕੜ ਨੂੰ ਜਨਰਲ ਸਕੱਤਰ, ਅਮਰਜੀਤ ਕੌਰ ਨੂਰੀ ਅਤੇ ਸਤਿਨਾਮ ਸਿੰਘ ਕੋਮਲ ਨੂੰ ਸਕੱਤਰ, ਅਮੀਰ ਸਿੰਘ ਰਾਣਾ ਅਤੇ ਸੰਪੂਰਨ ਸਿੰਘ ਸਨਮ ਨੂੰ ਮੀਡੀਆ ਸੱਕਤਰ, ਰਾਜਿੰਰ ਨਾਥ ਸ਼ਰਮਾ ਨੂੰ ਖਜ਼ਾਨਚੀ, ਹਰਦੇਵ ਸਿੰਘ ਕਲਸੀ ਨੂੰ ਆਡੀਟਰ, ਗੁਰਚਰਨ ਸਿੰਘ ਤਾਰਾ ਐਡਵੋਕੇਟ ਅਤੇ ਮੁਖ਼ਤਿਆਰ ਸਿੰਘ ਮਾਨ ਐਡਵੋਕੇਟ ਨੂੰ ਕਾਨੂੰਨੀ ਸਲਾਹਕਾਰ ਬਣਾਇਆ ਗਿਆ।

ਅਨਜਾਣ ਦੀ ਦੇ ਸਨਮਾਨ ਵਿਚ ਵਿਸ਼ੇਸ਼ ਸਮਾਗਮ

ਹਿੰਦੂ ਕਲਚਰਲ ਹੈਰੀਟੇਜ ਸੁਸਾਇਟੀ ਯੂ.ਕੇ ਤੇ ਹਿੰਦੂ ਕੌਂਸਲ ਯੂ.ਕੇ. ਵਲੋਂ ਭਾਰਤ ਤੋਂ ਆਏ ਲੇਖਕ, ਪੱਤਰਕਾਰ ਤੇ ਸਿੱਖਿਆ ਸ਼ਾਸ਼ਤਰੀ ਸ. ਤਾਰਾ ਸਿੰਘ ਅਨਜਾਣ ਦੇ ਸਨਮਾਨ ਵਿਚ ਵਿਸ਼ੇਸ਼ ਇੱਕਤਰਤਾ ਦਾ ਆਯੋਜਨ ਸਾਊਥਾਲ ਵਿਚ ਕੀਤਾ ਗਿਆ। ਇਸ ਦੀ ਪ੍ਰਧਾਨਗੀ ਹਿੰਦੂ ਕੌਂਸਲ ਦੇ ਜਨਰਲ ਸਕੱਤਰ ਸ੍ਰੀ ਅਨਿਲ ਭਨੋਟ ਨੇ ਕੀਤੀ। ਸਮਾਗਮ ਨੂੰ ਸ਼ੁਰੂ ਕਰਦਿਆਂ ਹਿੰਦੂ ਹੈਰੀਟੇਜ ਸੁਸਾਇਟੀ ਦੇ ਚੇਅਰਮੈਨ ਸ੍ਰੀ ਬ੍ਰਿਜ ਮੋਹਨ ਗੁਪਤਾ ਨੇ ਅਨਜਾਣ ਜੀ ਦਾ ਯੂ.ਕੇ.ਆਉਣ ਦੇ ਸੁਆਗਤ ਕੀਤਾ। ਉਹਨਾਂ ਕਿਹਾ ਕਿ ਅਸੀਂ ਭਾਰਤੀ ਭਾਵੇਂ ਸਰੀਰਕ ਤੌਰ ਤੇ ਯੂ.ਕੇ ਵਿਚ ਬੈਠੇ ਹਾਂ ਪਰ ਸਾਡਾ ਮਨ ਭਾਰਤ

ਵਿਚ ਹੈ। ਉਥੇ ਵਾਪਰਦੀਆਂ ਤਬਦੀਲੀਆਂ ਸਾਨੂੰ ਪ੍ਰਭਾਵਤ ਕਰਦੀਆਂ ਹਨ। ਏਥੇ ਅਸੀਂ ਵੱਖ-ਵੱਖ ਧਾਰਮਿਕ ਅਦਾਰਿਆਂ ਤੇ ਵਿਸ਼ਵਾਸਾਂ ਵਾਲੇ ਰਲ ਕੇ ਬੈਠ ਕੇ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਕਰਦੇ ਹਾਂ ਤੇ ਭਾਰਤ ਤੋਂ ਆਏ ਵਿਸ਼ੇਸ਼ ਵਿਅਕਤੀ ਦਾ ਹਿਰਦੇ ਤੋਂ ਸੁਆਗਤ ਕਰਦੇ ਹਾਂ।

ਪੱਤਰਕਾਰੀ ਦੇ ਖੇਤਰ ਵਿਚ ੩੨ ਸਾਲਾਂ ਤੋਂ ਆਪਣੀ ਪਛਾਣ ਬਣਾਈ ਬੈਠੇ 'ਏਸ਼ੀਅਨ ਅਫੇਅਰਜ਼' ਦੇ ਸ੍ਰੀ ਅਜੀਤ ਸਤਿ ਭੰਬਰਾ ਨੇ ਅਨਜਾਣ ਜੀ ਨਾਲ ਪੁਰਾਣੀ ਸਾਂਝ ਕਾਰਨ ਉਹਨਾਂ ਦੇ ਆਉਣ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਸਤਾਦ ਸੰਗੀਤਕਾਰ ਗੁਰਦੇਵ ਸਿੰਘ ਨੇ ਕਿਹਾ ਕਿ ਅਨਜਾਣ ਜੀ ਪ੍ਰਬੁੱਧ ਲੇਖਕ ਹੋਣ ਦੇ ਨਾਲ ਨਾਲ ਵਧੀਆ ਬੁਲਾਰੇ ਵੀ ਹਨ। ਦੋਵੇਂ ਗੁਣ ਕਿਸੇ ਕਿਸੇ ਵਿਚ ਹੁੰਦੇ ਹਨ। ਵਿਸ਼ਵ ਹਿੰਦੂ ਮੰਦਰ ਦੀ ਸਭਿਆਚਾਰਕ ਸਕੱਤਰ ਸ੍ਰੀਮਤੀ ਸਰਸਵਤੀ ਸ਼ਰਮਾ ਨੇ ਕਿਹਾ ਕਿ ਭਾਰਤੀ ਸਭਿਆਚਾਰ ਦੇ ਪ੍ਰਤੀਕ ਭਾਰਤੀ ਬਾਣੇ ਵਿਚ ਬੈਠੇ ਅਨਜਾਣ ਜੀ ਦੇ ਆਉਣ ਤੇ ਬਹੁਤ ਖੁਸ਼ੀ ਹੈ। ਪ੍ਰੀਤਮ ਸਿੰਘ ਰਾਹੀ ਨੇ ਕਿਹਾ ਕਿ ਉਹ ਸਤਿਗੁਰੂ ਰਾਮ ਸਿੰਘ, ਜਿਸ ਦੇ ਪੈਰੋਕਾਰ ਅਨਜਾਣ ਭਾਰਤ ਦੀ ਆਜ਼ਾਦੀ, ਧਰਮ ਤੇ ਸਮਾਜ ਨੂੰ ਦੇਣ ਦੇ ਮੁੱਦਈ ਹਨ ਪਰ ਕੁਝ ਵਿਰੋਧੀ ਤੱਤ ਇਸ ਬਾਰੇ ਮੈਨੂੰ ਮੇਰੇ ਪਰਚੇ "ਪਰਦੇਸੀ ਪੰਜਾਬ' ਵਿਚ ਬਣਦੀ ਥਾਂ ਦੇਣੋਂ ਰੋਕਦੇ ਹਨ। ਪਰ ਮੈਂ ਸੱਚ ਦੇ ਰਸਤੇ ਨੂੰ ਨਹੀਂ ਛੱਡ ਰਿਹਾ।

ਡਾ. ਰਘੁਨੰਦਨ ਸ਼ਰਮਾ ਨੇ ਉਹਨਾਂ ਵੱਲੋਂ ਯੂ.ਕੇ. ਵਿਚ ਆਯੁਰਦੇਵ ਦੀ ਇਲਾਜ ਪੱਧਤੀ ਦੇ ਸੰਘਰਸ਼ ਬਾਰੇ ਦਸਿਆ ਤੇ ਕਿਹਾ ਕਿ ਇਹ ਗੁਪਤਾ ਜੀ ਦਾ ਮਿਸ਼ਨ ਹੀ ਅੱਗੇ ਲੈ ਜਾ ਰਿਹਾ ਹੈ। ਸ੍ਰੀ ਅਨਿਲ ਸ਼ਰਮਾ ਨੇ ਹਿੰਦੂ ਕੌਂਸਲ ਤੇ ਹੋਰ ਸੰਸਥਾਵਾਂ ਵੱਲੋਂ ਸ੍ਰੀ ਅਨਜਾਣ ਜੀ ਦਾ ਸੁਆਗਤ ਕੀਤਾ। ਉਹਨਾਂ ਇਸ ਇਕੱਤਰਤਾ ਨੂੰ ਬਹੁਤ ਹੀ ਮਹੱਤਵਪੂਰਨ ਦਸਿਆ ਕਿਉਂਕਿ ਅਸੀਂ ਭਾਰਤੀ ਧਰਮ, ਦਰਸ਼ਨ, ਭਾਸ਼ਾ, ਸਭਿਆਚਾਰ ਬਾਰੇ ਭਰਪੂਰ ਚਰਚਾ ਕਰ ਰਹੇ ਹਾਂ। ਸ੍ਰੀ ਸੁਰਿੰਦਰ ਸੂਦ ਤੇ ਰਾਜਿੰਦਰ ਸਿੰਘ ਨੇ ਗੁਪਤਾ ਜੀ ਰਾਹੀਂ ਆਯੋਜਤ ਇਸ ਸਮਾਗਮ ਦੀ ਪ੍ਰਸੰਸਾ ਕੀਤੀ ਤੇ ਕਿਹਾ ਗੁਪਤਾ ਜੀ ਅੱਗੇ ਆਉਣ ਤੇ ਪਾਰਲੀਮੈਂਟ ਦੀਆਂ ਚੋਣਾਂ ਲੜਨ। ਅਸੀਂ ਉਹਨਾਂ ਲਈ ਤਨੋਂ, ਮਨੋਂ ਤੇ ਧਨੋਂ ਕੰਮ ਕਰਾਂਗੇ। ਐਸੀਆਂ ਬੈਠਕਾਂ ਹੋਣੀਆਂ ਅਤੇ ਅਨਜਾਣ ਵਰਗੇ ਬੁਧੀਜੀਵੀਆਂ ਨੂੰ ਮਿਲਣਾ ਸਾਡੇ ਲਈ ਮਾਣ ਦੀ ਗੱਲ ਹੈ।

ਇੰਟਰਨੈਸ਼ਨਲ ਵੇਜੀਟੇਰੀਅਨ ਯੂਨੀਅਨ ਦੇ ਸਹਾਇਕ ਜਨਰਲ ਸਕੱਤਰ ਅਮਰਜੀਤ ਸਿੰਘ ਭਮਰਾ ਨੇ ਕਿਹਾ ਕਿ ਅਨਜਾਣ ਜੀ ਨਾਲ ਸਾਡੀ ਸਾਂਝ ਸਾਡੇ ਪਿਤਾ ਜੀ ਸੰਤ ਖੜਕ ਸਿੰਘ ਭਮਰਾ ਦੀ ਦੇਣ ਹੈ। ਇਹ ਦੋ ਦਰਜਨ ਤੋਂ ਵੱਧ ਪੁਸਤਕਾਂ ਦੇ ਲੇਖਕ, ਸਤਿਜੁਗ ਸਪਤਾਹਿਕ ਦੇ ਸੰਪਾਦਕ ਤੇ ਸਿੱਖਿਆ ਦੇ ਖੇਤਰ ਵਿਚ ਪ੍ਰਸਿਧ ਹਸਤੀ ਹਨ। ਇਹਨਾਂ ਦੇ ਸਨਮਾਨ ਵਿਚ ਸਮਗਮ ਕਰਕੇ ਅਸੀਂ ਮਾਣ ਮਹਿਸੂਸ ਕਰਦੇ ਹਾਂ।

ਦ ਸਿੱਖ ਟਾਈਮਜ਼ ਦੇ ਮੈਨੇਜਿੰਗ ਐਡੀਟਰ ਸ. ਜਸਪਾਲ ਸਿੰਘ ਬੈਂਸ ਨੇ ਏਥੇ ਆਉਣ ਵਿਚ ਆਪਣੇ ਧੰਨ ਭਾਗ ਸਮਝੇ ਤੇ ਕਿਹਾ ਕਿ ਅਸੀਂ ਆਪਣੀ ਭਾਸ਼ਾ ਤੇ ਸਭਿਆਚਾਰ ਲਈ ਕੰਮ ਕਰਦੇ ਰਹੀਏ ਤੇ ਅਨਜਾਣ ਜੀ ਵਰਗਿਆਂ ਦੇ ਗੁਣਾਂ ਦਾ ਫਾਇਦਾ ਉਠਾਈਏ।

ਅਨਜਾਣ ਜੀ ਨੇ ਕਿਹਾ ਕਿ ਭਾਸ਼ਾ ਤੇ ਸਭਿਆਚਾਰ ਸਾਨੂੰ ਧਰਮ ਦੀਆਂ ਹੱਦਾਂ ਤੋਂ ਪਾਰ ਲੈ ਜਾ ਕੇ ਜੋੜਦਾ ਹੈ। ਅਸੀਂ ਜੇ ਦੂਜੇ ਦੇ ਧਰਮ ਤੇ ਵਿਸ਼ਵਾਸ ਦਾ ਆਦਰ ਕਰਾਂਗੇ ਤਾਂ ਉਸ ਦੀ ਵੀ ਇਹੀ ਭਾਵਨਾ ਹੋਵੇਗੀ। ਹਿੰਦੂ ਸ਼ਬਦ ਸਾਡੇ ਧਰਮ ਹੀ ਨਹੀਂ ਸਭਿਆਚਾਰ ਦਾ ਵੀ ਪ੍ਰਤੀਕ ਹੈ। ਇਸ ਸਭਿਆਚਾਰ ਤੇ ਭਾਸ਼ਾ ਨੂੰ ਸਰਕਾਰਾਂ ਨੇ ਨਹੀਂ ਸਾਡੇ ਘਰਾਂ ਪਰਿਵਾਰਾਂ ਨੇ ਅਪਣਾ ਕੇ ਜ਼ਿੰਦਾ ਰੱਖਣਾ ਹੈ। ਇਹ ਸਾਡੇ ਘਰਾਂ ਵਿਚੋਂ ਨਾ ਮਰਨ। ਧਰਮ ਦੀ ਸ੍ਰੇਸ਼ਟਤਾ ਬਾਰੇ ਉਹਨਾਂ ਨੇ ਕਿਹਾ ਕਿ ਸਤਿਗੁਰੂ ਜਗਜੀਤ ਸਿੰਘ ਨੇ ਜਪਾਨ ਵਿਚ ਹੋਈ ਧਰਮਾਂ ਦੀ ਇਕ ਵਿਸ਼ੇਸ਼ ਸਭਾ ਵਿਚ ਗੁਰਬਾਣੀ ਦੀ ਟੂਕ ਦੇ ਕੇ ਕਿਹਾ ਸੀ ਕਿ ਹਰੀ ਦਾ ਨਾਮ ਜਪਣਾ ਤੇ ਨਿਰਮਲ ਕਰਮ ਕਰਨੇ ਹੀ ਸ੍ਰੇਸ਼ਟ ਧਰਮ ਹੈ। ਉਹਨਾਂ ਇਸ ਵਿਸੇਸ਼ ਬੈਠਕ ਉਤੋਂ ਸਭ ਪ੍ਰਤੀ ਅਭਾਰ ਪ੍ਰਗਟ ਕੀਤਾ। ਅਨਜਾਣ ਜੀ ਨਾਲ ਆਈ ਉਹਨਾਂ ਦੀ ਸੁਪਤਨੀ ਬੀਬੀ ਜਸਪਾਲ ਕੌਰ ਨੂੰ ਸਰਸਵਤੀ ਜੀ ਨੇ ਫੁੱਲਾਂ ਦਾ ਗੁਲਦਾਸਤਾ ਭੇਟ ਕੀਤਾ।

ਅਨਜਾਣ ਜੀ ਨੂੰ ਅਯੋਜਕਾਂ ਵਲੋਂ ਸ੍ਰੀ ਮਤੀ ਗਿਆਨ ਕੌਰ ਭਮਰਾ, ਸ੍ਰੀ ਅਨਿਲ ਭਨੋਟ ਤੇ ਸ੍ਰੀ ਬ੍ਰਿਜ ਮੋਹਨ ਗੁਪਤਾ ਹਥੀਂ ਪੈਨਾਂ ਦਾ ਸੈਟ ਤੇ ਮਾਇਆ ਪ੍ਰਦਾਨ ਕੀਤੀ ਗਈ। ਮੰਚ ਸੰਚਾਲਕ ਸ੍ਰੀ ਗੁਪਤਾ ਜੀ ਨੇ ਇਸ ਸਮੇਂ ਆਏ ਵਿਅਕਤੀਆਂ ਦਾ ਧੰਨਵਾਦ ਕੀਤਾ।

ਇਸ ਇਕੱਤਰਤਾ ਵਿਚ ਅਵਤਾਰ ਸਿੰਘ ਮੋਢੀ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਟੈਂਪਲ, ਰਣਜੀਤ ਸਿੰਘ ਮੋਖਾ-ਮੈਂਬਰ ਕਾਰਜਕਾਰਨੀ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਰਣਜੀਤ ਸਿੰਘ ਕਲੇਰ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਇੰਟਰਨੈਸ਼ਨਲ ਹਿਊਮਨ ਰਾਈਟਸ ਅਗਰੇਨਾਈਜੇਸ਼ਨ, ਜੀਵਨ ਕੈਂਥ, ਜਨਰਲ ਸਕੱਤਰ ਹਿੰਦੂ ਕਲਚਰ ਅਤੇ ਹੈਰੀਟੇਜ ਸੁਸਾਇਟੀ ਯੂ.ਕੇ., ਸ. ਮਨਜੀਤ ਸਿੰਘ, ਨਿਰਪਾਲ ਸਿੰਘ ਸ਼ੇਰਗਿੱਲ, ਤਰਲੋਕ ਸਿੰਘ ਭਮਰਾ ਆਦਿ ਨੇ ਆਪਣੀ ਸ਼ਿਰਕਤ ਨਾਲ ਇਸ ਸਮਾਗਮ ਦੀ ਸ਼ਾਨ ਵਧਾਈ।

—ਅਮਰਜੀਤ ਸਿੰਘ ਭਮਰਾ
ਸਾਊਥਾਲ (ਯੂ.ਕੇ)

ਪ੍ਰਤੀਕਿਰਿਆ

ਜੂਨ ਦੀ ਜਿਲਦ ਪਿੰਡ ਦੇ ਪਤੇ ਤੇ ਪੁੱਜ ਗਈ ਹੈ। ਤੁਸੀਂ ਇਥੇ ਭੇਜ ਸਗੋਂ ਡਾਕੀਏ ਨੂੰ ਭੀ ਸੁਚੇਤ ਕਰ ਦਿੱਤਾ ਹੈ, ਨਹੀਂ ਤੇ ਪ੍ਰਦੇਸੀਆਂ ਨੂੰ ਤੇ ਦੇਸ ਹੀ ਭੁੱਲ ਜਾਂਦਾ ਹੈ। ਸ਼ਰੀਕਾ ਭਾਈਚਾਰਾ ਤੇ ਆਪਣੀ ਸੁਵਿਧਾ ਲਈ ਇਹੁ ਹੀ ਸੋਚਦਾ ਰਹਿੰਦਾ ਹੈ ਕਿ ਬੁਢਿਆਂ ਪ੍ਰਦੇਸੀਆਂ ਦਾ ਤੇ ਬਾਹਰ ਹੀ ਅੰਤ ਹੋ ਜਾਣਾ ਹੈ।

ਦਲੀਪ ਸਿੰਘ ਨਾਮਧਾਰੀ ਨਾਲ ਮੇਰੀ ਪਹਿਲੀ ਮੁਲਾਕਾਤ ੧੯੭੩ ਵਿਚ ਹੋਈ ਜਦੋਂ ਇਹ ਸੰਤ ਲਛਮਣ ਸਿੰਘ ਦੀ ਖੇਤੀ ਬਾੜੀ ਜੰਤਰ ਪੈਦਾ ਕਰ ਰਹੀ ਵਰਕਸ਼ਾਪ ਵਿਚ ਫ਼ਗਵਾੜੇ ਦਫਤਰੀ ਮਸ਼ੀਨਰੀ ਦੀ ਸੰਭਾਲ ਕਰਿਆ ਕਰਦੇ ਸਨ। ਸਤਿਜੁਗ ਰਾਹੀਂ ਮੇਰਾ ਇਨ੍ਹਾਂ ਨਾਲ ਡੂੰਘਾ ਸੰਪਰਕ ਬਣ ਚੁੱਕਾ ਸੀ ਜੋ ਇਨ੍ਹਾਂ, ਦੇ ਖਿੜੇ ਮਸਤਕ ਤੇ ਮਿਲਣੀ ਦੇ ਅਨੰਦ ਵਿਚੋਂ ਫੁੱਟ ਫੁੱਟ ਵਹਿ ਰਿਹਾ ਸੀ। ਸਤਿਜੁਗ ਦੁਆਰਾ ਤੇ ਇਨ੍ਹਾਂ ਦੀ ਉਭਰਦੀ ਸ਼ਖਸੀਅਤ ਮੇਰੇ ਮਨ ਨੂੰ ਇਕ ਹੋਣਹਾਰ ਲੇਖਕ, ਸ਼ਾਨਦਾਰ ਬੁਲਾਰੇ ਅਤੇ ਅਤੀ ਸੁੱਘੜ ਪ੍ਰਬੰਧਕ ਦਾ ਪਰਗਟਾਵਾ ਕਰਵਾ ਰਹੀ ਸੀ, ਪਰੰਤੂ ਪੁਸਤਕ ਕੂਕਾ ਲਹਿਰ ਦੇ ਉਦਘਾਟਨ ਤੇ ਜਦੋਂ ਮੈਂ ਉਨ੍ਹਾਂ ਨੂੰ ਮਿਲਿਆ, ਉਹਨਾਂ ਦੇ ਪਹਿਲੇ ਸ਼ਬਦ ਸਨ, "ਹੁਣ ਤੇ ਬੁੱਢੇ ਹੋ ਗਏ ਹਾਂ"... ਮੈਂ ਸਮਝ ਨਾ ਸਕਿਆ ਕਿ ਉਹ ਆਪਾ ਦਰਸਾ ਰਹੇ ਹਨ ਜਾਂ ਮੇਰੇ ਸਫੇਦ ਦਾਹੜੇ ਨੂੰ ਮੇਰੇ ਹੀ ਅੱਗੇ ਰੂਪਮਾਨ ਕਰ ਰਹੇ ਹਨ ਤੇ ਮੇਰੇ ਮੂਹੋਂ ਇਕ ਦਮ ਹੀ ਨਿਕਲ ਗਿਆ 'ਅਜੇ ਨਹੀਂ ਬੜੀ ਦੂਰ ਜਾਣਾ ਹੈ'। ਉਨ੍ਹਾਂ ਦੀ ਦੇਰ ਤੋਂ ਢਿਲੀ ਚਲੀ ਆ ਰਹੀ ਸਿਹਤ ਦਾ ਭੀ ਵਿਛੜ ਕੇ ਹੀ ਪਤਾ ਚਲਿਆ। ਸਤਿਗੁਰੂ ਆਪਣੇ ਇਸ ਸੱਚੇ ਸੇਵਕ ਤੇ ਔਖਕ ਕਰਿਦੇ ਨੂੰ ਸਦਗਤੀ ਪ੍ਰਦਾਨ ਕਰਨ ਤੇ ਪਿੱਛੇ ਪਰਿਵਾਰ ਵਿਚ ਭਾਣਾ ਮਨਣ ਦੀ ਸਮਰਥਾ। ਮਾਸਟਰ ਅਮਰੀਕ ਸਿੰਘ ਤੇ ਜੁਗਿੰਦਰ ਸਿੰਘ ਮੁਕਤਾ ਨੇ ਅਪਨੇ ਸਨੇਹ ਦਾ ਪਰਗਟਾ ਕਿੰਨੇ ਸੁਹਣੇ ਢੰਗ ਨਾਲ ਕੀਤਾ ਹੈ ਵਿਰਕ ਜੀਆਂ ਦੇ ਲੇਖ ਨੇ ਉਨ੍ਹਾਂ ਦੇ ਦਿਲ ਦੀ ਡੂੰਘਾਈ ਨੂੰ ਹੋਰ ਭਰਪੂਰ ਗੰਭੀਰਤਾ ਦੇ ਸਨਮੁਖ ਖੜਾ ਕੀਤਾ ਹੈ।

ਬੇਦੀ ਜੀ ਦੇ ਸ਼ੁਕਰਾਨੇ ਦਾ ਮੁਲ ਮਾਨਣ ਲਈ ਅਜੇ ਭਾਰਤੀ ਮਾਨੁਖਤਾ ਬਹੁਤੀ ਤਿਆਰ ਨਹੀਂ ਦਿਸਦੀ। ਮੈਂ ਜਿਸ ਨੂੰ ਸ਼ੁਕਰਾਨੇ ਵਜੋਂ ਦੋ ਲਫ਼ਜ਼ ਆਖੇ ਅਗੋਂ ਅਜਿਹੇ ਉਤਰ ਹੀ ਮਿਲੇ-ਸਾਨੂੰ ਲਫਜ਼ ਨਹੀਂ ਨੋਟ ਚਾਹੀਏ, ਬੋਤਲ ਚਾਹੀਏ।

ਡਾ. ਹਰਨਾਮ ਸਿੰਘ ਸ਼ਾਨ ਦੇ ਲੇਖ ਨੇ ਗੁਰੂ ਅਰਜਨ ਦੇਵ ਜੀਆਂ ਦੇ ਸ਼ਹਾਦਤ ਸੰਬੰਧਤ ਵਿਚ ਪਾਠਕਾਂ ਵਾਸਤੇ ਵੱਧ ਤੋਂ ਵੱਧ ਚਾਨਣ ਦਰਸਾਉਣ ਦਾ ਸਫ਼ਲ ਜਤਨ ਕੀਤਾ ਹੈ। ਧੰਨਵਾਦ।

ਵਿਰਕ ਜੀਆਂ, ਲਹਿਰਾਂ ਪ੍ਰਦੇਸਣ, ਸੁਨੇਹੜੇ ਤੇ ਸਫ਼ਰ ਨੂੰ ਚੰਗੀ ਤਰ੍ਹਾਂ, ਪੜ੍ਹ ਕੇ ਬੜੇ ਵਿਸਥਾਰ ਨਾਲ ਪਾਠਕਾਂ ਅਗੇ ਪੇਸ਼ ਕਰਨ ਲਈ ਕਿੰਨਾ ਸਮਾਂ ਲਗਾਇਆ ਹੈ ਤੇ ਅਗੇ ਨੂੰ 'ਹੇ ਵਣਜਾਰੇ' ਤੇ ਲਗਾਉਣ ਦਾ ਵਚਨ ਭੀ ਦਿੱਤਾ ਹੈ। ਕੋਟੀ ਕੋਟੀ ਧੰਨਵਾਦ।

ਕਾਲੜਾ ਜੀ ਦੀਆਂ ਕਵਿਤਾਵਾਂ 'ਚਾਨਣ ਚਾਨਣ ਮੈਂ' ਨੂੰ ਰੂਪਮਾਨ ਕਰ ਰਹੀਆਂ ਹਨ। ਸਨੇਹੀ ਜੀਆਂ ਦੇ ਬਾਰਾਂ ਮਾਹਾਂ ਦੇ ਇਸ ਆਖਰੀ ਤੇ ਤੇਂਤਵੀ ਕਿਸ਼ਤ ਵਿਚ ਕਵਿਤਾ ਦੇ ਅਲੋਚਨਾਤਮਿਕ ਅਧਿਐਨ ਨੂੰ ਬੜੇ ਧਿਆਨ ਨਾਲ ਪੜ੍ਹਨ ਤੋਂ ਬਾਦ ਮੈਂ ਸੋਚਾਂ ਵਿਚ ਜ਼ਰੂਰ ਪਿਆ ਹਾਂ ਕਿ ਕੀ "ਤੇਰਾ ਥਾਉਂ ਕਿਸੇ ਨਦੀ ਕਿਨਾਰੇ ਤੇਰਾ ਥਾਉਂ ਕਿਸੇ ਜੰਗਲ ਬੇਲੇ, ਤੇਰੇ ਲਈ ਅਰਸ਼ਾਂ ਤੇ ਉਡਨਾ ਤੇ ਗੌਂਦੇ ਫਿਰਨ ਅਕੇਲੇ", ਇਨ੍ਹਾਂ ਸਤਰਾਂ ਨੂੰ ਪੇਸ਼ ਕਰਨ ਵਾਲਾ ਕਵੀ ਭੀ ਇਨਾਂ, ਸਾਰਿਆਂ ਵਾਦਾਂ, ਅਲੰਕਾਰਾਂ ਦਾ ਖਿਆਲ ਰਖਦਾ ਹੋਵੇਗਾ ਜਾਂ ਸ਼ਬਦਾਂ ਦੇ ਨਿਰੰਤਰ ਪਰਵਾਹ ਵਿਚ ਆਪਾ ਵਹਾ ਕੇ ਕਿਸੇ ਗੰਗਾ ਮਈਆ ਨੂੰ ਜਨਮ ਦੇ ਰਿਹਾ ਹੋਵੇਗਾ। ਅਲੰਕਾਰਾਂ ਦੇ ਪਥਰਾਂ ਦੀ ਸੋਚ ਸੀਤਲ ਤੇ ਸ਼ਾਂਤ ਵਹਾ ਵਿਚ ਉਹ ਅਨੰਦ ਮਈ ਰਸ ਨਹੀਂ ਰਹਿਣ ਦੇਂਦੀ। ਕਵਿਤਾ ਤੇ ਐਨਾ ਡੂੰਘਾ ਧਿਆਨ ਦਵਾਉਣ ਲਈ ਧੰਨਵਾਦ।

"ਸਹੁ ਜਾਗੈ ਹਉਂ ਨਿਸ ਭਰ ਸੋਵਾਂ, ਯਥਾਰਥਵਾਦੀ ਲੇਖਕ ਤੇ ਕਲਿਯੁਗ ਵਰਦਾਨ" ਤਿਨੋ ਲੇਖ ਆਤਮਿਕ ਜੀਵਨ ਵਾਲਿਆਂ ਦੀ ਵਡਮੁਲੀ ਖੁਰਾਕ ਹਨ।

ਚੰਗਾ ਹੋਇਆ ਅੰਮ੍ਰਿਤਾ ਪ੍ਰੀਤਮ ਅੰਕ ਵਾਲੀ ਗਲਤੀ ਸੁਧਾਰੀ ਗਈ। ਗੱਲ ਗੱਲ ਲੰਮੀਆਂ ਬਾਹਾ ਨੂੰ ਮੈਂ ਗਜ-ਗਜ ਲੰਮੀਆਂ ਆਪ ਹੀ ਬਣਾ ਲਿਆ ਸੀ ਪ੍ਰੰਤੂ ਅੰਮ੍ਰਿਤਾ ਪ੍ਰੀਤਮ ਤੇ ਮੋਹਣ ਸਿੰਘ ਸਮਕਾਲੀ ਹੋਣ ਕਾਰਨ ਕਵਿਤਾ ਨੂੰ ਨਖੇੜ ਨਹੀਂ ਸਕਿਆ। ਵੈਸੇ ਵੀ ਅੱਜ ਕਲ ਜਾਂ ਕਾਫੀ ਸਾਲਾਂ ਤੋਂ ਗੁਰਬਾਣੀ ਤੋਂ ਬਗੈਰ ਮੇਰੇ ਪਾਸ ਹੋਰ ਪੜ੍ਹਨੇ ਵਾਚਨੇ ਲਈ ਬਹੁਤਾ ਸਮਾਂ ਹੀ ਕਿੱਥੇ ਮਿਲਦਾ ਹੈ। ਹਾਂ ਭਗਵਤ ਗੀਤਾ ਤੇ ਹੋਰ ਯੋਗ ਆਦ ਪੁਸਤਕਾਂ ਲਈ ਮੈਂ ਸਮਾਂ ਜ਼ਰੂਰ ਬਣਾ ਲੈਂਦਾ ਹਾਂ।

ਲਿਖਣੇ ਨੂੰ ਤੇ ਬੜਾ ਕੁਝ ਹੈ, ਲਗਦਾ ਹੈ ਹੁਣ ਕੁਝ ਵਿਹਲ ਭੀ ਮਿਲ ਜਾਵੇਗੀ ਕਿਉਂਕਿ ਸਫ਼ਰ ਦੇ ਪਏ ਕਾਫ਼ੀ ਝਮੇਲੇ ਸਰਲ ਹੋ ਚੁੱਕੇ ਹਨ....

ਦਲਬੀਰ ਸਿੰਘ ਤਰਸ ਸਿਡਨੀ ਆਸਟ੍ਰੇਲੀਆ
(ਹਾਲ ਪਿੰਡ-ਡਾਕ ਮੁਠੱਡਾ ਕਲਾਂ
ਵਾਇਆ ਫਲੌਰ ਜਲੰਧਰ)

ਤੁਹਾਡੇ ਵਲੋਂ ਲਗਾਤਾਰ ਭੇਜਿਆ ਜਾ ਰਿਹਾ ਤੋਹਫਾ ਵਰਿਆਮ ਹਰ ਮਹੀਨੇ ਪਹਿਲੀ ਤਾਰੀਖ ਤੋਂ ਵੀ ਪਹਿਲਾਂ ਮਿਲ ਜਾਂਦਾ ਹੈ। ਸ਼ਾਇਦ ਹੀ ਕੋਈ ਹੋਰ ਪੰਜਾਬੀ ਪਰਚਾ ਨਿਰੰਤਰ ਇਸ ਤਰ੍ਹਾਂ ਸਮੇਂ ਸਿਰ ਨਿਕਲਦਾ ਹੋਵੇ। ਕਹਾਣੀਆਂ ਕਵਿਤਾਵਾਂ ਗ਼ਜ਼ਲਾਂ ਅਤੇ ਨਾਮਧਾਰੀ ਲਹਿਰ/ਦਰਬਾਰ ਬਾਰੇ ਬੜਾ ਕੁਝ ਮੁਲਵਾਨ ਜ਼ਿੰਦਗੀ ਨੂੰ ਨਰੋਈ ਸੇਧ ਦੇਣ ਵਾਲਾ ਮੈਟਰ ਪੜ੍ਹਣ ਨੂੰ ਮਿਲ ਜਾਂਦਾ ਹੈ ਜੋ ਸੁਹਜ ਸੁਆਦ ਦੀ ਵੀ ਤ੍ਰਿਪਤੀ ਕਰਦਾ ਹੈ।

ਕੁਲਵੰਤ ਜਗਰਾਓ
੪-ਸ਼ਹੀਦ ਕਰਨੈਲ ਸਿੰਘ ਨਗਰ ਫੇਜ਼-੨
ਪੱਖੋਵਾਲ ਰੋਡ, ਲੁਧਿਆਣਾ।

ਆਪ ਜੀ ਦੀ ਭਾਵਪੂਰਤ ਪੱਤ੍ਰਿਕਾ ਮਿਲੀ। ਮੈਂ ਆਪ ਜੀ ਦੇ ਸ਼ੁਭ-ਵਿਚਾਰਾਂ ਨਾਲ ਸਹਿਮਤ ਹਾਂ। ਆਉਣਾ-ਜਾਣਾ ਪ੍ਰਭੂ ਦੇ ਹੁਕਮ ਅਨੁਸਾਰ ਹੈ। ਵਿਛੋੜਾ ਬਹੁਤ ਹਦ ਤਕ ਦੁਖਦਾਈ ਹੁੰਦਾ ਹੈ, ਪਰ ਪ੍ਰਭੂ ਦੇ ਹੁਕਮ ਅਨੁਸਾਰ ਇਸਨੂੰ ਮੰਨਣਾ, ਪ੍ਰਭੂ ਦੀ ਕਿਰਪਾ ਨਾਲ ਹੀ ਹੋ ਸਕਦਾ ਹੈ। ਆਪ ਨੇ ਆਪਣੀ ਪੱਤ੍ਰਿਕਾ "ਵਰਿਆਮ" ਵਿਚ ਮੇਰੀ ਪੁਸਤਕ ਵਿਚੋਂ ਬੀਬੀ ਫੂਲ ਜੀ ਬਾਰੇ ਢੁਕਵਾਂ ਪ੍ਰਕਰਣ ਛਾਪਿਆ ਹੈ, ਧੰਨਵਾਦ। ਦੋਸਤਾਂ-ਮਿੱਤਰਾਂ ਦੇ ਪੱਤਰਾਂ ਨਾਲ ਧਰਵਾਸ ਮਿਲਦਾ ਹੈ। ਪ੍ਰੇਮ ਸਹਿਤ।

ਡਾ. ਮਾਨ ਸਿੰਘ ਨਿਰੰਕਾਰੀ
ਚੰਡੀਗੜ੍ਹ

ਸ਼ਾਨ ਦੇ ਨਿਸ਼ਾਨ—ਵਰਿਆਮ ਦੇ ਜੂਨ ੨੦੦੬ ਦੇ ਅੰਕ ਵਿਚ ਡਾ: ਹਰਨਾਮ ਸਿੰਘ ਸ਼ਾਨ ਦੀ ਲਿਖਤ-"ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਮੂਲ ਕਾਰਨ ਤੇ ਅਸਲ ਦੋਸ਼ੀ" ਸ੍ਰੀ ਗੁਰੂ ਜੀ ਦੀ ਅਪੂਰਵ ਸ਼ਹੀਦੀ ਬਾਰੇ ਲੇਖਕ ਦੀ ਖੋਜ ਭਰੀ ਲਿਖਤ ਦੀ ਯਾਦ ਸਜਰੀ ਕਰ ਗਈ ਕਿਉਂਕਿ ਇਹ ਲੇਖ ਕਈ ਵਾਰੀ ਕਈ ਥਾਂ ਪੜ੍ਹਿਆ ਹੈ। ਡਾ. ਸ਼ਾਨ ਨੇ ਬੇਸ਼ਕ ਪ੍ਰਿਥੀ ਚੰਦ ਤੇ ਚੰਦੂ ਆਦਿਕ ਨਾਲ ਜੁੜੀ ਪਰੰਪਰਾਗਤ ਘਟਨਾਵਾਂ ਚੱਕਰਾਂ ਨੂੰ ਤੇ ਸਾਖੀਆਂ ਨੂੰ ਬੋਨਾ ਸਿੱਧ ਕਰ ਦਿੱਤਾ ਹੈ। ਇਹ ਵੀ ਇਤਿਹਾਸ ਹੈ ਕਿ ਗੁਰੂ ਘਰ ਨੂੰ ਜਹਾਂਗੀਰ ਵੱਲੋਂ ਕੁਝ ਜੁਰਮਾਨਾ (ਢਾਈ ਲੱਖ ਜਾਂ ਇਕ ਲੱਖ ਟੱਕੇ ਉਸ ਸਮੇਂ ੪੦ ਟਕੇ ਦਾ ਰੁਪਈਆ ਡਾ. ਕਿਰਪਾਲ ਸਿੰਘ ਲੇਖਕ ਜਨਮ ਸਾਖੀ ਪਰੰਪਰਾ, ਅਨੁਸਾਰ ਹੁੰਦਾ ਸੀ) ਸੋ ਦਸ ਹਜ਼ਾਰ ਜਾਂ ਚਾਰ ਹਜ਼ਾਰ ਰੁਪਏ ਭਰਕੇ ਚੰਦੂ ਦੀਵਾਨ ਨੇ ਸਰਕਾਰੀ ਮੁਜਰਿਮ (ਗੁਰੂ ਜੀ) ਨੂੰ ਆਪਣੇ ਕੰਟਰੋਲ ਵਿਚ ਲੈ ਲਿਆ ਸੀ। "ਸਾਸਾ" ਅਨੁਸਾਰ ਫਕੀਰਾਂ ਨੂੰ ਤਸੀਹੇ ਦੇ ਮਾਰਿਆ ਜਾਂਦਾ ਸੀ ਕਿਉਂ ਕਿ ਇਸਲਾਮੀ ਸੋਚ ਅਨੁਸਾਰ ਪੀਰਾਂ-ਫਕੀਰਾਂ ਦੇ ਖ਼ੂਨ ਦੇ ਕਤਰਿਆਂ ਵਿਚੋਂ ਪੈਦਾ ਹੋਏ ਜਿੰਨਾਤ ਕਰਾਮਾਤੀ ਨੁਕਸਾਨ ਕਰ ਸਕਦੇ ਸਨ। ਇਹ ਵੀ ਇਤਿਹਾਸ ਹੈ ਕਿ ਗੁਰੂ ਜੀ ਨੂੰ ਸਾਰੇ ਤਸੀਹੇ ਚੰਦੂ ਦੀ ਹਵੇਲੀ ਦੇ ਅੰਦਰ ਹੀ ਦਿੱਤੇ ਗਏ ਤੇ ਇਸ ਟਿਕਾਨੇ ਦਾ ਪਤਾ ਸਿੱਖਾਂ ਨੂੰ ਸਾਈਂ ਮੀਆਂ ਮੀਰ ਜੀ ਤੋਂ ਲੱਗਾ। ਲਾਹੌਰ ਦੀ ਹਕੂਮਤ, ਪ੍ਰਿਥੀਚੰਦ, ਚੰਦੂ ਤੇ ਸੁਲਹੀ ਦੀ ਸਾਂਝੀ ਸਾਜ਼ਿਸ਼ ਦੇ ਪਿਛੋਕੜ ਨੂੰ ਨਜ਼ਰੰਦਾਜ਼ ਕਰਕੇ ਪ੍ਰਿਥੀ ਚੰਦ ਦੀ ਹਿੱਸੇਦਾਰੀ ਦਾ ਨਿਖੇਧ ਵੀ ਨਹੀਂ ਕੀਤਾ ਜਾ ਸਕਦਾ। ਪ੍ਰਿਥੀ ਚੰਦ ਤੇ ਉਸ ਦੇ ਪਰਿਵਾਰ ਨੇ ਮੌਕੇ ਦਾ ਫਾਇਦਾ ਉਠਾ ਕੇ ਪ੍ਰਿਥੀ ਚੰਦ ਨੂੰ ਛੇਵਾਂ ਗੁਰੂ ਘੋਸ਼ਿਤ ਕਰਾ ਦਿੱਤਾ ਸੀ। ਮਗਰੋਂ ਉਸ ਦੇ ਪੁੱਤਰ ਮੇਹਰਬਾਨ ਤੇ ਪੋਤਰੇ ਹਰਿ ਜੀ ਨੇ ਕ੍ਰਮਵਾਰ ਮਹੱਲਾ ਸੱਤਵਾਂ ਅੱਠਵਾਂ ਲਿਖ ਕੇ ਬਾਣੀ ਵੀ ਰਚੀ ਤੇ ਨਾਨਕ ਛਾਪ ਦੀ ਵਰਤੋਂ ਕੀਤੀ। ਸਮਾਂ ਪਾ ਕੇ ਛੇਵੇਂ ਗੁਰੂ ਜੀ ਵੱਲੋਂ ਮੰਗ ਕਰਨ ਤੇ ਜਹਾਂਗੀਰ ਨੇ ਚੰਦੂ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਚੰਦੂ ਦੀ ਮੌਤ ਦਾ ਸਾਰਾ ਪ੍ਰਸੰਗ ਡਾ. ਸ਼ਾਨ ਦੇ ਖੋਜੀ ਕਥਨ ਅਨੁਸਾਰ ਗੁਰੂ ਜੀ ਵੱਲੋਂ ਇਕ ਅਨਿਆਂ ਹੋ ਜਾਂਦਾ ਹੈ ਜਿਸ ਨੂੰ ਕੋਈ ਗੈਰਤਮੰਦ ਸਿੱਖ ਸਵੀਕਾਰ ਨਹੀਂ ਕਰ ਸਕਦਾ। ਚੰਦੂ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਦੇ ਮਾਕੂਲ ਕਾਰਨ ਸਨ ਕਿਉਂਕਿ ਜਹਾਂਗੀਰ ਪਸ਼ਚਾਤਾਪ ਕਰ ਚੁੱਕਿਆ ਸੀ। ਚੰਦੂ ਦੀ ਨੂੰਹ ਦਾ ਤਰਲੇ ਲੈਣ ਅਤੇ ਪ੍ਰਾਣਾਂਤ ਕਰਨਾ ਹਵੇਲੀ ਵਿਚ ਪ੍ਰਤੱਖ ਦਰਸ਼ੀ ਹੋ ਕੇ ਹੀ ਸੰਭਵ ਹੋਇਆ ਸੀ। ਇਤਿਹਾਸਕਾਰਾਂ ਨੇ ਇਹ ਵੀ ਲਿਖਿਆ ਹੈ ਕਿ ਰਾਵੀ ਦੇ ਬਰੇਤਿਆਂ ਤੇ ਗੁਰੂ ਜੀ ਨੂੰ ਰੋਲਿਆ ਗਿਆ, ਪੱਥਰ ਮਾਰੇ ਗਏ ਤੇ ਮਗਰੋਂ ਰਾਵੀ ਵਿਚ ਡੋਬ ਦਿੱਤਾ ਗਿਆ ?

ਸਾਵਨ ਸਮੀਰ

ਇਸ ਅੰਕ ਵਿਚ ਸ. ਗੁਰਬਚਨ ਸਿੰਘ ਨਾਮਧਾਰੀ ਜੀ ਦੀ ਲਿਖਤ "ਸਹੁ ਜਾਗੈ ਹਉਂ ਨਿਸ ਭਰ ਸੋਵਾਂ"—ਆਪਣੀ ਸੰਜਮ ਭਰੀ ਕਾਵਿਕ ਸ਼ੈਲੀ, ਸ਼ਬਦ ਵਿਨਿਆਸ ਤੇ ਵਿਚਾਰ ਲਹਿਰਾਂ ਨਾਲ ਰਾਤ ਦੀ ਰਾਣੀ ਦੀ ਫੁੱਲਾਂ ਦੀ ਮਹਿਕ ਦੇ ਗਈ। ਮਾਇਆ ਤੇ ਗੁਰਮਤਿ ਉਦਾਸੀ ਦੀ ਦੁਬਿਧਾ ਵਿਚ ਪਈ ਆਤਮਾ ਦੀ ਇਹ ਇਮਾਨਦਾਰ ਕੁਰਲਾਹਟ ਇਕ ਨਿਰਮਲ ਮਾਨਸਿਕ ਆਵਰਣ ਵਿਚ ਹੀ ਪੈਦਾ ਹੁੰਦੀ ਹੈ। ਇਹ ਵੱਖਰੀ ਗੱਲ ਹੈ ਕਿ ਮਨ ਦਾ ਉਲਾਰ ਮਾਇਕ (ਧਨ, ਪਰੀਵਾਰ, ਪ੍ਰਤਿਸ਼ਟਾ) ਵਿਸ਼ਿਆਂ ਵਿਚ ਹੁੰਦਾ ਹੈ ਤੇ ਮੁਰੀਦ ਮੁਰਸ਼ਿਦ ਕੋਲੋਂ ਵੀ ਸੰਸਾਰਿਕ ਸੁਵਿਧਾਵਾਂ ਦੀ ਮੰਗ ਮੰਗਦਾ ਹੈ ਤੇ ਵੈਰਾਗੀ ਮਨ ਦੇ ਰੱਤਜਗੇ ਸਵੇਰ ਦੇ ਰੌਲਿਆਂ ਵਿਚ ਗੁਆਚ ਜਾਂਦੇ ਹਨ। ਹਕੀਕਤ ਤੇ ਸੁਪਨਿਆਂ ਦੀ ਦੁਬਿਧਾ ਛੱਡ ਕੇ ਇਸ ਮਨੋਹਾਰੀ ਲੇਖ ਨੂੰ ਬਾਰ ਬਾਰ ਪੜ੍ਹਨ ਦਾ ਉਤਸ਼ਾਹ ਜਾਗਦਾ ਹੈ। ਸ. ਗੁਰਬਚਨ ਸਿੰਘ ਜੀ ਹਿੰਦੀ ਖੇਤਰ ਵਿਚ ਪੜ੍ਹੇ ਹਨ ਤੇ ਉਨ੍ਹਾਂ ਦੀਆਂ ਲਿਖਤਾਂ ਵਿਚ ਗੀਤਾ ਆਦਿਕ ਦੇ ਹਵਾਲੇ ਲਿਖਤ ਨੂੰ ਅਖਿੱਲ-ਭਾਰਤੀ ਦਿਖ ਦਿੰਦੇ ਹਨ ਤੇ ਸੋਚ ਸ਼ੈਲੀ

ਦੇ ਦਹਿਦਿਸਿਆਂ ਨਾਲ ਪਰਿਚਿਤ ਕਰਾਂਦੇ ਹਨ। ਸਤੀ ਮਦਾਲਸਾ ਵਰਗੀ ਪ੍ਰਬੁੱਧ ਮਾਤਾ ਰਾਜਾ ਗੋਪੀਚੰਦ ਦੀ ਵੀ ਹੋਈ ਹੈ ਜਿਸ ਨੇ ਰਾਜੇ ਪੁੱਤਰ ਤੂੰ ਗੁਰੂ ਗੋਰਖ ਦਾ ਕੰਨਪਾਟਾ ਸਾਧ ਬਣਾ ਦਿੱਤਾ। ਇਕ ਵਾਰੀ ਫੇਰ ਸਾਧੂ ਵਾਦ। ਹਵਾ ਦੇ ਰੁਖ, ਚਰਨ ਸੀਚੇਵਾਲਵੀ ਨੇ ਇਕ ਕਰੂਰ ਸੱਚ ਨੂੰ ਕਾਵਿ ਜਾਮੇ ਵਿਚ ਪੇਸ਼ ਕੀਤਾ ਹੈ। ਪੱਗਾਂ ਲਾਹੁੰਦੀ ਬੇਪੱਤ ਕਰਦੀ, ਚੰਦਰੀ ਸਿਆਸਤਦਾਨ ਹਵਾ, ਸੋਚ ਮੇਰੀ ਦਾ ਵਰਕਾ ਵਰਕਾ, ਕਰ ਗਈ ਲਹੂ-ਲੁਹਾਨ ਹਵਾ। ਸ਼ਾਇਦ ਅਜਿਹੀ ਗਰਦੋ ਗਾਰਦ ਹਵਾ ਦੇ ਮੱਦੇ ਨਜਰ ਹਜਰਤ ਸ਼ੇਖ ਫਰੀਦ ਜੀ ਲਿਖਿਆ ਹੈ— ਫਰੀਦਾ ਮੈਂ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ॥ ਗਹਿਲਾ ਰੂਹ ਨ ਜਾਣਈ ਸਿਰੁ ਭੀ ਮਿਟੀ ਖਾਇ॥੨੬॥

ਵਿਰਾਮ ਤੋਂ ਪਹਿਲਾਂ "ਨੀਲਧਾਰੀ ਜੀ ਦਾ ਲੇਖ ਪੁਜਾ ਹੋਇਆ ਹੈ ਛੱਪਦਾ ਛੱਪਦਾ ਰਹਿ ਗਿਆ ਹੈ—"

ਸੰਪਾਦਕੀ ਪਹੁੰਚ ਪਾਵਣੀ ਲਈ ਹਾਰਦਿਕ ਧੰਨਵਾਦ?

ਕਰਤਾਰ ਸਿੰਘ ਨੀਲਧਾਰੀ
ਚੰਡੀਗੜ੍ਹ

...ਮਾਸਕ ਵਰਿਆਮ ਲਗਾਤਾਰ ਮਿਲ ਰਿਹਾ ਹੈ। ਵਰਿਆਮ ਵਿਚ ਲਿਖੇ ਸਾਰੇ ਲੇਖ, ਕਵਿਤਾਵਾਂ, ਗੀਤ, ਗ਼ਜ਼ਲਾਂ ਤੇ ਸੰਪਾਦਕੀ ਥਲੇ ਲਿਖਿਆ ਮਜ਼ਮੂਨ ਇਹ ਸਭ ਕੁਝ ਬੜਾ ਉਚ ਪਾਏ ਦਾ ਤੇ ਉੱਚੇ ਮਿਆਰ ਦਾ ਮੈਟਰ ਹੁੰਦਾ ਹੈ ਜਿਸ ਨੂੰ ਪੜ੍ਹ ਕੇ ਆਨੰਦ ਆ ਜਾਂਦਾ ਹੈ। ਦਾਸ ਇਹੋ ਅਰਦਾਸ ਕਰਦਾ ਹੈ ਸ੍ਰੀ ਸਤਿਗੁਰੂ ਜੀ ਦੇ ਚਰਨਾ ਵਿਚ ਕਿ ਵਰਿਆਮ ਨੂੰ ਸਦਾ ਚੜ੍ਹਦੀਆਂ ਕਲਾਂ ਵਿਚ ਰਖਨ ਤੇ ਵਰਿਆਮ ਹਰ ਤਰ੍ਹਾਂ ਦਾ ਲਿਖਤੀ ਮੈਟਰ ਗੁੱਡ ਕੁਆਲੇਟੀ ਦਾ ਛਾਪਦਾ ਰਹੇ ਜੋ ਪਾਠਕਾਂ ਦੇ ਜੀਵਨ ਨੂੰ ਹਨੇਰਿਆਂ ਵਿਚੋਂ ਕੱਢ ਕੇ ਚਾਨਣ ਵਲ ਤੇ ਢਹਿਦੀਆਂ ਕਲਾਂ 'ਚੋਂ ਕਢ ਕੇ ਚੜ੍ਹਦੀਆਂ ਕਲਾਂ ਵਲ ਲੈ ਜਾਵੇ। ਇਸ ਸਾਲ ੨੦੦੬ ਦੇ ਹੋਲੇ ਤੇ ਨਹੀਂ ਆ ਸਕੇ, ਕਾਰਣ ਕੁਝ ਜ਼ਰੂਰੀ ਪਰਿਵਾਰਕ ਜੁਮੇਵਾਰੀਆਂ ਪੂਰਾ ਕਰਨਾ। ਸੱਚੇ ਪਤਾਸ਼ਾਹ ਜੀ ਦੀ ਬੱਖਸ਼ਸ਼ ਸਦਕਾ ਸਾਰੇ ਕਾਰਜ ਸਹੀ ਸਲਾਮਤ ਠੀਕ ਹੋ ਗਏ ਹਨ। ੨੦੦੭ ਦੇ ਹੋਲੇ ਤੇ ਸੱਚੇ ਪਾਤਸ਼ਾਹ ਜੀ ਦੇ ਪਾਵਨ ਦਰਸ਼ਨ ਤੇ ਸੰਗਤਾਂ ਦੇ ਦਰਸ਼ਨ ਕਰਨ ਲਈ ਪੰਜਾਬ ਜਨਵਰੀ/ਫਰਵਰੀ ੨੦੦੭ ਆਉਨ ਦਾ ਪ੍ਰੋਗਰਾਮ ਬਨਾਇਆ ਹੈ ਮਨ ਵਿਚ। ਸਤਿਗੁਰੂ ਜੀ ਕਿਰਪਾ ਕਰਨ ਤੇ ਆਉਨ ਵਾਲੇ ਸਾਲ ਦਾ ਸਾਰਾ ਪ੍ਰੋਗਰਾਮ ਸਫ਼ਲਤਾ ਪੂਰਵਕ ਸਿਰੇ ਚੜ੍ਹੇ। ੨੦੦੭ ਦੇ ਟੂਰ ਤੇ ਪੰਜਾਬ ਫੇਰੀ ਤੇ ਵਰਿਆਮ ਦਾ ਚੰਦਾ ਬਮੈ ਸੂਦਾ ਅਦਾ ਕਰ ਦਿਤਾ ਜਾਵੇਗਾ। ਉਤਨੀ ਦੇਰ 'ਵਰਿਆਮ' ਬਾਕਾਇਦਾ ਵਕਤ ਸਿਰ ਭੇਜਣ ਲਈ ਅਗਾਊਂ ਧੰਨਵਾਦ।

ਸ਼ਰਧਾਂਜਲੀ : ਸਵ: ਸੰਤ ਦਲੀਪ ਸਿੰਘ ਨਾਮਧਾਰੀ

ਜੂਨ ਮਹੀਨੇ ਵਰਿਆਮ ਵਿਚ ਸੰਤ ਦਲੀਪ ਸਿੰਘ ਨਾਮਧਾਰੀ ਦੇ ੩੦ ਅਪ੍ਰੈਲ ੨੦੦੬ ਨੂੰ ਸੁਰਗਵਾਸ ਹੋਣ ਬਾਰੇ ਪੜ੍ਹ ਕੇ ਮਨ ਨੂੰ ਬੜਾ ਸਦਮਾ ਤੇ ਦੁੱਖ ਲਗਾ। ੨੦੦੫ ਦੇ ਹੋਲੇ ਤੇ ਸਵ. ਸੰਤ ਦਲੀਪ ਸਿੰਘ ਨਾਲ ਮੈਂ ਉਨ੍ਹਾਂ ਦੀ ਜੀਵਨ ਸਾਥਣ ਦੇ ਸਦੀਵੀ ਵਿਛੋੜੇ ਬਾਰੇ ਅਫਸੋਸ ਕੀਤਾ ਤੇ ਉਸ ਵੇਲੇ ਚੰਦ ਮਿੰਟਾਂ ਦੇ ਬਚਨ ਵਿਚ ਮੈਂ ਜੋ ਅਨੁਭਵ ਕੀਤਾ ਉਹ ਇਹ ਸੀ ਕਿ ਸੰਤ ਦਲੀਪ ਸਿੰਘ ਜੀ 'ਹੁਕਮ ਰਜਾਈ ਚਲਣਾ' ਦੀ ਤੁਕ ਮੁਤਾਬਕ ਸਤਿਗੁਰ ਦੀ ਰਜ਼ਾ ਵਿਚ ਰਹਿਨ ਵਾਲੇ ਪੁਰਸ਼ ਸਨ। ਉਨਾ ਨਾਲ ਜਦੋਂ ਵੀ ਮੇਲੇ ਮਸਾਦੇ ਤੇ ਮਿਲਣੀ ਹੋਈ ਉਹ ਬੜੀ ਸੁਖਦਾਇਕ ਤੇ ਲਾਭਵਾਲੀ ਹੋਈ। ਮੈਂ ਸਮਝਦਾ ਹਾਂ ਕਿ ਸੰਤ ਦਲੀਪ ਸਿੰਘ ਜੀ ਨੇ ਆਪਨੇ ਜੀਵਨ ਦਾ ਲਕਸ਼ ਯਾਂ ਏਮ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਪ੍ਰਤੀ ਸ਼ਰਧਾ, ਸਿਦਕ ਤੇ ਭਰੋਸਾ ਤੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਨੂੰ ਬਿਨਾ ਕਿੰਤੂ ਪ੍ਰੰਤੂ ਸਿਰ ਮੱਥੇ ਮਨਣਾ ਤੇ ਨਾਮਧਾਰੀ ਪੰਥ ਨੂੰ ਚੜਦੀ ਕਲਾ ਵਿਚ ਦੇਖਨਾ ਸੀ। ਉਨ੍ਹਾਂ ਵਿਚ ਬਹੁ ਪੱਖੀ ਗੁਣ ਸਨ। ਸਟੇਜ ਦੀ ਡਿਊਟੀ ਨੂੰ ਨਿਭਾਉਣ ਵਿਚ ਚਾਹੇ ਕਵੀ ਦਰਬਾਰ ਦੀ ਡਿਊਟੀ ਹੋਵੇ ਜਾਂ ਆਮ, ਚੰਗੀ ਯੋਗਤਾ ਰਖਦੇ ਸਨ। ਬੜੇ ਮਿਲਾਪੜੇ ਤੇ ਚੰਗੇ ਸਲੀਕੇ ਵਾਲੇ ਸਨ। ਉਹ ਓਪਰੇ ਨੂੰ ਵੀ ਉਸ ਨਾਲ ਆਦਰ ਸਤਿਕਾਰ ਕਰਕੇ ਚੰਗੇ ਗਲਬਾਤ ਦੇ ਲਹਿਜੇ ਨਾਲ ਆਪਣਾ ਬਣਾ ਲੈਂਦੇ ਸੀ। ਉਨ੍ਹਾਂ ਦਾ ਇਹ ਵੀ ਮਿਸ਼ਨ ਸੀ ਜਾਂ ਸ਼ੌਕ ਕਹਿ ਲਓ ਕਿ ਨਾਮਧਾਰੀ ਪੰਥ ਦੇ ਇਤਿਹਾਸ ਬਾਰੇ, ਇਸ ਦੇ ਪਿਛੋਕੜ ਬਾਰੇ ਵਧ ਤੋਂ ਵਧ ਲੋਕਾਂ ਨੂੰ ਜਾਣਕਾਰੀ ਦਿਤੀ ਜਾਵੇ। ਜਿਸ ਵਾਸਤੇ ਉਹ ਨੈਸ਼ਨਲ ਅਖਬਾਰਾਂ ਵਿਚ ਸਮੇਂ-ਸਮੇਂ ਜਿਸ ਤਰ੍ਹਾਂ ਜਨਵਰੀ ਵਿਚ ਮਲੇਰ ਕੋਟਲੇ ਨਾਮਧਾਰੀ ਸ਼ਹੀਦਾਂ ਬਾਰੇ ਤਸਵੀਰਾਂ ਰਾਹੀਂ ਲੇਖ ਛਪਵਾ ਕੇ ਆਮ ਜੰਤਾ (ਪਾਠਕਾਂ) ਨੂੰ ਜਨਕਾਰੀ ਦੇਂਦੇ। ਸਾਲ ੨੦੦੩ ਜਾਂ ੨੦੦੪ ਦੇ ਹੋਲੇ ਸਮੇਂ ਦਾਸ ਨੂੰ ਸੰਤ ਦਲੀਪ ਸਿੰਘ ਜੀ ਨੇ ਇਕ ਦਰਜਨ ਪੈਂਫਲੇਟ (੪੦ਸਫੇ ਦਾ) ਫਰੀ ਦਿਤੇ। ਇਹ ਬੁਕਲੈਟ ੪੦ ਸਫੇ ਦੀ 'ਨਾਮਧਾਰੀ-ਸੰਤ ਖਾਲਸਾ' ਇਤਿਹਾਸਕ ਤੱਥਾਂ ਦੇ ਆਧਾਰ ਤੇ ਲੇਖਕ ਦਲੀਪ ਸਿੰਘ ਨਾਮਧਾਰੀ, ਮੈਂ ਇੰਗਲੈਂਡ ਆ ਕੇ ਆਪਣੇ ਦੋਸਤਾਂ ਮਿਤਰਾਂ ਨੂੰ ਜੋ ਬਹੁਤ ਗੈਰ ਨਾਮਧਾਰੀ ਹਨ ਪੜ੍ਹਣ ਨੂੰ ਦਿਤੇ। ਉਸੇ ਸਾਲ ਇਕ ਪੁਸਤਕ ਗਾਥਾ-ਸੁਤੰਤਰਤਾ ਸੰਗਰਾਮ ਦੀ' ਦਲੀਪ ਸਿੰਘ ਨਾਮਧਾਰੀ ਮੈਨੂੰ ਭੇਟ ਕੀਤੀ ਜੋ ਮੇਰੀ ਪਰਸਨਲ ਲਾਏਬ੍ਰੇਰੀ ਦੀ ਸ਼ੋਭਾ ਵਧਾ ਰਹੀ ਹੈ। ਇਸ ਪੁਸਤਕ ਦੇ ਮੁੱਖ ਪੰਨੇ ਤੇ ਤਸਵੀਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚੀਨੀ ਘੋੜੀ ਤੇ ਸਵਾਰ ਕਿਨੀ

ਪਿਆਰੀ ਤੇ ਮਨਮੋਹਨੀ ਲਗਦੀ ਹੈ। ਪਿਛਲੇ ਪੰਨੇ ਤੇ ਸੰਤ ਦਲੀਪ ਸਿੰਘ ਦੀ ਫੋਟੋ ਹੈ। ਇਸ ਬੁੱਕ ਦੀ ਜਿਲਦ, ਬਾਈਡਿੰਗ ਕਿਨੀ ਵਧੀਆ ਹੈ, ਤੇ ਕੀਮਤ ਸਿਰਫ ੫੦ ਰੁਪੈ ਕਿਨੀ ਸਸੱਤੀ। ਇਹ ਉਨਾ ਦੀ ਯਾਦਗਾਰ ਮੇਰੇ ਪਾਸ ਹਮੇਸ਼ਾ ਲਈ ਰਹੇਗੀ।

ਸੰਤ ਦਲੀਪ ਸਿੰਘ ਜੀ ਜਦੋਂ ਵੀ ਮਿਲਦੇ ਸਦਾ ਚੁਸਤ ਤੇ ਫੁਰਤੀਲੇ ਸਰੀਰ ਵਾਲੇ ਨਜ਼ਰ ਆਉਂਦੇ। ਆਲਸ ਸੁਸਤੀ ਉਨਾਂ ਦੇ ਨੇੜੇ ਤਕ ਨਹੀਂ ਸੀ ਆਉਂਦੀ। ਪਤਾ ਨਹੀਂ ਇਸ ਨਾਮੁਰਾਦ ਬੀਮਾਰੀ ਕੈਂਸਰ ਨੇ ਸੰਤ ਜੀ ਦੇ ਫੁਰਤੀਲੇ ਸਰੀਰ ਨੂੰ ਕਿਵੇਂ ਆਪਣੀ ਲਪੇਟ ਵਿਚ ਲੈ ਲਿਆ। ਪਿਛਲੇ ਥੋਹੜੇ ਜਹੇ ਸਮੇਂ ਵਿਚ ਇਸ ਇਕਵੀਂ ਸਦੀ ਦੇ ਪਹਿਲੇ ੫-੬ ਸਾਲਾਂ ਵਿਚ ਨਾਮਧਾਰੀ ਪੰਥ ਦੇ ਕਿਨੇ ਅਣਮੋਲ ਰਤਨ, ਪੰਥ ਤੋਂ ਸਦਾ ਲਈ ਵਿਛੜ ਗਏ ਹਨ। ਕਿਨੇ ਸਿਰਮੌਰ ਜਥੇਦਾਰ, ਪਰਚਾਰਕ, ਕਵੀ, ਲੇਖਕ ਤੇ ਸੰਤ ਪੰਥ ਨੂੰ ਸਦੀਵੀ ਵਿਛੋੜਾ ਦੇ ਗਏ ਹਨ ਤੇ ਸਤਿਗੁਰਾਂ ਦੇ ਚਰਨਾਂ ਵਿਚ ਜਾ ਬਿਰਾਜੇ ਹਨ। ਹੁਨ ਸੰਤ ਦਲੀਪ ਸਿੰਘ ਜੀ ਦੇ ਸਦੀਵੀ ਵਿਛੋੜੇ ਨਾਲ ਨਾਮਧਾਰੀ ਪੰਥ ਨੂੰ ਲੰਮੇ ਸਮੇਂ ਤਕ ਘਾਟ ਮਹਿਸੂਸ ਹੁੰਦੀ ਰਹੇਗੀ। ਮਰਨਾ ਸੱਚ ਤੇ ਜਿਊਨਾ ਝੂਠ' ਇਹ ਜਗ ਤਾਂ ਚਲੋ ਚਲੀ ਦਾ ਮੇਲਾ ਹੈ। ਅਕਾਲ ਪੁਰਖ ਦੇ ਭਾਣੇ ਨੂੰ ਮਿਠਾ ਕਰਕੇ ਮੰਨਣ ਵਿਚ ਹੀ ਸੁਖ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਗਰੀਬ ਨਿਵਾਜ਼, ਸੰਤ ਦਲੀਪ ਸਿੰਘ ਜੀ ਦੀ ਵਿਛੁੜੀ ਜੀਵ-ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ। ਨਵਤੇਜ ਸਿੰਘ ਤੇ ਕੁਲਵੰਤ ਸਿੰਘ ਨੂੰ ਆਪਣੇ ਪਿਤਾ ਦੇ ਸਦੀਵੀ ਵਿਛੋੜੇ ਨੂੰ ਸਹਿਨ ਦਾ ਬਲ ਬਖਸ਼ਨ ਤੇ ਸਾਰੇ ਪਰਿਵਾਰ ਨੂੰ ਭਾਣਾ ਮਨੱਣ ਦਾ ਬੱਲ ਬਖਸ਼ਣ।

ਬਚਿਤਰ ਸਿੰਘ ਬਸਰਾ
ਲੈਸਟਰ, ਯੂ.ਕੇ.

ਤੁਹਾਡਾ ਪਰਚਾ ਲਗਾਤਾਰ ਮਿਲ ਰਿਹਾ ਹੈ। ਹੋਰ ਸਮੱਗਰੀ ਦੇ ਨਾਲ-ਨਾਲ ਮੈਨੂੰ ਸੁਵਰਨ ਸਿੰਘ ਵਿਰਕ, ਮਾਸਟਰ ਅਮਰੀਕ ਸਿੰਘ ਅਤੇ ਸਾਧੂ ਸਿੰਘ ਕਿਸਾਨ ਹੁਰਾਂ ਰਾਹੀਂ, ਜੀਵਨ ਨਗਰ ਇਲਾਕੇ ਦੇ– ਜਾਂ ਇਸ ਤਰ੍ਹਾਂ ਕਹਿ ਲਵਾਂ ਆਪਣੀ ਜੰਮਣ ਭੋਂ ਦੇ ਚੌਗਿਰਦੇ ਦੇ ਦਰਸ਼ਨ-ਦੀਦਾਰੇ ਹੁੰਦੇ ਰਹਿੰਦੇ ਹਨ। ਚੰਗਾ ਲਗਦੈ। ਵਰਿਆਮ ਸਿੰਘ ਸੰਧੂ ਹੁਰਾਂ ਨੂੰ ਕਹਿਣਾ ਕਿ ਲਿਖਤ ਦੀ ਗ਼ੈਰ-ਹਾਜ਼ਰੀ ਵਰਿਆਮ ਵਿਚ ਜ਼ਿਆਦਾ ਲੰਮੀ ਨਾ ਲਵਾਇਆ ਕਰੋ, ਇਹ ਪਾਠਕਾਂ ਨਾਲ ਨਿਆਂ ਨਹੀਂ।

—ਹਰਦੇਵ ਵਿਰਕ
ਐਡਮੰਟਨ, ਕੈਨੇਡਾ

ਵਰਿਆਮ ਨੂੰ ਸਹਿਯੋਗ

– ਸ. ਦਲਬੀਰ ਸਿੰਘ ਤਰਸ ਅਸਟਰੇਲੀਆ ਵੱਲੋਂ	੨੦੦੦-੦੦
– ਸੰਤ ਰਵਿੰਦਰ ਸਿੰਘ ਚਚਰਾੜੀ ਵਾਲੇ ਲੁਧਿਆਣਾ ਬੀਬੀ ਨਛੱਤਰ ਕੌਰ ਦੀ ਯਾਦ ਵਿਚ	੫੦੦-੦੦
– ਪ੍ਰੋ ਜਗੀਰ ਸਿੰਘ ਕਾਹਲੋਂ ਜਲੰਧਰ ਸਵ: ਮਾਤਾ ਪ੍ਰਕਾਸ਼ ਕੌਰ ਕਾਹਲੋਂ ਜੀ ਦੀ ਅੰਤ ਅਰਦਾਸ ਸਮੇਂ	੫੦੦-੦੦
– ਸ. ਧਰਮ ਸਿੰਘ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਲੁਧਿਆਣਾ, ਵਰਿਆਮ ਦੀ ਚੜ੍ਹਦੀ ਕਲਾ ਲਈ	੫੦੦-੦੦
– ਸ. ਗੁਰਦੀਪ ਸਿੰਘ ਕਾਨੂੰਗੋ ਪਿੰਡ ਮਹਿਲੀ, ਹਵਨ ਤੇ ਵਰਨੀ ਸਮੇਂ	੨੫੦-੦੦
– ਸ. ਬਚਨ ਸਿੰਘ ਟਿੰਬਰ ਮਰਚੈਂਟਸ ਅਕਿਹਰੀ ਪੁਲੀ ਜਲੰਧਰ ਆਸਾ ਦੀ ਵਾਰ ਦੇ ਕੀਰਤਨ ਅਤੇ ਲੰਗਰ ਸਮੇਂ .	੧੫੦-੦੦
– ਸ. ਗੁਰਨਾਮ ਸਿੰਘ ਸਪੁੱਤਰ ਸੰਤ ਇੰਦਰ ਸਿੰਘ ਪ੍ਰੀਤ ਨਗਰ, ਜਲੰਧਰ ਘਰ ਅਖੰਡ ਪਾਠ ਅਤੇ ਧਾਰਮਕ ਸਮਾਗਮ ਸਮੇਂ	੧੫੦-੦੦

ਸ. ਗੁਰਦੀਪ ਸਿੰਘ ਕਾਨੂੰਗੋ ਦੇ ਗ੍ਰਹਿ ਵਿਖੇ ਸਮਾਗਮ

ਸੰਤ ਗੁਰਦੀਪ ਸਿੰਘ ਕਾਨੂੰਗੋ ਨੇ ਆਪਣੇ ਗ੍ਰਹਿ ਪਿੰਡ-ਮੇਹਲੀ (ਨੇੜੇ) ਫਗਵਾੜਾ ਵਿਖੇ ਸਾਧ ਸੰਗਤ ਨੂੰ ਸੱਦ ਕੇ ਗੁਰ ਮਰਯਾਦਾ ਅਨੁਸਾਰ ਹਵਨ ਅਤੇ ਚੌਪਈ ਦੀ ਵਰਨੀ ਕਰਵਾਈ। ਇਸ ਸਮੇਂ ਸੂਬਾ ਸੁਰਜੀਤ ਸਿੰਘ ਅਤੇ ਸੂਬਾ ਜਸਵੀਰ ਸਿੰਘ ਜੀ ਵਿਸ਼ੇਸ਼ ਤੌਰ ਤੇ ਪਹੁੰਚੇ।

Our Motto : Best Quality of the Day

High Class Gun Manufacturers

Single & Double Barrels



12-BORE GUNS

Free India Gun Manufacturers

Prop. S. KARTAR SINGH (Jammu-Wale)

6, Industrial Estate, Ashok Nagar,
Jammu Cantt-3
Ph. : 433810

Sister Concern :

M/s Kartar Singh
ARMS & AMMUNITION DEALERS



੧੮ ਅਪ੍ਰੈਲ ੨੦੦੬ ਨੂੰ ਮਾਨਸਾ ਵਿਖੇ ਕਾਮਰੇਡ ਜੰਗੀਰ ਸਿੰਘ ਜੋਗਾ ਚੈਰੀਟੇਬਲ ਸੁਸਾਇਟੀ ਵੱਲੋਂ ਪ੍ਰੋ. ਅਜਮੇਰ ਸਿੰਘ ਔਲਖ ਨੂੰ "ਪੇਂਡੂ ਰੰਗ ਮੰਚ ਦਾ ਸ਼ਾਹ ਸਵਾਰ" ਸਨਮਾਨ ਪ੍ਰਦਾਨ ਕੀਤਾ ਗਿਆ। ਤਸਵੀਰ ਵਿਚ ਪ੍ਰੋ. ਔਲਖ ਨੂੰ ਸਨਮਾਨ ਦਿੰਦੇ ਹੋਏ ਸ. ਰਾਜਿੰਦਰ ਸਿੰਘ ਆਈ. ਜੀ ਫਰੀਦਕੋਟ ਰੇਂਜ, ਸ੍ਰੀਮਤੀ ਔਲਖ, ਡਾ. ਹਰਮੰਦਰਜੀਤ ਕੌਰ, ਡਾ. ਗੁਰਦਰਸ਼ਨ ਸਿੰਘ ਅਤੇ ਹੋਰ ਮੁਖੀ ਸਜਨ ਦਿਖਾਈ ਦੇ ਰਹੇ ਹਨ।



ਪੰਥ ਰਤਨ ਮਾਸਟਰ ਨਿਹਾਲ ਸਿੰਘ ਦੀ ਯਾਦ ਵਿਚ ਸਥਾਪਤ ਸਨਮਾਨ ਇਸ ਵਾਰ ਸੰਤ ਸਤਨਾਮ ਸਿੰਘ ਜੀ ਦਿੱਲੀ ਨੂੰ ਪ੍ਰਦਾਨ ਕਰਦੇ ਹੋਏ ਸੂਬਾ ਸੁਖਦੇਵ ਸਿੰਘ ਜੀ। ਉਹਨਾਂ ਨਾਲ ਮਾਸਟਰ ਨਿਹਾਲ ਸਿੰਘ ਜੀ ਦੇ ਸਪੁੱਤਰ ਸ. ਮਨਮੋਹਨ ਸਿੰਘ ਅਤੇ ਸ. ਚਰੰਜੀਤ ਸਿੰਘ ਵੀ ਦਿਖਾਈ ਦੇ ਰਹੇ ਹਨ।



ਸੰਤ ਸਤਨਾਮ ਸਿੰਘ ਨੂੰ ਪੰਥ ਰਤਨ ਮਾਸਟਰ ਨਿਹਾਲ ਸਿੰਘ ਸਨਮਾਨ ਮਿਲਣ ਉਪਰੰਤ ਸ਼ਹੀਦ ਬਿਸ਼ਨ ਸਿੰਘ ਸਕੂਲ ਮਾਨਸਰੋਵਰ ਗਾਰਡਨ ਨਹੀਂ ਦਿੱਲੀ ਵਿਚ ਵੀ ਅਭਿਨੰਦਨ ਕੀਤਾ ਗਿਆ। ਤਸਵੀਰ ਵਿਚ ਸਕੂਲ ਪਰਬੰਧਕ ਕਮੇਟੀ ਦੇ ਚੇਅਰਮੈਨ ਸ. ਹਰਵਿੰਦਰ ਸਿੰਘ ਹੰਸਪਾਲ, ਪ੍ਰਿੰਸੀਪਲ ਐਸ. ਬੀ. ਸਿੰਘ ਅਤੇ ਵਾਈਸ ਪ੍ਰਿੰਸੀਪਲ ਸਤਵੰਤ ਕੌਰ ਅਤੇ ਹੋਰ ਸਟਾਫ ਮੈਂਬਰ ਦਿਖਾਈ ਦੇ ਰਹੇ ਹਨ। ਸੰਤ ਸਤਨਾਮ ਸਿੰਘ ਇਸੇ ਸਕੂਲ ਵਿਚ ਧਾਰਮਕ ਅਧਿਆਪਕ ਹਨ।

Registered No. PB 0016 (2006-2008) MONTHLY WARIAM Ladowali Road, Jalandhar - 144 001
Regd. RNI No. 26453/75
July-2006



ਅੰਤਰਾਸ਼ਟਰੀ ਹਾਕੀ ਖਿਲਾੜੀ ਹਰਪਾਲ ਸਿੰਘ ਨਾਮਧਾਰੀ ਨੂੰ ੧੫ ਜੂਨ ੨੦੦੬ ਨੂੰ ਗੁਰੂ ਅਰਜਨ ਦੇਵ ਸ਼ਹੀਦੀ ਸ਼ਤਾਬਦੀ (ਚੌਥੀ) ਦੇ ਸੰਬੰਧ ਵਿਚ ਖਾਲਸਾ ਸਪੋਰਟਸ ਮੁਕਾਬਲਿਆਂ ਸਮੇਂ ਅੰਮ੍ਰਿਤਸਰ ਵਿਚ ਸਨਮਾਨਤ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਲੀਡਰ ਸ. ਸੁਖਦੇਵ ਸਿੰਘ ਢੀਂਡਸਾ (ਪੀ.ਟੀ. ਆਈ ਫੋਟੋ ਹਿੰਦੁਸਤਾਨ ਟਾਈਮਜ਼ ਚੰਡੀਗੜ੍ਹ ੧੬ ਜੂਨ ੨੦੦੬ ਦੇ ਧੰਨਵਾਦ ਸਹਿਤ)





ਸਵ: ਮਾਤਾ ਨਛੱਤਰ ਕੌਰ ਸੁਪਤਨੀ ਸ. ਰਵਿੰਦਰ ਸਿੰਘ ਨਾਮਧਾਰੀ ਚਚਰਾੜੀ ਲੁਧਿਆਣਾ ਵਾਲਿਆਂ ਨਮਿਤ ੨੮ ਮਈ ੨੦੦੬ ਨੂੰ ਲੁਧਿਆਣਾ ਵਿਖੇ ਭੋਗ ਪਾਇਆ ਗਿਆ। ਇਸ ਸਮੇਂ ਜਥੇਦਾਰ ਸੇਵਾ ਸਿੰਘ ਦਿੱਲੀ ਵਾਲੇ ਕੀਰਤਨ ਵਖਿਆਨ ਕਰਦੇ ਹੋਏ। ਸੱਜੇ ਬੀਬੀ ਨਛੱਤਰ ਕੌਰ ਦੀ ਤਸਵੀਰ।

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਵਰਿਆਮ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ
ਫੋਨ : 0181-2222543, ਨਿਵਾਸ :- 0181-2456289